For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapSarokaran Di Awazmg@gmail.com
Website: www.ppapmg.com

Voice of Social Concerns

ਰਜਿਸਟ੍ਰੇਸ਼ਨ ਨੰਬਰ 210836300

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ
ਸਾਲ-4, ਅੰਕ-4, 16 ਅਪ੍ਰੈਲ-15 ਮਈ 2014

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com

ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



ਇਤਿਹਾਸ ਜਦੋਂ ਕਰਵਟ ਲੈਂਦਾ ਹੈ ਕਈ ਵਾਰੀ ਜੌਨ ਰੀਡ ਦੇ ਨਾਵਲ ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ ਵਾਂਗ ਜਾਪਣ ਲੱਗ ਜਾਂਦਾ ਹੈ। ਇਹ ਕਰਵਟ ਕਿਸੇ ਵੀ ਦਿਸ਼ਾ ਵੱਲ ਹੋ ਸਕਦੀ ਹੈ। ਇਸ ਦੇ ਨਤੀਜੇ ਕੋਈ ਵੀ ਹੋ ਸਕਦੇ ਹਨ। ਕਈਆਂ ਲਈ ਇਹ ਹਾਂਪੱਖੀ ਹੋ ਸਕਦੀ ਹੈ ਅਤੇ ਕਈਆਂ ਲਈ ਨਾਂਪੱਖੀ ਪਰ ਹਰੇਕ ਸਥਿਤੀ ਜਦੋਂ ਕੋਈ ਮੋੜਾ ਕੱਟਦੀ ਹੈ ਉਹ ਕਿਸੇ ਨਾ ਕਿਸੇ ਰੂਪ 'ਚ ਧਰਤੀ ਅੰਦਰ ਚਲ ਰਹੇ ਅੰਡਰ ਕਰੰਟਸ ਨੂੰ ਜ਼ਰੂਰ ਹੀ ਪ੍ਰਤੀਬਿੰਬਤ ਕਰ ਰਹੀ ਹੈ। ਭਾਰਤ ਦੀ ਹੋਣੀ ਜਾਂ ਨਾ ਹੋਣੀ ਲੋਕ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਜੋ ਮਰਜ਼ੀ ਹੋਵੇ ਪਰ ਇਕ ਗੱਲ ਜ਼ਰੂਰ ਹੈ ਕਿ ਇਸ ਬਹੁਭਾਸ਼ਾਈ, ਬਹੁਦਿਸ਼ਾਵੀ, ਬਹੁਸੰਕਟੀ, ਬਹੁਸੱਭਿਆਈ ਮੁਲਕ ਦੇ ਅੰਦਰ ਇਸ ਕਿਸਮ ਦੇ ਹਾਲਾਤ ਹਨ ਕਿ ਉਹ ਇਕ ਵੱਡੀ ਤਬਦੀਲੀ ਦੀ ਮੰਗ ਤਾਂ ਕਰਦੇ ਹੀ ਹਨ ਪਰ ਨਾ ਹੀ ਵੱਡੇ ਸਵਾਲਾਂ ਨੂੰ ਵੀ ਖੜ੍ਹੇ ਕਰਦੇ ਹਨ ਕਿ ਇਸ ਥੋੜ੍ਹੇ ਜਿਹੇ ਸਮੇਂ ਦੇ ਅੰਦਰ ਜੇ ਐਨੀ ਵੱਡੀ ਉਥਲ ਪੁਥਲ ਵੱਧ ਰਹੀ ਹੈ ਤਾਂ ਜ਼ਰੂਰ ਹੀ ਇਸ ਨੂੰ ਸਮਝਣ, ਬਦਲਣ ਤੇ ਇਕ ਸਹੀ ਦਿਸ਼ਾ ਵੱਲ ਵਿਕਸਿਤ ਕਰਨ ਦੀ ਜ਼ਰੂਰਤ ਹੈ। ਕਈ ਕਿਸਮ ਦੇ ਵਿਚਾਰ ਟਕਰਾਵੇਂ ਆ ਸਕਦੇ ਹਨ। ਸੋਚਾਂ 'ਚ ਆਪਸੀ ਵਿਰੋਧਾਭਾਸ ਉਤਪੰਨ ਹੋ ਸਕਦੇ ਹਨ ਪਰ ਇਨ੍ਹਾਂ ਸਾਹ ਕਾਲੇ ਸਮਿਆਂ 'ਚ ਕੋਈ ਨਾ ਕੋਈ ਚਾਨਣ ਦੀ ਗੱਲ ਕਰਨ ਵਾਲਾ ਅਤੇ ਚਾਨਣ ਦੀ ਦਿਸ਼ਾ ਦਿਖਾਉਣ ਵਾਲਾ ਹਕੀਕਤ ਦੇ ਆਧਾਰਤ ਸੁਪਨਮਈ ਸੰਸਾਰ ਵੀ ਉਸਰਨਾ ਚਾਹੀਦਾ ਹੈ। ਇਹ ਉਸਾਰੀ ਕੌਣ ਕਰੇਗਾ ਕਿਸ ਦੀ ਦਿਸ਼ਾ ਵਿਚ ਸ਼ਾਨਦਾਰ ਸੋਚ ਹੈ, ਕਿਸ ਦੀ ਦਿਸ਼ਾ ਵਿਚ ਸ਼ਾਨਦਾਰ ਕਦਮ ਹਨ, ਕਿਸ ਦੀ ਦਿਸ਼ਾ ਵੱਲ ਇਕ ਦੂਰ ਤੱਕ ਦਾ ਫਾਸਲਾ ਤੈਅ ਕਰਨ ਦੀ ਪ੍ਰਤੀਬੱਧਤਾ ਹੈ ਪਰ ਸਵਾਲ ਦਰ ਸਵਾਲ ਜਵਾਬ ਤਲਾਸ਼ਣ ਦੀ ਕੋਸ਼ਿਸ਼ ਤੁਹਾਡੇ ਸਨਮੁਖ ਸਰੋਕਾਰ ਖੜ੍ਹੇ ਕਰਕੇ ਸਰੋਕਾਰਾਂ ਦੀ ਆਵਾਜ਼ ਬਣਨਾ ਚਾਹੁੰਦਾ ਹੈ। ਇਹ ਫੈਸਲਾ ਤੁਸੀਂ ਵਿਚਾਰਾਂ ਦੀਆਂ ਵੱਖ-ਵੱਖ ਵੰਨਗੀਆਂ ਅਤੇ ਉਨ੍ਹਾਂ ਦੇ ਟਕਰਾਵੇਂ ਰਸਤਿਆਂ ਵਿਚੋਂ ਤਲਾਸ਼ਣ ਦੀ ਕੋਸ਼ਿਸ਼ ਕਰੋਗੇ ਕਿਉਂਕਿ ਤੁਸੀਂ ਉਹ ਪਾਠਕ ਹੋ ਜਿਹੜੇ ਇਸ ਪ੍ਰਕਿਰਿਆ 'ਚ ਸ਼ਾਮਲ ਹੋਣਾ ਚਾਹੁੰਦੇ ਹੋ, ਤੁਹਾਡੇ ਅੰਦਰ ਬੌਧਿਕ ਸਮਰਥਾ ਹੈ ਜਿਹੜੀ ਨਵੀਂ ਕਰਵਟ ਨੂੰ ਸਮਝਦੀ ਹੈ ਅਤੇ ਉਸ ਨੂੰ ਸਹੀ ਦਿਸ਼ਾ ਵਿਚ ਚਲਾਉਣ ਲਈ ਭਾਈਵਾਲ ਹੋਣਾ ਚਾਹੁੰਦੀ ਹੈ। ਸਾਡੀ ਕਲਮ ਤੁਹਾਡੇ ਸਨਮੁਖ ਸ਼ਬਦਾਂ ਰਾਹੀਂ ਆਉਂਦੀ ਹੈ ਅਤੇ ਤੁਸੀਂ ਇਨ੍ਹਾਂ ਸ਼ਬਦਾਂ ਨੂੰ ਅਮਲੀਜਾਮਾ ਪਹਿਨਾ ਕੇ ਦੂਰ ਦਾ ਸਫ਼ਰ ਕਰਨ ਲਈ ਸਾਨੂੰ ਅਤੇ ਆਪਣੇ ਆਪ ਨੂੰ ਪ੍ਰੇਰਦੇ ਹੋ।

- ਹਰਬੰਸ ਸਿੰਘ



4
ਰਾਜਨੀਤੀ ਦੇ ਅਸਲੀ ਸਰੋਕਾਰਾਂ ਦੀ ਦਸ਼ਾ ਅਤੇ ਦਿਸ਼ਾ ਦਾ ਸਵਾਲ


9
Dharamvir Gandhi A Doctor of Social Diseases too


12
Journey towards soft fascism


15
Comment on the Fair Elections Act (Bill C-23)


SUPER VISA INSURANCE
PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP


Sherjang Singh Rana
416.910.9000


Ravinder Singh Basra
416.845.6232

www.punjabinsurance.ca

Village of India
Restaurant & Sweets
Tel: 905 - 450 - 3333
www.villageofindia.ca
*Open 7 days a week *Pur Veg. Authentic Fine Indian Cuisine
PARTY HALL (up to 100 people)
Party Hall + Catering + Seating
Arrangement + Sound System + Lighting
*DINE IN *TAKE OUT *CATERING *SWEETS & SNACKS
114 Kennedy Road, South, Brampton, ON L6W 3E7
(Between Queen / HWY 7 & Steeles )

Go Green
JGN KITCHENS
JGN Kitchens



Special 20%off
Bathroom & Kitchen Design.
Traditional, Transitional & Contemporary.
Solid Wood Entry Doors
Wide Variety of Wood, Thermofoil & Laminates.
Tel: 905-828-8009
www.jgnkitchens.com
3600A Laird Road, Unit-2-4
Mississauga, ON, L5L 6A6
Email: info@jgnkitchens.com



Kulwant Singh Pannu
Sales Representative
416.276.1566
k.pannu@hotmail.com
AIR MILES
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਕੇਜਰੀਵਾਲ ਨੇ ਪੰਜਾਬ ਦੀ ਹਵਾ ਬਦਲੀ



ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸੰਨ 1984 'ਚ ਹੋਏ ਸਿੱਖ ਵਿਰੋਧੀ ਦੰਗਿਆਂ 'ਤੇ ਸ਼੍ਰੋਮਣੀ ਅਕਾਲੀ ਦਲ ਪਿਛਲੇ ਤੀਹ ਸਾਲਾਂ ਤੋਂ ਰਾਜਨੀਤੀ ਕਰ ਰਿਹਾ ਹੈ ਅਤੇ ਚੋਣਾਂ ਸਮੇਂ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ 1984 ਦੇ ਸਿੱਖ ਦੰਗਿਆਂ ਦੀ ਯਾਦ ਆਉਂਦੀ ਹੈ ਜਦੋਂ ਕਿ ਕੇਂਦਰ 'ਚ ਐਨਡੀਏ ਦੀ ਸਰਕਾਰ ਸਮੇਂ ਵੀ ਇਹ ਭਾਜਪਾ ਅਤੇ ਅਕਾਲੀ ਦਲ ਵਾਲੇ ਦੰਗਿਆਂ ਦੇ ਸਿੱਖ ਪੀੜਤਾਂ ਨੂੰ ਇਨਸਾਫ਼ ਨਹੀਂ ਦਿਵਾ ਸਕੇ।

ਉਨ੍ਹਾਂ ਅਕਾਲੀ ਦਲ ਅਤੇ ਭਾਜਪਾ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਸਿਰਫ਼ ਰਾਜਨੀਤੀ ਹੀ ਕਰਦੇ ਹਨ ਕਿਉਂਕਿ ਇਨ੍ਹਾਂ ਦੀ ਨੀਅਤ ਖਰਾਬ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਨੂੰ ਨਸ਼ਿਆਂ 'ਚ ਧਕੇਲਿਆ ਜਾ ਰਿਹਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ 'ਤੇ ਗੁਜਰਾਤ ਅਤੇ ਦਿੱਲੀ 'ਚ ਹਮਲਾ ਹੋਇਆ, ਭਿਵਾਨੀ 'ਚ ਉਨ੍ਹਾਂ ਦੀ ਪਿਟਾਈ ਕੀਤੀ ਗਈ ਪਰੰਤੂ ਉਹ ਸਪੱਸ਼ਟ ਕਰਦੇ ਹਨ ਕਿ ਹਮਲੇ ਅਤੇ ਪਿਟਾਈ ਕਰਨ ਨਾਲ ਉਨ੍ਹਾਂ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕੇਗਾ ਅਤੇ ਮਰਦੇ ਦਮ ਤੱਕ ਕੇਜਰੀਵਾਲ ਬੇਈਮਾਨਾਂ ਤੇ ਭ੍ਰਿਸ਼ਟਾਚਾਰੀਆਂ ਦੇ ਖਿਲਾਫ਼ ਲੜਦਾ ਰਹੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸੱਚਾਈ ਅਤੇ ਇਮਾਨਦਾਰੀ ਹੈ ਜਿਸ ਕਰਕੇ ਭਾਜਪਾ ਤੇ ਕਾਂਗਰਸ ਵਾਲੇ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ।

ਉਨ੍ਹਾਂ ਕਿਹਾ ਕਿ ਇਹ ਲੋਕ ਸਭਾ ਚੋਣ ਇੱਕ ਧਰਮ ਯੁੱਧ ਹੈ। ਅਮੇਠੀ 'ਚ ਰਾਹੁਲ ਗਾਂਧੀ ਨੂੰ ਹਰਾਉਣ ਲਈ ਕੁਮਾਰ ਵਿਸ਼ਵਾਸ ਅਤੇ ਵਾਰਾਣਸੀ 'ਚ ਨਰਿੰਦਰ ਮੋਦੀ ਨੂੰ ਹਰਾਉਣ ਲਈ ਉਹ ਖੁਦ ਮੈਦਾਨ 'ਚ ਨਿੱਤਰੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿਚ ਮੋਦੀ ਦੇ ਹੱਕ ਵਿਚ ਕਿਤੇ ਕੋਈ ਹਵਾ ਨਹੀਂ ਹੈ ਸਗੋਂ ਸਾਰੇ ਪਾਸੇ ਧੁੱਪ ਤੇ ਗਰਮੀ ਦਾ ਮਾਹੌਲ ਹੈ। ਸਗੋਂ ਦੇਸ਼ ਦੇ ਲੋਕਾਂ ਦੇ ਮਨਾਂ 'ਚ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ਼ ਗਰਮੀ ਹੈ ਅਤੇ ਲੋਕ ਦੇਸ਼ ਦੇ ਸਿਸਟਮ ਨੂੰ ਬਦਲਣਾ ਚਾਹੁੰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣ ਨਤੀਜਿਆਂ ਤੋਂ ਬਾਅਦ ਦੇਸ਼ ਵਿਚ ਇੱਕ ਨਵੀਂ ਕਿਸਮ ਦੀ ਰਾਜਨੀਤੀ ਦੀ ਸ਼ੁਰੂਆਤ ਹੋਵੇਗੀ।

ਭਗਵੰਤ ਮਾਨ ਦੇ ਹੱਕ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਭਗਵੰਤ ਆਪਣੀਆਂ ਕੈਸਿਟਾਂ ਅਤੇ ਸੀਡੀ ਨਾਲ ਕ੍ਰਾਂਤੀਕਾਰੀ ਫੈਲਾ ਰਿਹਾ ਹੈ ਪਰੰਤੂ ਇਸ ਕ੍ਰਾਂਤੀਕਾਰੀ ਨੂੰ ਸੰਸਦ ਵਿਚ ਲਿਜਾਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੰਗਰੂਰ 'ਚ ਅਕਾਲੀ ਅਤੇ ਕਾਂਗਰਸੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣਗੀਆਂ ਅਤੇ ਭਗਵੰਤ ਮਾਨ ਵੱਡੀ ਲੀਡ ਤੇ ਜਿੱਤ ਪ੍ਰਾਪਤ ਕਰੇਗਾ। ਕੇਜਰੀਵਾਲ ਨੇ ਆਪਣਾ ਭਾਸ਼ਣ ਵੰਦੇ ਮਾਤਰਮ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਤੋਂ ਸ਼ੁਰੂ ਕੀਤਾ ਅਤੇ ਸਮਾਪਤੀ ਬੋਲੇ ਸੋ ਨਿਹਾਲ ਅਤੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾ ਕੇ ਕੀਤੀ। ਉਨ੍ਹਾਂ ਜ਼ੋਰਦਾਰ ਢੰਗ ਨਾਲ ਅਪੀਲ ਕੀਤੀ ਕਿ 30 ਅਪ੍ਰੈਲ ਨੂੰ ਪੰਜਾਬ ਵਿਚ ਝਾੜੂ ਫੇਰਨ ਤੋਂ ਬਾਅਦ ਸਾਰੇ ਲੋਕ ਵਾਰਾਨਸੀ ਵਿਖੇ ਮੋਦੀ ਨੂੰ ਹਰਾਉਣ ਲਈ ਆਪੋ ਆਪਣੇ ਝਾੜੂ ਲੈ ਕੇ ਉਥੇ ਪਹੁੰਚ ਜਾਣ ਜਿਸ ਨਾਲ ਸਾਰੇ ਦੇਸ਼ ਅੰਦਰ ਅਤੇ ਦੁਨੀਆ ਅੰਦਰ ਪੰਜਾਬੀਆਂ ਅਤੇ ਸਿੱਖਾਂ ਦੀ ਅਸਲ ਤਾਕਤ ਦਾ ਪਤਾ ਚਲ ਸਕੇ। ਲੋਕ ਮੈਨੂੰ ਵਾਰਾਨਸੀ ਵਿਖੇ ਉਡੀਕ ਰਹੇ ਹਨ ਕਿ ਕੇਜਰੀਵਾਲ ਆਓ ਤੁਸੀਂ ਇਥੇ ਇਕ ਵੱਡੀ ਤਬਦੀਲੀ ਲੈ ਕੇ ਆਓ ਤਾਂ ਕਿ ਅਸੀਂ ਆਪਣੇ ਸਮੁੱਚੇ ਸਮਾਜ ਨੂੰ ਵੰਡੀਆਂ ਤੋਂ ਉਪਰ ਚੁੱਕਣ ਵਿਚ ਕਾਮਯਾਬ ਹੋ ਸਕੀਏ।



ਵਿਅੰਗਮਈ ਸਰੋਕਾਰ

# ਰਾਜਨੀਤੀ 'ਚ ਨਵੀਂ ਸ਼ਬਦਾਵਲੀ ਦਰਜ ਕਰਨ ਵਾਲਾ ਭਗਵੰਤ ਮਾਨ



**ਸਰਬਜੀਤ ਧਾਲੀਵਾਲ**

*ਅਕਸਰ ਇਹ ਸੋਚਿਆ ਜਾਂਦਾ ਹੈ ਕਿ ਲੋਕ ਰਾਜਨੀਤੀ ਤੋਂ ਅਣਭਿੱਜ ਹੁੰਦੇ ਜਾ ਰਹੇ ਹਨ ਪਰ ਜਿਸ ਕਿਸਮ ਨਾਲ ਲੋਕਾਂ ਦੇ ਦੁੱਖਾਂ ਦਰਦਾਂ ਦੀਆਂ ਕਹਾਣੀਆਂ ਨੂੰ ਰਾਜਨੀਤਕ ਸਰੋਕਾਰਾਂ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਉਸ ਨਾਲ ਇਕ ਇਹ ਵਿਚਾਰ ਬੜੇ ਜ਼ੋਰ ਨਾਲ ਪੰਜਾਬ ਦੀ ਹਰੇਕ ਸੱਥ ਵਿਚ ਉਭਰ ਰਿਹਾ ਹੈ ਤੇ ਆਪੋ ਆਪਣੀ ਭਾਸ਼ਾ ਸਿਰਜ ਰਿਹਾ ਹੈ। ਰਾਜਨੀਤੀ ਤਬਦੀਲੀ ਦੇ ਪ੍ਰਸੰਗਾਂ ਦੇ ਅੰਗ ਸੰਗ ਵੀ ਨਵੇਂ ਸਵਾਲਾਂ ਨੂੰ ਸਿਰਜਦੀ ਹੈ। ਅਜਿਹੀ ਪ੍ਰਵਿਰਤੀ ਨੂੰ ਅੱਜ ਬੜਾ ਵੱਡਾ ਫਲ ਪੈ ਰਿਹਾ ਹੈ। ਲੋਕ ਆਪਣੇ ਦੁੱਖਾਂ ਦਰਦਾਂ ਦੀ ਕਹਾਣੀ ਰਾਜਨੀਤਕ ਤਬਦੀਲੀ ਦੇ ਸਰੋਕਾਰਾਂ ਨਾਲ ਜੋੜ ਕੇ ਦੇਖ ਰਹੇ ਹਨ।*

ਸੈਂਕੜੇ ਮੋਟਰ ਸਾਈਕਲ ਸਵਾਰ ਨੌਜੁਆਨ ਬਰਨਾਲਾ ਜ਼ਿਲ੍ਹੇ ਦੇ ਪਿੰਡ ਖੁੱਡੀ ਕਲਾਂ ਦੇ ਬਾਹਰ ਵਾਰ ਬਰਨਾਲਾ-ਬਠਿੰਡਾ ਸੜਕ ਵੱਲ ਨਜ਼ਰਾਂ ਗੱਡੀਂ ਖੜ੍ਹੇ ਹਨ। ਉਹ ਉਤਸੁਕਤਾ ਨਾਲ ਕਿਸੇ ਦੇ ਇੰਤਜ਼ਾਰ ਵਿੱਚ ਹਨ। ਇੱਕ ਫਾਰਚੂਨਰ ਗੱਡੀ ਉਨ੍ਹਾਂ ਵੱਲ ਮੁੜਦੀ ਹੈ, ਇਸ ਵਿੱਚ ਆਮ ਆਦਮੀ ਪਾਰਟੀ (ਆਪ) ਦੀਆਂ ਸਫੈਦ ਟੋਪੀਆਂ ਵਾਲਿਆਂ ਨੂੰ ਦੇਖ ਕੇ ਨੌਜੁਆਨ 'ਭਗਵੰਤ ਮਾਨ ਜ਼ਿੰਦਾਬਾਦ', 'ਭਗਵੰਤ ਮਾਨ ਜ਼ਿੰਦਾਬਾਦ' ਅਤੇ 'ਆਪ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਅਸਮਾਨ ਗੁੰਜ਼ਾ ਦਿੰਦੇ ਹਨ।

ਗੱਡੀ ਰੁਕਦਿਆਂ ਹੀ ਭਗਵੰਤ ਮਾਨ ਫੁਰਤੀ ਨਾਲ ਉੱਤਰਦਾ ਹੈ ਅਤੇ ਸਭ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਇੱਕ ਬੁਲਟ ਮੋਟਰ ਸਾਈਕਲ ਉੱਤੇ ਸਵਾਰ ਹੋ ਜਾਂਦਾ ਹੈ। ਮੋਟਰ ਸਾਈਕਲਾਂ ਦਾ ਕਾਫ਼ਲਾ ਨਾਹਰੇਬਾਜ਼ੀ ਕਰਦਾ ਹੋਇਆ ਲਗਪਗ ਚਾਰ ਹਜ਼ਾਰ ਵੋਟਾਂ ਵਾਲੇ ਇਸ ਵੱਡੇ ਪਿੰਡ ਵੱਲ ਵਧਣਾ ਸ਼ੁਰੂ ਕਰ ਦਿੰਦਾ ਹੈ। ਗਲੀਆਂ ਵਿੱਚ ਜਾਂਦੇ ਹੋਏ ਭਗਵੰਤ ਮਾਨ ਬੁਲਟ ਮੋਟਰਸਾਈਕਲ ਦੀ ਪਿਛਲੀ ਸੀਟ ਉੱਤੇ ਖੜ੍ਹ ਕੇ ਕੋਠਿਆਂ ਉੱਤੇ ਖੜ੍ਹੀਆਂ ਬੀਬੀਆਂ ਅਤੇ ਰਾਹ ਵਿੱਚ ਮਿਲਦੇ ਲੋਕਾਂ ਨੂੰ ਹੱਥ ਜੋੜ ਕੇ ਫ਼ਤਿਹ ਬੁਲਾਉਂਦਾ ਹੈ। ਕਾਫ਼ਲਾ ਪਿੰਡ ਦੇ ਵਿਚਕਾਰ ਜਾ ਕੇ ਰੁਕ ਜਾਂਦਾ ਹੈ ਜਿੱਥੇ ਪਹਿਲਾਂ ਤੋਂ ਹੀ ਉਡੀਕ ਰਹੀ ਲੋਕਾਂ ਦੀ ਭੀੜ ਗਰਮਜੋਸ਼ੀ ਨਾਲ ਸਵਾਗਤ ਕਰਦੀ ਹੈ।

ਬਿਨਾਂ ਇੱਕ ਮਿੰਟ ਗੁਆਏ ਭਗਵੰਤ ਲਾਊਡ ਸਪੀਕਰ ਵਾਲੀ ਪਹਿਲਾਂ ਹੀ ਖੜ੍ਹੀ ਟਾਟਾ ਇੰਡੀਕਾ ਦੀ ਛੱਤ ਉੱਤੇ ਖੜ੍ਹ ਕੇ ਉਸ ਦੇ ਸਮਰਥਨ ਵਿੱਚ ਨਾਹਰੇ ਲਗਾਉਣ ਵਾਲਿਆਂ ਨੂੰ ਸ਼ਾਂਤ ਹੋਣ ਦੀ ਅਪੀਲ ਕਰਕੇ ਰਾਜਨੀਤਕ ਵਿਅੰਗਾਂ ਵਾਲੀ ਸ਼ੈਲੀ ਵਿੱਚ ਬੋਲਣਾ ਸ਼ੁਰੂ ਕਰ ਦਿੰਦਾ ਹੈ।

ਕਈ ਦਹਾਕਿਆਂ ਤੋਂ ਦੋ ਸਿਆਸੀ ਡਾਕਟਰ ਕਾਂਗਰਸ ਅਤੇ ਅਕਾਲੀ ਪੰਜਾਬ ਦਾ ਇਲਾਜ ਕਰਨ ਲੱਗੇ ਹੋਏ ਹਨ ਪਰ ਤੰਦਰੁਸਤ ਹੋਣ ਦੇ ਬਜਾਇ ਪੰਜਾਬ ਲਗਾਤਾਰ ਬੀਮਾਰ ਹੁੰਦਾ ਜਾ ਰਿਹਾ ਹੈ। ਦੋਵਾਂ ਨੇ ਪੰਜਾਬ ਨੂੰ ਮੌਤ ਦੀਆਂ ਬਰੂਹਾਂ ਤਕ ਪਹੁੰਚਾ ਦਿੱਤਾ ਹੈ। ਆਪਣੇ ਪਿੰਡਾਂ ਵਿੱਚ ਡਾਕਟਰ ਦੀ ਦਵਾਈ ਨਾਲ ਜੇ ਕੋਈ ਹਥੌਲਾ ਕਰਵਾਉਣ ਵਾਲੇ ਦੀ ਵੀ ਦੱਸ ਪਾਵੇ ਤਾਂ ਉਹ ਵੀ ਅਜ਼ਮਾ ਲਿਆ ਜਾਂਦਾ ਹੈ। ਇਸ ਲਈ ਹੁਣ ਦੋਵਾਂ ਦੀ ਦਵਾਈ ਛੱਡ ਕੇ ਕੇਜਰੀਵਾਲ ਦਾ ਹਥੌਲਾ ਅਜ਼ਮਾਉਣ ਦਾ ਵਕਤ ਆ ਗਿਆ ਹੈ। ਜ਼ੋਰਦਾਰ ਤਾੜੀਆਂ ਵੱਜਦੀਆਂ ਹਨ। ਲੋਕ ਮੁਹਾਵਰੇ, ਬੋਲੀ ਅਤੇ ਸਥਾਨਕ ਮਿਸਾਲਾਂ ਉੱਤੇ ਕਮਾਲ ਦੀ ਪਕੜ ਵਾਲਾ ਭਗਵੰਤ ਆਪਣੇ 30 ਮਿੰਟ ਦੇ ਭਾਸ਼ਣ ਵਿੱਚ ਲੋਕਾਂ ਨੂੰ ਹਸਾਉਣ ਅਤੇ ਝੰਜੋੜਨ ਵਿੱਚ ਕਾਮਯਾਬ ਰਹਿੰਦਾ ਹੈ।


ਆਪਣੇ ਸਿਆਸੀ ਵਿਰੋਧੀਆਂ ਖ਼ਿਲਾਫ਼ ਭੱਦੀ ਭਾਸ਼ਾ ਇਸਤੇਮਾਲ ਕਰਨ ਦੇ ਬਜਾਇ ਉਹ ਮਜ਼ਾਕੀਆ ਭਾਸ਼ਾ ਨੂੰ ਆਪਣਾ ਹਥਿਆਰ ਬਣਾਉਂਦਾ ਹੈ। ਪਿਛਲੇ ਦਿਨਾਂ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸ ਨੂੰ ਤਮਾਸ਼ਬੀਨ ਅਤੇ ਨੌ ਸਿੱਖੀਆ ਕਹਿਣ ਦੇ ਜਵਾਬ ਵਿੱਚ ਭਗਵੰਤ ਮਾਨ ਕਹਿੰਦਾ ਹੈ ਕਿ ਬਾਦਲ ਸਾਹਿਬ ਮੈਂ ਰੇਤਾ ਖਾਣ, ਟਰਾਂਸਪੋਰਟ ਉੱਤੇ ਕਬਜ਼ਾ ਕਰਨ ਅਤੇ ਢਾਬਿਆਂ ਤਕ ਨੂੰ ਨਾ ਬਖ਼ਸ਼ਣ ਦੇ ਤਜਰਬੇ ਤੋਂ ਸਿੱਖਣਾ ਵੀ ਨਹੀਂ ਚਾਹੁੰਦਾ। ਵੈਸੇ ਬਾਦਲ ਸਾਹਿਬ ਇੱਕ ਗੱਲ ਜ਼ਰੂਰ ਦੱਸਣਾ ਕੀ ਸਾਲਾਂ ਤਕ ਜੇਲ੍ਹ ਜਾਣ ਵਾਲੇ ਅਕਾਲੀ ਜਥੇਦਾਰਾਂ ਦੇ ਮੁਕਾਬਲੇ ਸੁਖਬੀਰ, ਮਜੀਠੀਆ ਅਤੇ ਪਰਮਿੰਦਰ ਢੀਂਡਸਾ ਜ਼ਿਆਦਾ ਤਜਰਬੇਕਾਰ ਹਨ?

ਫੋਟੋ ਮੁੱਦੇ ਉੱਤੇ ਵੀ ਇਹ ਕਹਿੰਦਾ ਹੈ ਕਿ ਸਾਡੇ ਮੁੱਖ ਮੰਤਰੀ ਜੀ ਨੂੰ, ਆਟਾ-ਦਾਲ ਦੀਆਂ ਥੈਲੀਆਂ, ਸਾਈਕਲਾਂ, ਰਾਸ਼ਨ ਕਾਰਡਾਂ ਆਦਿ ਉੱਤੇ ਫੋਟੋ ਲਗਵਾਉਣ ਦਾ ਬਹੁਤ ਸ਼ੌਕ ਹੈ। ਮੁੱਖ ਮੰਤਰੀ ਨੇ ਤਾਂ ਆਪਣੀ ਫੋਟੋ ਐਂਬੂਲੈਂਸਾਂ ਉੱਤੇ ਵੀ ਲਗਾ ਲਈ ਹੈ। ਘਰਵਾਲੇ ਵਿਚਾਰੇ ਮਰੀਜ਼ ਦੇ ਹਾਲਾਤ ਦੇਖ ਕੇ ਐਂਬੂਲੈਂਸ ਵਿੱਚ ਬੈਠੇ ਰੋ ਰਹੇ ਹੁੰਦੇ ਹਨ ਅਤੇ ਸੀ.ਐਮ. ਸਾਹਿਬ ਆਪਣੀ ਫੋਟੋ ਵਿੱਚ ਹੱਸੀਂ ਜਾ ਰਹੇ ਹੁੰਦੇ ਹਨ। ਦੇਖੋ ਲੋਕੋ ਪੰਜਾਬ ਵਿੱਚ ਇਹ ਕੀ ਭਾਣਾ ਵਰਤ ਰਿਹਾ ਹੈ?

ਉਹ ਇੱਥੇ ਹੀ ਨਹੀਂ ਰੁਕਦਾ। ਪੰਜਾਬ ਸਰਕਾਰ ਹੁਣ ਪਿੰਡਾਂ ਵਿੱਚ ਭਾਂਡੇ ਵੀ ਵੰਡੇਗੀ। ਬਾਦਲ ਸਾਹਿਬ ਦੀ ਫੋਟੋ ਪਤੀਲਿਆਂ ਉੱਤੇ ਵੀ ਲਗਾਏਗੀ। ਆਦਮੀ ਆਪਣੀ ਘਰਵਾਲੀ ਨੂੰ ਪੁੱਛੇਗਾ, "ਬਾਦਲ ਮਾਂਜਤਾ?" ਘਰਵਾਲੀ ਕਹੇਗੀ, "ਨਹੀਂ, ਉਸ ਵਿੱਚ ਤਾਂ ਅਜੇ ਪਰਸੋਂ ਦੀ ਬਾਸੀ ਦਾਲ ਪਈ ਹੈ, 30 ਤਰੀਕ ਨੂੰ ਇਕੱਠਾ ਹੀ ਮਾਂਜਾਂਗੇ।" ਕੋਠਿਆਂ ਉੱਤੇ ਵੱਡੀ ਤਾਦਾਦ ਵਿੱਚ ਬੈਠੀਆਂ ਬੀਬੀਆਂ ਵੀ ਨੀਝ ਲਾ ਕੇ ਭਗਵੰਤ ਦੇ ਵਿਅੰਗਾਂ ਨੂੰ ਸੁਣ ਰਹੀਆਂ ਸਨ।

ਕਾਮੇਡੀ ਉਸ ਦਾ ਰਾਜਨੀਤਕ ਪੈਗ਼ਾਮ ਦੇਣ ਦਾ ਕੇਵਲ ਹਥਿਆਰ ਹੈ ਪਰ ਉਹ ਗੰਭੀਰ ਮੁੱਦੇ ਵੀ ਉਠਾਉਂਦਾ ਹੈ। ਰਾਜਨੀਤੀ ਦੀ ਤਾਸੀਰ ਬਦਲ ਦੇਣ ਲਈ ਉਹ ਕਹਿੰਦਾ ਹੈ ਕਿ ਦਾਣਾ ਮੰਡੀਆਂ ਵਿੱਚ ਢੀਂਡਸਾ, ਸਿੰਗਲਾ ਆਦਿ ਜਾਂਦੇ ਹਨ ਅਤੇ ਅਗਲੇ ਦਿਨ ਅਖ਼ਬਾਰਾਂ ਵਿੱਚ ਫੋਟੋ ਛਪ ਜਾਂਦੀ ਹੈ ਕਿ ਆਗੂਆਂ ਵੱਲੋਂ ਮੰਡੀਆਂ ਦਾ ਤੂਫ਼ਾਨੀ ਦੌਰਾ ਪਰ ਤੁਸੀਂ ਦੱਸੋ ਕਿਸੇ ਨੇ ਦੀਵਾਲੀ ਆਪਣੇ ਬੱਚਿਆਂ ਨਾਲ ਘਰ ਮਨਾਈ ਹੈ ਤਾਂ ਫਿਰ ਇਹ ਤੂਫ਼ਾਨ ਮੰਡੀਆਂ ਵਿੱਚ ਕਿਉਂ ਨਹੀਂ ਆਉਂਦਾ? ਤੁਸੀਂ ਤਾਂ ਉੱਥੇ ਰੁਲਦੇ ਰਹਿੰਦੇ ਹੋ। ਹੁਣ ਮੈਂ ਦੱਸੂੰਗਾ ਕਿ ਦੌਰਾ ਕਿਵੇਂ ਕਰਨਾ ਹੈ, ਤੁਸੀਂ ਮੈਨੂੰ ਐਮ.ਪੀ. ਬਣਾਓ 20-25 ਦਿਨਾਂ ਦਾ ਕੰਮ ਹੁੰਦਾ ਹੈ। ਵੱਡੀਆਂ ਮੰਡੀਆਂ ਦੀ ਚੋਣ ਕਰਕੇ ਮੈਂ ਇਹ ਸਾਰਾ ਸਮਾਂ ਮੰਡੀਆਂ ਦੇ ਟੈਂਟਾਂ ਵਿੱਚ ਗੁਜ਼ਾਰਾਂਗਾ। ਕੋਈ ਅਧਿਕਾਰੀ ਪੈਸਾ ਮੰਗੇ ਤਾਂ ਤੁਸੀਂ ਕਹਿਣਾ ਉਹ ਦੂਸਰੇ ਟੈਂਟ ਵਿੱਚ ਬੈਠਾ ਭਗਵੰਤ ਨੋਟ ਗਿਣ ਕੇ ਦੇ ਰਿਹਾ ਹੈ।

ਉਹ ਕੈਂਸਰ ਦੇ ਵਧ ਰਹੇ ਪ੍ਰਕੋਪ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਰੇਤਾ ਬਜਰੀ ਦੇ ਮੁੱਦੇ ਵੀ ਉੱਠਾਉਂਦਾ ਹੈ। ਭਗਵੰਤ ਕਹਿੰਦਾ ਹੈ ਕਿ ਸ਼ੋਹਰਤ ਤੁਸੀਂ ਮੈਨੂੰ ਪਹਿਲਾਂ ਹੀ ਬਹੁਤ ਦੇ ਦਿੱਤੀ ਹੈ ਹੁਣ ਮੈਂ ਪੰਜਾਬ ਬਚਾਉਣ ਵਿੱਚ ਆਪਣੀ ਭੂਮਿਕਾ ਨਿਭਾਉਣਾ ਚਾਹੁੰਦਾ ਹਾਂ। ਨੌਜੁਆਨਾਂ ਦੇ ਮਿਲ ਰਹੇ ਸਹਿਯੋਗ ਤੋਂ ਬਾਅਦ ਪਰਿਵਾਰਾਂ ਵਿੱਚ ਪੈ ਰਹੇ ਦੁਫੇੜਾਂ ਵਾਰੇ ਵੀ ਉਹ ਜਾਗਰੂਕ ਹੈ ਅਤੇ ਇਹ ਗੱਲ ਕਰਨੀ ਵੀ ਨਹੀਂ ਭੁੱਲਦਾ। ਉਹ ਕਹਿੰਦਾ ਹੈ ਕਿ, "ਨੌਜਵਾਨ ਤਾਂ ਨਾਲ ਹੀ ਹਨ, ਬੀਬੀਆਂ ਵੀ ਨਾਲ ਹਨ ਪਰ ਅਜੇ ਬਾਪੂ ਅੜੇ ਹੋਏ ਹਨ ਜਿਹੜੇ ਕਹਿੰਦੇ ਹਨ ਕਿ ਸਾਰੀ ਉਮਰ ਤੱਕੜੀ ਅਤੇ ਪੰਜੇ ਨਾਲ ਰਹੇ ਹਾਂ, ਪਰ ਬਾਪੂ ਜੀ ਆਪਣੇ ਬੁਢਾਪੇ ਦੀਆਂ ਡੰਗੋਰੀਆਂ ਨੂੰ ਬਚਾਓ ਅਤੇ ਉਨ੍ਹਾਂ ਦਾ ਸਾਥ ਦਿਓ। ਇਨ੍ਹਾਂ ਅਕਾਲੀ-ਕਾਂਗਰਸੀਆਂ ਨੂੰ ਦੱਸ ਦਿਓ ਕਿ ਪਿੱਪਲ ਦੇ ਪੱਤਿਆ ਵੇ ਕਿਉਂ ਖੜ-ਖੜ ਲਾਈ ਐ, ਪੱਤ ਝੜੇ ਪੁਰਾਣੇ ਵੇ ਰੁੱਤ ਨਵਿਆਂ ਦੀ ਆਈ ਐ।" ਚੀਮਾ-ਜੋਧਪੁਰ ਦੇ ਸੈਂਕੜੇ ਨੌਜੁਆਨ ਉਸ ਦੀ ਅਗਵਾਈ ਕਰਨ ਲਈ ਖੜ੍ਹੇ ਸਨ, ਉਹ ਉਨ੍ਹਾਂ ਤੋਂ ਇੱਕ ਘੰਟੇ ਦੀ ਮੋਹਲਤ ਲੈ ਕੇ ਸੰਗਰੂਰ ਡੀ ਸੀ ਦਫ਼ਤਰ ਜ਼ਰੂਰੀ ਕਾਗ਼ਜ਼ਾਂ ਉੱਤੇ ਦਸਤਖ਼ਤ ਕਰਨ ਚੱਲ ਪਿਆ। ਭਗਵੰਤ ਰੋਜ਼ਾਨਾ ਵੀਹ ਪਿੰਡ ਕਵਰ ਕਰਦਾ ਹੈ। ਸਵੇਰ ਵੇਲੇ ਪਾਰਕਾਂ ਵਿੱਚ ਅਤੇ ਸ਼ਾਮ ਨੂੰ ਸ਼ਹਿਰ ਦੇ ਮੁਹੱਲਿਆਂ ਵਿੱਚ ਲੋਕਾਂ ਨੂੰ ਮਿਲਦਾ ਹੈ।



ਡਾਕਟਰ ਬਨਾਮ ਮਹਾਤਮਾ

# ਰਾਜਨੀਤੀ ਦੇ ਅਸਲੀ ਸਰੋਕਾਰਾਂ ਦੀ ਦਸ਼ਾ ਅਤੇ ਦਿਸ਼ਾ ਦਾ ਸਵਾਲ



**ਅਰੁੰਧਤੀ ਰਾਏ**

*[1936 'ਚ, ਡਾ. ਬੀ.ਆਰ. ਅੰਬੇਡਕਰ ਨੂੰ ਇਕ ਹਿੰਦੂ ਸੁਧਾਰਵਾਦੀ ਗਰੁੱਪ ਜਾਤਪਾਤ ਤੋੜਕ ਮੰਡਲ ਵਲੋਂ ਲਾਹੌਰ ਵਿਚ ਸਾਲਾਨਾ ਤਕਰੀਰ ਕਰਨ ਦਾ ਸੱਦਾ ਦਿੱਤਾ ਗਿਆ। ਜਦੋਂ ਤਕਰੀਰ ਦੇ ਮੇਜ਼ਬਾਨਾਂ ਨੂੰ ਤਕਰੀਰ ਦਾ ਪਾਠ ਭੇਜਿਆ ਗਿਆ, ਉਨ੍ਹਾਂ ਨੂੰ ਲੱਗਿਆ ਕਿ ਇਹ "ਬਰਦਾਸ਼ਤ ਕਰਨ ਵਾਲੀ" ਨਹੀਂ ਅਤੇ ਉਨ੍ਹਾਂ ਨੇ ਸੱਦਾ ਵਾਪਸ ਲੈ ਲਿਆ। ਇਸ 'ਤੇ ਅੰਬੇਡਕਰ ਨੇ ਆਪਣੇ ਖ਼ਰਚੇ 'ਤੇ ਆਪਣੀ ਇਸ ਤਕਰੀਰ ਦੀਆਂ 1500 ਕਾਪੀਆਂ ਛਪਵਾ ਲਈਆਂ ਅਤੇ ਛੇਤੀ ਹੀ ਇਹ ਕਈ ਜ਼ਬਾਨਾਂ ਵਿਚ ਤਰਜਮਾ ਹੋਕੇ ਛਪ ਗਈ। ਦਲਿਤ ਭਾਈਚਾਰੇ ਵਿਚ ਤਾਂ ਤਕਰੀਰ "ਜਾਤਪਾਤ ਦਾ ਬੀਜਨਾਸ਼" ਨੂੰ ਪੂਜਣ ਵਾਲੇ ਪਾਠਕ ਮਿਲ ਹੀ ਜਾਣੇ ਸਨ, ਪਰ ਜਿਨ੍ਹਾਂ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਲਈ ਇਹ ਲਿਖੀ ਗਈ ਸੀ ਉਨ੍ਹਾਂ ਦੇ ਜ਼ਿਆਦਾਤਰ ਹਿੱਸੇ ਨੇ ਅਜੇ ਇਸ ਨੂੰ ਪੜ੍ਹਨਾ ਹੈ।*

*ਅੰਬੇਡਕਰ ਦੀ ਇਸ ਮੀਲ ਪੱਥਰ ਗੱਡਣ ਵਾਲੀ ਤਕਰੀਰ ਦੀ ਹੁਣ ਨਿਰਖ-ਪਰਖ ਕੀਤੀ ਗਈ ਹੈ ਅਤੇ ਇਸ ਨੂੰ ਮੁੜ ਛਾਪਿਆ ਗਿਆ ਹੈ। ਜਿਹੜੀ ਚੀਜ਼ ਅਵਾਮ ਦਾ ਲਾਜ਼ਮੀ ਧਿਆਨ ਖਿੱਚਣ ਵਾਲੀ ਹੈ ਉਹ ਹੈ ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਵਲੋਂ ਡਾਕਟਰ ਅਤੇ ਮਹਾਤਮਾ ਸਿਰਲੇਖ ਵਾਲਾ ਤੁਆਰਫ਼।*

*ਚਾਰ ਸੌ ਸਫ਼ਿਆਂ ਦਾ ਤਕਰੀਬਨ ਅੱਧਾ ਹਿੱਸਾ ਅਰੁੰਧਤੀ ਰਾਏ ਦਾ ਲੇਖ ਹੈ, ਬਾਕੀ ਅੱਧਾ ਜਾਤਪਾਤ ਦਾ ਬੀਜਨਾਸ਼ ਤਕਰੀਰ ਹੈ। ਰਾਏ ਗਾਂਧੀ-ਅੰਬੇਡਕਰ ਜਮੂਦ (ਡੈੱਡਲਾਕ) ਨੂੰ ਬਿਆਨ ਕਰਨ ਤੋਂ ਪਹਿਲਾਂ ਸਮਕਾਲੀ ਹਿੰਦੁਸਤਾਨ ਵਿਚ ਜਾਤਪਾਤ ਦੇ ਵਰਤਾਰੇ ਬਾਰੇ ਲਿਖਦੀ ਹੈ। ਜਿਸ ਨੂੰ ਅੰਬੇਡਕਰ ਨੇ "ਗੇਸ ਕਰਨ ਦਾ ਛੂਤ ਰੋਗ" ਭਾਵ ਜਾਤਪਾਤ ਦੀ ਦਰਜੇਬੰਦੀ ਵਿਚ ਹਰ ਜਾਤ ਵਲੋਂ ਆਪਣੇ ਤੋਂ ਨੀਵੀਂ ਜਾਤ ਨੂੰ ਦਬਾਉਣ ਦਾ ਸਿਲਸਿਲਾ ਕਿਹਾ ਸੀ ਉਸ ਤੋਂ ਅੱਗੇ ਤੁਰਦਿਆਂ ਰਾਏ ਕਹਿੰਦੀ ਹੈ "ਇਕ ਰੇਡੀਓ ਐਕਟਿਵ ਪ੍ਰਮਾਣੂ ਦੀ ਤਰ੍ਹਾਂ "ਗੇਸ ਕਰਨ ਦਾ ਛੂਤ ਰੋਗ" ਜਿਉਂ ਜਿਉਂ ਜਾਤਪਾਤ ਦੀ ਪੌੜੀ ਦੇ ਹੇਠਾਂ ਵੱਲ ਆਉਂਦਾ ਜਾਂਦਾ ਹੈ, ਇਹ ਹੋਰ ਤੇਜ਼ੀ ਨਾਲ ਖੀਣ ਤਾਂ ਹੁੰਦਾ ਜਾਂਦਾ ਹੈ ਪਰ ਪੂਰੀ ਤਰ੍ਹਾਂ ਅਲੋਪ ਕਦੇ ਨਹੀਂ ਹੁੰਦਾ। ਇਸ ਨੇ ਉਹ ਚੀਜ਼ ਪੈਦਾ ਕਰ ਦਿੱਤੀ ਹੈ ਜਿਸ ਨੂੰ ਅੰਬੇਡਕਰ 'ਦਰਜੇਵਾਰ ਨਾਬਰਾਬਰੀ' ਬਿਆਨਦਾ ਹੈ ਜਿਸ ਵਿਚ ਨੀਂਵਾਂ ਆਪਣੇ ਤੋਂ ਨੀਵੇਂ ਦੇ ਮੁਕਾਬਲੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦਾ ਹੈ। ਹਰ ਜਮਾਤ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ ਕਾਰਨ, ਹਰ ਜਮਾਤ ਦੀ ਰੁਚੀ ਇਸ ਪ੍ਰਬੰਧ ਨੂੰ ਬਰਕਰਾਰ ਰੱਖਣ ਵਿਚ ਹੈ"।*

*ਜਦਕਿ, ਰਾਏ ਦੇ ਜ਼ਬਰਦਸਤ ਪਰ ਤਰਥੱਲੀ ਮਚਾਊ ਲੇਖ ਦੀ ਧੁੱਸ ਗਾਂਧੀ-ਅੰਬੇਡਕਰ ਬਹਿਸ ਦੀ ਉਸ ਦੀ ਪੁਣਛਾਣ ਨਾਲ ਸਬੰਧਤ ਹੈ। ਅਤੇ ਜਿਸ ਬੰਦੇ ਨੂੰ ਰਾਸ਼ਟਰ ਪਿਤਾ ਦਾ ਦੈਵੀ ਰੁਤਬਾ ਦਿੱਤਾ ਜਾਂਦਾ ਹੈ ਇਸ ਕਿਤਾਬ ਵਿਚ ਉਸ ਦੀ ਪੇਸ਼ਕਾਰੀ ਵੱਖਰੀ ਤਰ੍ਹਾਂ ਦੀ ਕੀਤੀ ਗਈ ਹੈ। ਉਹ ਲਿਖਦੀ ਹੈ: "ਅੰਬੇਡਕਰ ਗਾਂਧੀ ਦਾ ਸਭ ਤੋਂ ਜ਼ਬਰਦਸਤ ਵਿਰੋਧੀ ਸੀ। ਉਸ ਨੇ ਗਾਂਧੀ ਨੂੰ ਸਿਆਸੀ ਜਾਂ ਬੌਧਿਕ ਪੱਖੋਂ ਹੀ ਨਹੀਂ ਸਗੋਂ ਇਖ਼ਲਾਕੀ ਪੱਖੋਂ ਵੀ ਵੰਗਾਰਿਆ। ਗਾਂਧੀ ਦੀ ਜਿਹੜੀ ਕਥਾ ਸੁਣਦਿਆਂ ਸਾਡੀ ਪਰਵਰਿਸ਼ ਹੋਈ ਹੈ, ਉਸ ਵਿਚੋਂ ਅੰਬੇਡਕਰ ਦਾ ਮਨਫ਼ੀ ਹੋਣਾ ਠੇਸ ਪਹੁੰਚਾਊ ਹੈ। ਇਵੇਂ ਹੀ, ਅੰਬੇਡਕਰ ਬਾਰੇ ਲਿਖਦੇ ਵਕਤ ਗਾਂਧੀ ਨੂੰ ਅੱਖੋਂ ਪਰੋਖੇ ਕਰਨਾ ਵੀ ਅੰਬੇਡਕਰ ਨਾਲ ਬੇਇਨਸਾਫ਼ੀ ਹੈ, ਕਿਉਂਕਿ ਅੰਬੇਡਕਰ ਦੇ ਆਲਮ ਵਿਚ ਗਾਂਧੀ ਬੇਸ਼ੁਮਾਰ ਅਤੇ ਅਸੁਖਾਵੇਂ ਢੰਗਾਂ ਨਾਲ ਮੰਡਲਾ ਰਿਹਾ ਹੈ।"]*

**ਸਵਾਲ: ਡਾ. ਅੰਬੇਡਕਰ ਦੀ ਤਕਰੀਰ ਜਾਤਪਾਤ ਦਾ ਬੀਜਨਾਸ਼ ਦੀ ਨਵੀਂ, ਵਿਸ਼ਲੇਸ਼ਣੀ ਛਾਪ ਦੀ ਜਾਣ-ਪਛਾਣ "ਡਾਕਟਰ ਅਤੇ ਮਹਾਤਮਾ" ਗਾਂਧੀ ਦੀ ਡੂੰਘੇ ਤੌਰ 'ਤੇ ਝੰਜੋੜਨ ਵਾਲੀ ਆਲੋਚਨਾ ਵੀ ਹੈ, ਖ਼ਾਸ ਕਰਕੇ ਸਾਡੇ ਵਿਚੋਂ ਉਨ੍ਹਾਂ ਲਈ ਜਿਨ੍ਹਾਂ ਲਈ ਗਾਂਧੀ ਬਹੁਤ ਹੀ ਸਤਿਕਾਰਤ ਅਤੇ ਪੂਜਨੀਕ ਸ਼ਖਸੀਅਤ ਹੈ।**

ਅਰੁੰਧਤੀ: ਹਾਂ, ਮੈਂ ਜਾਣਦੀ ਹਾਂ। ਇਸ ਨੂੰ ਕਿਸੇ ਤਰ੍ਹਾਂ ਲਿਖਣਾ ਸੁਖਾਲਾ ਕੰਮ ਨਹੀਂ ਸੀ। ਪਰ ਇਨ੍ਹਾਂ ਸਮਿਆਂ ਵਿਚ, ਜਦੋਂ ਅਸੀਂ ਮਾਯੂਸੀ ਦਾ ਸ਼ਿਕਾਰ ਹੋਏ ਅਤੇ ਜਿਸ ਤਰ੍ਹਾਂ ਵਰਤਾਰੇ ਵਾਪਰ ਰਹੇ ਹਨ, ਉਸ ਨੂੰ ਸਮਝਣ ਤੋਂ ਆਰੀ ਸਾਰੇ ਜਣੇ ਹਨੇਰੇ ਵਿਚ ਟੱਕਰਾਂ ਮਾਰ ਰਹੇ ਹਾਂ, ਮੈਂ ਸਮਝਦੀ ਹਾਂ ਕਿ ਗਾਂਧੀ ਅਤੇ ਅੰਬੇਡਕਰ ਦਰਮਿਆਨ ਬਹਿਸ ਨੂੰ ਮੁੜ ਘੋਖਣਾ ਓੜਕ ਸਾਡੇ ਰਾਹ ਨੂੰ ਰੁਸ਼ਨਾਉਣ 'ਚ ਹੀ ਸਹਾਈ ਹੋਵੇਗਾ। ਚਾਹੇ ਇਹ ਕਈ ਲੋਕਾਂ ਲਈ ਕਿੰਨਾ ਪ੍ਰੇਸ਼ਾਨ ਕਰਨ ਵਾਲਾ ਹੋਵੇ, ਅਤੇ ਸੋਚਣ ਦੇ ਪੁਰਾਣੇ ਅਤੇ ਸਥਾਪਤ ਤੌਰ-ਤਰੀਕਿਆਂ ਵਿਚ ਕਿੰਨਾ ਵੀ ਖ਼ਲਲ ਪਾਊ ਹੋਵੇ। ਮੈਂ ਸਮਝਦੀ ਹਾਂ ਕਿ ਜਾਤਪਾਤ ਦਾ ਬੀਜਨਾਸ਼ ਕਤੱਈ ਤੌਰ 'ਤੇ ਲਾਜ਼ਮੀ ਪੜ੍ਹਨ ਵਾਲੀ ਲਿਖਤ ਹੈ। ਜਾਤਪਾਤ ਸਾਡੇ ਸਮਾਜ ਦੇ ਨਾਸੂਰ ਦਾ ਧੁਰਾ ਹੈ। ਦਾਬੇ ਦਾ ਸ਼ਿਕਾਰ ਬਣਾਈਆਂ ਜਾਤਾਂ ਨਾਲ ਤਾਂ ਇਸ ਨੇ ਜੋ ਕੀਤਾ ਸੋ ਕੀਤਾ ਹੀ ਹੈ, ਇਸ ਤੋਂ ਇਲਾਵਾ ਇਸ ਨੇ ਵਿਸ਼ੇਸ਼ ਅਧਿਕਾਰ ਪ੍ਰਾਪਤ ਜਾਤਾਂ ਦੀ ਇਖ਼ਲਾਕੀ ਗੁਲੀ ਨੂੰ ਵੀ ਢਾਹ ਲਾਈ ਹੈ। ਹੁਣ ਸਾਨੂੰ ਅੰਬੇਡਕਰ ਸ਼ਿੱਦਤ ਨਾਲ ਦਰਕਾਰ ਹੈ।

**ਸਵਾਲ: ਅੰਬੇਡਕਰ ਬਾਰੇ ਕਿਤਾਬ ਵਿਚ ਗਾਂਧੀ ਦੇ ਅਕਸ ਨੂੰ ਐਨਾ ਉਭਾਰਨਾ ਕਿਉਂ ਜ਼ਰੂਰੀ ਸੀ? ਇਹ ਕਿਵੇਂ ਹੋਇਆ?**

ਅਰੁੰਧਤੀ: ਅੰਬੇਡਕਰ ਗਾਂਧੀ ਦਾ ਸਭ ਤੋਂ ਤਿੱਖਾ ਆਲੋਚਕ ਸੀ, ਨਾ ਸਿਰਫ਼ ਸਿਆਸੀ ਅਤੇ ਬੌਧਿਕ ਪੱਖੋਂ, ਸਗੋਂ ਇਖ਼ਲਾਕ ਦੇ ਪੱਖੋਂ ਵੀ। ਮੁੱਖਧਾਰਾ ਬਿਰਤਾਂਤ ਵਿਚੋਂ ਇਸ ਨੂੰ ਖਾਰਜ ਹੀ ਕਰ ਦਿੱਤਾ ਗਿਆ। ਇਹ ਮਨ ਨੂੰ ਠੇਸ ਪਹੁੰਚਾਉਣ ਵਾਲਾ ਹੈ। ਮੈਂ ਗਾਂਧੀ ਨਾਲ ਉਸ ਦੀ ਬਹਿਸ ਨੂੰ ਮੁਖ਼ਾਤਬ ਹੋਏ ਬਗ਼ੈਰ ਇਸ ਕਿਤਾਬ ਦੀ ਜਾਣ-ਪਛਾਣ ਨਹੀਂ ਸੀ ਲਿਖ ਸਕਦੀ, ਜੋ ਚੀਜ਼ ਅੱਜ ਵੀ ਸਾਡੇ ਉਪਰ ਬੇਥਾਹ ਅਸਰ ਛੱਡਦੀ ਹੈ।

ਜਾਤਪਾਤ ਦਾ ਬੀਜਨਾਸ਼ ਅੰਬੇਡਕਰ ਦੀ ਉਸ ਤਕਰੀਰ ਦਾ ਪਾਠ ਹੈ ਜੋ ਉਸ ਨੇ ਕਦੇ ਨਹੀਂ ਪੜ੍ਹੀ। ਜਦੋਂ ਆਰੀਆ ਸਮਾਜ ਦੀ ਇਕ ਸ਼ਾਖਾ ਜਾਤਪਾਤ ਤੋੜਕ ਮੰਡਲ ਨੇ ਇਹ ਦਾ ਪਾਠ ਦੇਖਿਆ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅੰਬੇਡਕਰ ਤਾਂ ਹਿੰਦੂਵਾਦ ਅਤੇ ਇਸ ਦੇ ਪਵਿੱਤਰ ਗ੍ਰੰਥਾਂ ਉਪਰ ਸਿੱਧਾ ਹਮਲਾ ਕਰਨ ਜਾ ਰਿਹਾ ਹੈ, ਤਾਂ ਉਨ੍ਹਾਂ ਨੇ ਸੱਦਾ ਵਾਪਸ ਲੈ ਲਿਆ। ਅੰਬੇਡਕਰ ਨੇ ਇਸ ਨੂੰ ਕਿਤਾਬਚੇ ਦੀ ਸ਼ਕਲ 'ਚ ਛਾਪ ਦਿੱਤਾ। ਗਾਂਧੀ ਨੇ ਆਪਣੇ ਅਖ਼ਬਾਰ ਹਰੀਜਨ ਵਿਚ ਇਸ ਦੇ ਜਵਾਬ ਵਿਚ ਲਿਖਿਆ। ਪਰ ਇਹ ਅਦਾਨ-ਪ੍ਰਦਾਨ ਉਨ੍ਹਾਂ ਦੋਵਾਂ ਦਰਮਿਆਨ ਲੰਮੇ ਅਤੇ ਤਲਖ਼ ਤਕਰਾਰ ਦਾ ਸਿਰਫ਼ ਇਕ ਹਿੱਸਾ ਸੀ... ਜਦੋਂ ਮੈਂ ਕਹਿੰਦੀ ਹਾਂ ਕਿ ਬਿਰਤਾਂਤ ਵਿਚੋਂ ਅੰਬੇਡਕਰ ਨੂੰ ਖਾਰਜ ਕਰ ਦਿੱਤਾ ਗਿਆ, ਮੈਂ ਇਹ ਨਹੀਂ ਕਹਿ ਰਹੀ ਕਿ ਉਸ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ, ਇਸ ਦੇ ਉਲਟ ਉਸ ਵੱਲ ਬਹੁਤ ਸਾਰੀ ਤਵੱਜੋਂ ਦਿੱਤੀ ਗਈ ਹੈ - ਜਾਂ ਤਾਂ ਉਸ ਦਾ "ਸੰਵਿਧਾਨ ਦਾ ਪਿਤਾਮਾ" ਵਜੋਂ ਗੁੱਡਾ ਬੰਨ੍ਹਿਆ ਗਿਆ ਹੈ ਜਾਂ ਫਿਰ ਉਸ ਨੂੰ ਅਲੱਗ ਕਰਕੇ "ਅਛੂਤਾਂ ਦਾ ਆਗੂ" ਬਣਾਕੇ ਵਡਿਆਇਆ ਗਿਆ ਹੈ। ਪਰ ਜੋ ਰੋਹ ਅਤੇ ਜਜ਼ਬਾ ਉਸ ਦੀ ਚਾਲਕ-ਸ਼ਕਤੀ ਸੀ ਉਸ ਨੂੰ ਕਹਾਣੀ ਵਿਚੋਂ ਮੇਟ ਦਿੱਤਾ ਗਿਆ। ਮੈਂ ਸਮਝਦੀ ਹਾਂ ਕਿ ਜਿਸ ਦਲਦਲ ਵਿਚ ਅਸੀਂ ਅੱਜ ਖੁੱਭੇ ਹੋਏ ਹਾਂ ਜੇ ਉਸ ਵਿਚੋਂ ਬਾਹਰ ਨਿਕਲਣ ਦਾ ਰਾਹ ਤਲਾਸ਼ਣਾ ਹੈ ਤਾਂ ਨੂੰ ਅੰਬੇਡਕਰ ਨੂੰ ਲਾਜ਼ਮੀ ਹੀ ਗੰਭੀਰਤਾ ਨਾਲ ਲੈਣਾ ਪਵੇਗਾ। ਦਲਿਤ ਤਾਂ ਬਹੁਤ ਸਾਲਾਂ ਤੋਂ ਇਸ ਬਾਰੇ ਜਾਣਦੇ ਹਨ। ਹੁਣ ਵਕਤ ਆ ਗਿਆ ਹੈ ਕਿ ਬਾਕੀ ਦਾ ਮੁਲਕ ਵੀ ਉਨ੍ਹਾਂ ਵਿਚ ਸ਼ਾਮਲ ਹੋਵੇ।

**ਸਵਾਲ: ਕੀ ਗਾਂਧੀ ਬਾਰੇ ਹਮੇਸ਼ਾ ਤੁਹਾਡੇ ਇਹੀ ਵਿਚਾਰ ਸਨ ਜਾਂ ਜਦੋਂ ਤੁਸੀਂ ਅੰਬੇਡਕਰ ਦੇ ਸਬੰਧ ਵਿਚ ਉਸ ਦਾ ਅਧਿਐਨ ਕੀਤਾ ਓਦੋਂ ਨਵੇਂ ਪੱਖ ਸਾਹਮਣੇ ਆਏ?**

ਅਰੁੰਧਤੀ: ਸੁਭਾਵਿਕ ਤੌਰ 'ਤੇ ਮੈਂ ਸ਼ਰਧਾ ਦੀ ਧਾਰਨੀ ਨਹੀਂ, ਖ਼ਾਸ ਕਰਕੇ ਇਹ ਜਦੋਂ ਸਿਆਸੀ ਮੈਨੀਫੈਸਟੋ ਬਣਦੀ ਹੋਵੇ। ਮੇਰਾ ਮਤਲਬ, ਰੱਬ ਦੇ ਵਾਸਤੇ, ਗਾਂਧੀ ਖਾਣ-ਪੀਣ ਨੂੰ "ਗੰਦਾ ਕੰਮ" ਅਤੇ ਕਾਮ ਨੂੰ "ਸੱਪ ਦੇ ਡੰਗ ਤੋਂ ਵੀ ਭੈੜੀ ਵਿਹੁ" ਕਹਿੰਦਾ ਸੀ। ਬੇਸ਼ਕ, ਆਧੁਨਿਕਤਾ ਅਤੇ "ਵਿਕਾਸ" ਦੇ ਪੱਛਮੀ ਖ਼ਿਆਲ ਬਾਰੇ ਉਸ ਨੂੰ ਅਗਾਊਂ ਸੋਝੀ ਸੀ ਜਿਸ ਨੇ ਧਰਤੀ ਅਤੇ ਇਸ ਦੇ ਬਾਸ਼ਿੰਦਿਆਂ ਲਈ ਜਾਨ ਦਾ ਖ਼ੌਅ ਬਣ ਜਾਣਾ ਸੀ। ਦੂਜੇ ਪਾਸੇ, ਟਰੱਸਟੀਸ਼ਿਪ ਬਾਰੇ ਉਸ ਦੇ ਮੱਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ, ਜਿਸ ਵਿਚ ਉਹ ਕਹਿੰਦਾ ਹੈ ਕਿ ਧਨਾਢਾਂ ਦੀ ਦੌਲਤ ਉਨ੍ਹਾਂ ਕੋਲ ਹੀ ਰਹਿਣ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਗ਼ਰੀਬਾਂ ਦੇ ਭਲੇ ਲਈ ਇਸਤੇਮਾਲ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪ ਦਿੱਤੀ ਜਾਣੀ ਚਾਹੀਦੀ ਹੈ - ਜਿਸ ਨੂੰ ਅੱਜ ਅਸੀਂ ਕਾਰਪੋਰੇਟ ਸਮਾਜੀ ਜ਼ਿੰਮੇਵਾਰੀ ਕਹਿੰਦੇ ਹਾਂ। ਔਰਤਾਂ ਵੱਲ ਉਸ ਦਾ ਵਤੀਰਾ ਮੈਨੂੰ ਹਮੇਸ਼ਾ ਬੇਚੈਨ ਕਰਦਾ ਰਿਹਾ ਹੈ। ਪਰ ਜਾਤਪਾਤ ਦੇ ਵਿਸ਼ੇ ਅਤੇ ਇਸ ਵੱਲ ਗਾਂਧੀ ਦੇ ਵਤੀਰੇ ਬਾਰੇ ਮੈਂ ਸਪਸ਼ਟ ਨਹੀਂ ਸੀ। ਜਾਤਪਾਤ ਦਾ ਬੀਜਨਾਸ਼ ਦੇ ਅਧਿਐਨ ਨੇ ਮੈਨੂੰ ਅੰਬੇਡਕਰ ਦੀ ਲਿਖਤ 'ਕਾਂਗਰਸ ਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ ਹੈ' ਪੜ੍ਹਨ ਲਈ ਉਕਸਾਇਆ। ਉਸ ਨੂੰ ਪੜ੍ਹਕੇ ਮੈਂ ਬਹੁਤ ਪ੍ਰੇਸ਼ਾਨ ਹੋਈ। ਤਦ ਮੈਂ ਗਾਂਧੀ ਨੂੰ - ਉਸ ਦੀਆਂ ਚਿੱਠੀਆਂ, ਅਖ਼ਬਾਰਾਂ-ਰਸਾਲਿਆਂ ਵਿਚ ਉਸ ਦੇ ਲੇਖਾਂ - ਨੂੰ ਪੜ੍ਹਨਾ ਸ਼ੁਰੂ ਕੀਤਾ। ਮੈਂ 1909 ਤੋਂ ਲੈ ਕੇ ਜਾਤਪਾਤ ਬਾਰੇ ਉਸ ਦੇ ਵਿਚਾਰਾਂ ਨੂੰ ਘੋਖਦੀ ਗਈ ਜਦੋਂ ਉਸ ਨੇ ਆਪਣਾ ਸਭ ਤੋਂ ਮਸ਼ਹੂਰ ਕਿਤਾਬਚਾ 'ਹਿੰਦ ਸਵਰਾਜ' ਲਿਖਿਆ ਸੀ। ਜਦੋਂ ਕਿਤਾਬ ਦਾ ਤੁਆਰਫ਼ ਲਿਖਣ ਲਈ ਮਹੀਨਿਆਂ ਬੱਧੀ ਮੈਂ ਨਿੱਠ ਕੇ ਪੜ੍ਹਨ ਲਿਖਣ ਦਾ ਕੰਮ ਕੀਤਾ ਅਤੇ ਡਾਕਟਰ ਤੇ ਮਹਾਤਮਾ ਲਿਖਿਆ ਓਦੋਂ ਮੈਂ ਜੋ ਪੜ੍ਹਦੀ ਪਈ ਸੀ ਉਨ੍ਹਾਂ 'ਤੇ ਵਿਸ਼ਵਾਸ ਨਹੀਂ ਸੀ ਆਉਂਦਾ। ਦੇਖੋ, ਗਾਂਧੀ ਇਕ ਬੁਝਾਰਤਨੁਮਾ ਸ਼ਖਸੀਅਤ ਸੀ। ਉਹ ਸੱਚਮੁੱਚ ਜੋ ਕੁਝ ਸੀ ਉਸ ਨੂੰ ਦੇਖਣ ਦਾ ਸਾਡੇ ਵਿਚ ਜੇਰਾ ਹੋਣਾ ਚਾਹੀਦਾ ਹੈ, ਇਕ ਸ਼ਾਨਦਾਰ ਸਿਆਸਤਦਾਨ, ਇਕ ਧੂਹ-ਪਾਊ, ਔਗੁਣਾਂ ਦਾ ਪੁਤਲਾ ਇਨਸਾਨ - ਅਤੇ ਉਹ ਔਗੁਣ ਨਿਰੇ ਉਸ ਦੀ ਨਿੱਜੀ ਜ਼ਿੰਦਗੀ ਜਾਂ ਇਕ ਪਤੀ ਤੇ ਬਾਪ ਵਜੋਂ ਉਸ ਦੀ ਭੂਮਿਕਾ ਨਾਲ ਸਬੰਧਤ ਹੀ ਨਹੀਂ ਸਨ। ਜੇ ਅਸੀਂ ਉਸ ਦੀ ਜੈ-ਜੈਕਾਰ ਕਰਨੀ ਚਾਹੁੰਦੇ ਹਾਂ, ਤਾਂ ਜੋ ਕੁਝ ਉਹ ਸੀ ਸਾਡੇ ਵਿਚ ਉਸ ਨੂੰ ਖਿੜੇ ਮੱਥੇ ਕਬੂਲ ਕਰਨ ਦਾ ਜੇਰਾ ਲਾਜ਼ਮੀ ਹੋਣਾ ਚਾਹੀਦਾ ਹੈ। ਇਹ ਨਹੀਂ ਕਿ ਅਸੀਂ ਉਸ ਬਾਰੇ ਜੋ ਖ਼ਿਆਲੀ, ਫਰਜ਼ੀ ਅਕਸ ਬਣਾ ਰੱਖਿਆ ਹੈ ਉਸੇ ਨੂੰ ਧਿਆਉਂਦੇ ਰਹੀਏ।


**ਸਵਾਲ: ਤੁਹਾਡੇ 'ਤੇ ਇਲਜ਼ਾਮ ਲੱਗ ਸਕਦਾ ਹੈ ਕਿ ਤੁਸੀਂ ਗਾਂਧੀ ਦੀਆਂ ਲਿਖਤਾਂ ਵਿਚੋਂ ਉਸ ਬਾਰੇ ਆਪਣੀ ਕਲਪਨਾ, ਆਪਣੀ ਮਨਘੜਤ ਸੋਚ ਨੂੰ ਰਾਸ ਆਉਂਦੀਆਂ ਟੂਕਾਂ ਚੁਣ ਲਈਆਂ....**

ਅਰੁੰਧਤੀ: ਜਦੋਂ ਕੋਈ ਬੰਦਾ ਆਪਣੇ ਪਿੱਛੇ 98 ਜਿਲਦਾਂ ਵਿਚ ਆਪਣੀਆਂ ਸਮੂਹਿਕ ਲਿਖਤਾਂ ਛੱਡਕੇ ਜਾਂਦਾ ਹੈ ਤਾਂ ਸਾਡੇ ਕੋਲ ਛਾਂਟ ਕੇ ਚੁਣਨ ਤੋਂ ਸਿਵਾਏ ਹੋਰ ਕੀ ਰਾਹ ਰਹਿ ਜਾਂਦਾ ਹੈ? ਬੇਸ਼ਕ, ਮੈਂ ਚੁਣਵਾਂ ਪੜ੍ਹਿਆ ਹੈ, ਉਸੇ ਤਰ੍ਹਾਂ ਚੁਣਵਾਂ ਜਿਵੇਂ ਹਰ ਬੰਦਾ ਕਰਦਾ ਆਇਆ ਹੈ। ਅਤੇ ਬੇਸ਼ੱਕ ਉਹ ਚੁਣਵਾਂ ਵੀ ਉਸ ਬੰਦੇ ਦੀ ਸਿਆਸਤ ਬਾਰੇ ਬਹੁਤ ਕੁਝ ਕਹਿ ਦਿੰਦਾ ਹੈ ਜਿਸ ਨੇ ਚੋਣ ਕੀਤੀ ਹੁੰਦੀ ਹੈ। ਮੇਰਾ ਸੰਖੇਪ ਕੰਮ ਸੀ ਜਾਤਪਾਤ ਦਾ ਬੀਜਨਾਸ਼ ਦੀ ਜਾਣ-ਪਛਾਣ ਲਿਖਣਾ। ਅੰਬੇਡਕਰ ਦਾ ਮੁਤਾਲਿਆ ਕਰਦਿਆਂ ਮੈਨੂੰ ਮਹਿਸੂਸ ਹੋਇਆ ਕਿ ਉਸ ਦੇ ਆਲਮ ਉਪਰ ਗਾਂਧੀ ਕਿੰਨਾ ਛਾਇਆ ਹੋਇਆ ਸੀ। ਜਦੋਂ ਮੈਂ ਜਾਤਪਾਤ ਦੀ ਪ੍ਰਥਾ ਦਾ ਪੱਖ ਪੂਰਦੇ ਗਾਂਧੀ ਦੇ ਐਲਾਨ ਪੜ੍ਹੇ, ਮੈਂ ਹੈਰਾਨ ਰਹਿ ਗਈ ਕਿ ਅਹਿੰਸਾ ਅਤੇ ਸੱਤਿਆਗ੍ਰਹਿ ਦਾ ਉਸ ਦਾ ਮੱਤ ਕਿੰਨੀ ਅਸਾਨੀ ਨਾਲ ਇਕ ਐਸੇ ਪ੍ਰਬੰਧ ਦੀ ਬੁਨਿਆਦ ਉਪਰ ਟਿਕਿਆ ਰਹਿ ਸਕਦਾ ਸੀ ਜਿਸ ਨੂੰ ਸਿਰਫ਼ ਹਿੰਸਾ ਦੇ ਸਥਾਈ ਖ਼ਤਰੇ ਅਤੇ ਵਾਰ-ਵਾਰ ਐਸੀ ਹਿੰਸਾ ਵਰਤਾਕੇ ਹੀ ਟਿਕਾਇਆ ਜਾ ਸਕਦਾ ਸੀ ਜਿਸ ਬਾਰੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮੇਰੀ ਉਤਸੁਕਤਾ ਵਧਦੀ ਗਈ ਕਿ ਗਾਂਧੀ ਨੂੰ ਮਹਾਤਮਾ ਕਿਵੇਂ ਕਿਹਾ ਜਾਣ ਲੱਗਿਆ।

ਮੈਂ ਦੇਖਿਆ ਕਿ ਪਹਿਲੀ ਦਫ਼ਾ ਉਸ ਨੂੰ 1915 'ਚ ਮਹਾਤਮਾ ਕਿਹਾ ਗਿਆ ਸੀ, ਦੱਖਣੀ ਅਫ਼ਰੀਕਾ ਵਿਚ 20 ਸਾਲ ਗੁਜ਼ਾਰਕੇ ਹਿੰਦੁਸਤਾਨ ਮੁੜਨ ਤੋਂ ਛੇਤੀ ਪਿੱਛੋਂ। ਇਹ ਮਾਣ-ਸਨਮਾਣ ਹਾਸਲ ਕਰਨ ਲਈ ਦੱਖਣੀ ਅਫ਼ਰੀਕਾ ਵਿਚ ਉਸ ਨੇ ਕੀ ਘਾਲਣਾ ਘਾਲੀ ਸੀ?

ਇਸ ਤੋਂ ਮੈਂ ਪਿੱਛੇ 1893 ਵਿਚ ਪਰਤ ਗਈ ਜਿਸ ਸਾਲ ਉਹ 24 ਸਾਲਾਂ ਦੇ ਵਕੀਲ ਵਜੋਂ ਪਹਿਲੀ ਦਫ਼ਾ ਦੱਖਣੀ ਅਫ਼ਰੀਕਾ ਵਿਚ ਗਿਆ ਸੀ। ਮੈਂ ਪੰਜਾਹ ਸਾਲਾਂ ਤੋਂ ਵੱਧ ਅਰਸੇ ਲਈ ਜਾਤਪਾਤ ਬਾਰੇ ਗਾਂਧੀ ਦੀਆਂ ਲਿਖਤਾਂ ਨੂੰ ਪੜ੍ਹਿਆ। ਤਾਂ ਜੋ ਐਸੇ ਸਵਾਲਾਂ ਦੇ ਜਵਾਬ ਮਿਲ ਜਾਣ - "ਕੀ ਗਾਂਧੀ 'ਚ ਕੋਈ ਬਦਲਾਅ ਆਇਆ? ਜੇ ਆਇਆ, ਤਾਂ ਕਿਵੇਂ? ਕੀ ਉਸ ਦੀ ਸ਼ੁਰੂਆਤ ਮਾੜੀ ਸੀ, ਅਤੇ ਉਹ ਇਸ ਤੋਂ ਮਹਾਤਮਾ ਬਣਕੇ ਉਭਰਿਆ?" ਸੱਚਮੁੱਚ ਮੈਂ ਇਹ ਖੋਜ ਨਹੀਂ ਸੀ ਕਰ ਰਹੀ ਕਿ ਖਾਣ-ਪੀਣ ਜਾਂ ਕੁਦਰਤੀ ਇਲਾਜ ਬਾਰੇ ਗਾਂਧੀ ਦੇ ਵਿਚਾਰ ਕੀ ਸਨ, ਮੈਂ ਤਾਂ












ਜਾਤਪਾਤ ਦਾ ਖ਼ੁਰਾ ਨੱਪ ਰਹੀ ਸੀ, ਅਤੇ ਇਸ ਅਮਲ ਵਿਚ ਮੇਰੇ ਹੱਥ ਨਸਲ ਦਾ ਖ਼ੁਰਾ ਆ ਗਿਆ, ਅਤੇ ਓੜਕ ਕੁਲ ਗੜਬੜ ਅਤੇ ਕੱਟ-ਵੱਢ ਵਿਚੋਂ ਮੈਨੂੰ ਇਸ ਵਿਚ ਇਕਸਾਰਤਾ ਲੱਭ ਗਈ। ਇਸ ਸਭ ਕਾਸੇ ਦਾ ਇਕ ਮਤਲਬ ਸੀ।

ਇਸ ਵਿਚ ਇਕਸਾਰਤਾ ਸੀ, ਅਤੇ ਇਹ ਇਕਸਾਰ ਤੌਰ 'ਤੇ ਪ੍ਰੇਸ਼ਾਨ ਕਰਨ ਵਾਲਾ ਸੀ। ਤੱਥ ਇਹ ਹੈ ਕਿ ਉਸ ਨੇ ਹੋਰ ਜੋ ਕੁਝ ਵੀ ਕਿਹਾ ਤੇ ਕੀਤਾ, ਅਤੇ ਉਸ ਵਿਚੋਂ ਕੁਝ ਕਿੰਨਾ ਵੀ ਖ਼ੂਬਸੂਰਤ ਕਿਉਂ ਨਾ ਹੋਵੇ, ਉਸ ਨੇ ਕੁਝ ਬਹੁਤ ਹੀ ਪ੍ਰੇਸ਼ਾਨ ਕਰਨ ਵਾਲੀਆਂ ਚੀਜ਼ਾਂ ਕਹੀਆਂ ਅਤੇ ਕੀਤੀਆਂ। ਉਨ੍ਹਾਂ ਦੀ ਲਾਜ਼ਮੀ ਹੀ ਵਿਆਖਿਆ ਅਤੇ ਲੇਖਾਜੋਖਾ ਕੀਤਾ ਜਾਣਾ ਚਾਹੀਦਾ ਹੈ। ਇਹ ਸਾਡੇ ਸਾਰਿਆਂ ਉਪਰ, ਪਾਪੀ ਅਤੇ ਸੰਤ-ਮਹਾਤਮਾ ਹਰ ਬੰਦੇ ਉਪਰ ਬਰਾਬਰ ਲਾਗੂ ਹੁਦਾ ਹੈ। ਦਲੀਲ ਦੀ ਖ਼ਾਤਰ ਮੰਨ ਲਓ ਕਿ ਘੋਰ ਤੁਅੱਸਬਾਂ ਵਹਿਣ 'ਚ ਵਹਿਕੇ ਕੋਈ ਬੰਦਾ ਰਬਿੰਦਰਨਾਥ ਟੈਗੋਰ ਦੀਆਂ ਲਿਖਤਾਂ ਦੀ ਪੁਣ-ਛਾਣ ਕਰਨ ਬੈਠ ਜਾਂਦਾ ਹੈ। ਮੈਂ ਟੈਗੋਰ ਬਾਰੇ ਵਿਦਵਾਨ ਨਹੀਂ ਹ। ਪਰ ਮੈਨੂੰ ਪੂਰਾ ਸ਼ੱਕ ਹੈ ਕਿ ਅਜਿਹਾ ਕਰਨ ਵਾਲੇ ਨੂੰ ਉਸ ਤਰ੍ਹਾਂ ਦੇ ਪ੍ਰੇਸ਼ਾਨ ਕਰਨ ਵਾਲੇ ਖ਼ਤ, ਲੇਖ, ਤਕਰੀਰਾਂ ਅਤੇ ਮੁਲਾਕਾਤਾਂ ਨਹੀਂ ਮਿਲਣਗੇ ਜਿਸ ਤਰ੍ਹਾਂ ਦੀਆਂ ਲਿਖਤਾਂ ਮਹਾਤਮਾ ਗਾਂਧੀ ਦੀਆਂ ਸਮੁੱਚੀਆਂ ਲਿਖਤਾਂ ਦੇ ਗ੍ਰੰਥਾਂ ਵਿਚ ਮਿਲਦੀਆਂ ਹਨ।

**ਸਵਾਲ: ਤੁਹਾਡਾ ਕਹਿਣਾ ਹੈ ਕਿ ਦੱਖਣੀ ਅਫ਼ਰੀਕਾ ਵਿਚ ਰਹਿਣ ਸਮੇਂ ਗਾਂਧੀ ਦਾ ਜੋ ਵਤੀਰਾ ਸੀ ਉਸ ਨੂੰ ਕਾਲੇ ਲੋਕਾਂ ਪ੍ਰਤੀ ਨਸਲਵਾਦੀ ਵਤੀਰਾ ਹੀ ਕਿਹਾ ਜਾ ਸਕਦਾ ਹੈ, ਲਗਦਾ ਹੈ ਕਿ ਤੁਸੀਂ ਉਸ ਦੀਆਂ ਪੁਜੀਸ਼ਨਾਂ ਨੂੰ ਔਗੁਣਾਂ ਵਾਲੀਆਂ ਅਤੇ ਢੌਂਗੀ ਸਮਝਦੇ ਹੋ। ਕੀ ਇੰਵ ਹੀ ਹੈ?**

ਅਰੁੰਧਤੀ : ਮੈਂ ਇਹ ਵਿਸ਼ੇਸ਼ਣ ਨਹੀਂ ਵਰਤੇ। ਮੇਰਾ ਖ਼ਿਆਲ ਹੈ ਕਿ ਤੁਸੀਂ ਇਹ ਪ੍ਰਭਾਵ ਗਾਂਧੀ ਦੀਆਂ ਉਨ੍ਹਾਂ ਤਕਰੀਰਾਂ ਅਤੇ ਲਿਖਤਾਂ ਵਿਚੋਂ ਲਿਆ ਹੈ ਜਿਨ੍ਹਾਂ ਦੀ ਵਿਆਖਿਆ ਮੈਂ ਆਪਣੀ ਲਿਖੀ ਜਾਣ-ਪਛਾਣ ਵਿਚ ਕੀਤੀ ਹੈ, ਜੋ ਪੂਰੀ ਤਰ੍ਹਾਂ ਸਮਝ ਆਉਂਦਾ ਹੈ। ਦਰਅਸਲ, ਮੈਂ ਇਹ ਨਹੀਂ ਸੋਚਦੀ ਸੀ ਕਿ ਗਾਂਧੀ ਢੌਂਗੀ ਸੀ। ਇਸ ਦੇ ਉਲਟ, ਉਹ ਕਮਾਲ ਦਾ ਫ਼ਰਾਖ਼ਦਿਲ ਸੀ। ਅਤੇ ਅਤੇ ਮੈਂ ਪ੍ਰਭਾਵਤ ਹੋਈ ਕਿ ਉਸ ਦੀਆਂ ਸਾਰੀਆਂ ਹੀ ਲਿਖਤਾਂ ਉਸ ਦੀਆਂ ਸਮੁੱਚੀਆਂ ਲਿਖਤਾਂ ਦੇ ਸੰਗ੍ਰਹਿ ਵਿਚ ਸਾਂਭ ਦਿੱਤੀਆਂ ਗਈਆਂ, ਜਿਨ੍ਹਾਂ ਵਿਚੋਂ ਕੁਝ – ਘੱਟੋਘੱਟ ਮੇਰੇ ਖ਼ਿਆਲ 'ਚ – ਗੰਭੀਰ ਤੌਰ 'ਤੇ ਉਲਝਣ ਪੈਦਾ ਕਰਨ ਵਾਲੀਆਂ ਹਨ।

ਇਹ ਸੱਚੀਓਂ ਹੀ ਦਲੇਰੀ ਵਾਲਾ ਕੰਮ ਹੈ। ਮੈਂ ਉਸ ਅਰਸੇ ਬਾਰੇ ਵਿਸਤਾਰ ਵਿਚ ਲਿਖਿਆ ਹੈ ਜਦੋਂ ਗਾਂਧੀ ਦੱਖਣੀ ਅਫ਼ਰੀਕਾ ਵਿਚ ਰਹਿ ਰਿਹਾ ਸੀ। ਇਥੇ ਮੈਂ ਉਸ ਦੌਰ ਬਾਰੇ ਮਹਿਜ਼ ਦੋ ਚੀਜ਼ਾਂ ਕਹਾਂਗੀ। ਪਹਿਲੀ ਹੈ, ਨਸਲਵਾਦ ਅਤੇ ਸਾਮਰਾਜਵਾਦ ਬਾਰੇ ਗਾਂਧੀ ਦੀ ਸਿਆਸੀ ਜਾਗ੍ਰਿਤੀ ਬਾਰੇ ਮਸ਼ਹੂਰ ਕਥਾ ਕਿਉਂਕਿ ਜੋ ਇਹ ਕਿਹਾ ਜਾਂਦਾ ਹੈ ਕਿ ਉਸ ਨੂੰ ਪੀਟਰਮਰਿਜ਼ਬਰਗ ਵਿਚ "ਗੋਰਿਆਂ ਲਈ ਵਿਸ਼ੇਸ਼" ਡੱਬੇ ਵਿਚੋਂ ਬਾਹਰ ਸੁੱਟ ਦਿੱਤਾ ਗਿਆ ਸੀ ਇਹ ਅੱਧਾ ਸੱਚ ਹੈ। ਬਾਕੀ ਸੱਚ ਇਹ ਹੈ ਕਿ ਗਾਂਧੀ ਨਸਲੀ ਅਧਾਰ 'ਤੇ ਵਸੋਂ ਨੂੰ ਅੱਡ-ਅੱਡ ਕਰਨ ਦੇ ਖ਼ਿਲਾਫ਼ ਨਹੀਂ ਸੀ। ਦੱਖਣੀ ਅਫ਼ਰੀਕਾ ਵਿਚ ਉਸ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਹਿੰਦੁਸਤਾਨੀਆਂ ਲਈ ਵੱਖਰੇ ਸਲੂਕ ਨੂੰ ਲੈ ਕੇ ਸਨ। ਉਸ ਦਾ ਇਤਰਾਜ਼ ਸਿਰਫ਼ ਹਿੰਦੁਸਤਾਨੀਆਂ ਨਾਲ "ਭੱਦੇ ਕਾਫ਼ਿਰਾਂ" ਵਾਲਾ ਸਲੂਕ ਕੀਤੇ ਜਾਣ ਬਾਰੇ ਸੀ। ਉਹ ਕਾਲੇ ਅਫ਼ਰੀਕਣਾਂ ਬਾਰੇ ਇਹੀ ਲਫ਼ਜ਼ ਵਰਤਦਾ ਹੈ। ਉਸ ਦੀਆਂ ਪਹਿਲੀਆਂ ਸਿਆਸੀ ਜਿੱਤਾਂ ਵਿਚੋਂ ਇਕ ਸੀ ਡਰਬਨ ਡਾਕਖ਼ਾਨੇ ਦੇ 'ਮਸਲੇ' ਦਾ ਹੱਲ। ਉਸ ਨੇ ਤੀਜਾ ਦਰਵਾਜ਼ਾ ਖੁੱਲ੍ਹਵਾਉਣ ਲਈ ਕਾਮਯਾਬੀ ਨਾਲ ਮੁਹਿੰਮ ਚਲਾਈ ਤਾਂ ਜੋ ਹਿੰਦੁਸਤਾਨੀਆਂ ਨੂੰ ਉਸੇ ਦਰਵਾਜ਼ਿਓਂ ਨਾ ਲੰਘਣਾ ਪਵੇ ਜਿੱਥੋਂ 'ਕਾਫ਼ਿਰ' ਲੰਘਦੇ ਸਨ। ਉਸ ਨੇ ਅੰਗਰੇਜ਼-ਬੋਇਰ ਜੰਗ ਵਿਚ ਅਤੇ ਬੰਬਾਥਾ ਬਗ਼ਾਵਤ ਨੂੰ ਕੁਚਲਣ ਦੌਰਾਨ ਬਰਤਾਨਵੀ ਫ਼ੌਜ ਵਿਚ ਕੰਮ ਕੀਤਾ। ਆਪਣੀਆਂ ਤਕਰੀਰਾਂ ਵਿਚ ਉਸ ਨੇ ਕਿਹਾ ਕਿ ਉਸ ਨੂੰ "ਇਕ ਸ਼ਾਹੀ ਭਾਈਚਾਰੇ" ਦੀ ਜ਼ੋਰਦਾਰ ਤਾਂਘ ਰਹੀ ਸੀ। ਤੇ ਕਹਾਣੀ ਇੰਵ ਤੁਰਦੀ ਜਾਂਦੀ ਹੈ। 1913 'ਚ ਦੱਖਣੀ ਅਫ਼ਰੀਕੀ ਫ਼ੌਜੀ ਆਗੂ ਜਾਨ ਸਮੱਟਸ ਨਾਲ ਇਕ ਸਮਝੌਤੇ 'ਤੇ ਸਹੀ ਪਾਉਣ ਤੋਂ ਬਾਦ ਗਾਂਧੀ ਨੇ ਦੱਖਣੀ ਅਫ਼ਰੀਕਾ ਨੂੰ ਅਲਵਿਦਾ ਕਹਿ ਦਿੱਤੀ। ਹਿੰਦੁਸਤਾਨ ਵਾਪਸ ਆਉਂਦੇ ਵਕਤ ਉਸ ਨੇ ਲੰਦਨ ਵਿਚ ਪੜਾਅ ਕੀਤਾ ਜਿਥੇ ਬਰਤਾਨਵੀ ਸਲਤਨਤ ਲਈ ਉਸ ਦੀਆਂ ਜਨਤਕ ਸੇਵਾਵਾਂ ਬਦਲੇ ਕੈਸਰ-ਏ-ਹਿੰਦ (ਹਿੰਦ ਦਾ ਬਾਦਸ਼ਾਹ) ਸਨਮਾਨ ਨਾਲ ਸਨਮਾਨਿਆ ਗਿਆ। ਇਸ ਦਾ ਨਸਲਵਾਦ ਅਤੇ ਸਾਮਰਾਜਵਾਦ ਵਿਰੁੱਧ ਜੱਦੋਜਹਿਦ ਨਾਲ ਕੀ ਸਬੰਧ ਹੈ?

**ਸਵਾਲ: ਪਰ ਆਖ਼ਿਰ ਉਸ ਨੇ ਸਾਮਰਾਜਵਾਦ ਵਿਰੁੱਧ ਲੜਾਈ ਦਿੱਤੀ, ਕੀ ਨਹੀਂ ਲੜੀ? ਉਸ ਨੇ ਆਜ਼ਾਦੀ ਲੈਣ ਲਈ ਸਾਡੇ ਮੁਲਕ ਦੀ ਅਗਵਾਈ ਕੀਤੀ....**

ਅਰੁੰਧਤੀ: ਜੋ ਕੁਝ ਲੋਕਾਂ ਵਾਸਤੇ 'ਆਜ਼ਾਦੀ' ਸੀ, ਉਹ ਬਾਕੀਆਂ ਲਈ ਸੱਤਾ-ਬਦਲੀ ਤੋਂ ਵੱਧ ਕੁਝ ਨਹੀਂ ਸੀ। ਇਕ ਵਾਰ ਫਿਰ, ਮੈਂ ਤਾਂ ਕਹਾਂਗੀ ਕਿ ਗਾਂਧੀ-ਅੰਬੇਡਕਰ ਬਹਿਸ "ਸਾਮਰਾਜਵਾਦ" ਅਤੇ "ਆਜ਼ਾਦੀ' ਵਰਗੇ ਲਫ਼ਜ਼ਾਂ ਬਾਰੇ ਸਾਡੀ ਸਮਝ ਨੂੰ ਡੂੰਘਾ ਕਰਦੀ ਅਤੇ ਪੇਚੀਦਾ ਹੀ ਬਣਾਉਂਦੀ ਹੈ। 1931 'ਚ, ਜਦੋਂ ਅੰਬੇਡਕਰ ਪਹਿਲੀ ਦਫ਼ਾ ਗਾਂਧੀ ਨੂੰ ਮਿਲਿਆ ਤਾਂ ਗਾਂਧੀ ਨੇ ਉਸ ਨੂੰ ਕਾਂਗਰਸ ਦੀ ਤਿੱਖੀ ਆਲੋਚਨਾ ਬਾਰੇ ਸਵਾਲ ਕੀਤਾ, ਜੋ ਉਸ ਵਕਤ ਵਤਨ ਲਈ ਸੰਘਰਸ਼ ਦੀ ਨੁਕਤਾਚੀਨੀ ਕਰਨ ਦੇ ਬਰਾਬਰ ਸੀ। ਅੰਬੇਡਕਰ ਦਾ ਮਸ਼ਹੂਰ ਅਤੇ ਤੋੜਕੇ ਦਿੱਤਾ ਜਵਾਬ ਸੀ: "ਗਾਂਧੀ ਜੀ, ਮੇਰਾ ਕੋਈ ਵਤਨ ਨਹੀਂ ਹੈ। ਅਛੂਤ ਕਹਾਉਂਦਾ ਕੋਈ ਬੰਦਾ ਵੀ ਇਸ ਧਰਤੀ 'ਤੇ ਮਾਣ ਨਹੀਂ ਕਰੇਗਾ।"

ਦੱਖਣੀ ਅਫ਼ਰੀਕਾ ਤੋਂ ਵਾਪਸ ਆਉਣ ਤੋਂ ਬਾਦ ਵੀ ਗਾਂਧੀ ਅਜੇ ਵੀ ਖ਼ੁਦ ਨੂੰ ਅੰਗਰੇਜ਼ ਸਲਤਨਤ ਦੀ 'ਜ਼ਿੰਮੇਵਾਰ' ਪਰਜਾ ਹੀ ਸਮਝਦਾ ਸੀ। ਪਰ ਕੁਝ ਸਾਲਾਂ 'ਚ, ਪਹਿਲੀ ਕੌਮੀ ਨਾਮਿਲਵਰਤਣ ਲਹਿਰ ਦੇ ਸਮੇਂ, ਗਾਂਧੀ ਅੰਗਰੇਜ਼ਾਂ ਦੇ ਖ਼ਿਲਾਫ਼ ਹੋ ਗਿਆ ਸੀ। ਦਹਿ-ਲੱਖਾਂ ਲੋਕ ਉਸ ਦੇ ਸੱਦੇ 'ਤੇ ਆ ਜੁੜਦੇ ਸਨ। ਅਤੇ ਚਾਹੇ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਉਸ ਨੇ ਅੰਗਰੇਜ਼ ਰਾਜ ਤੋਂ ਆਜ਼ਾਦੀ ਲੈਣ ਵਿਚ ਹਿੰਦੁਸਤਾਨ ਦੀ ਅਗਵਾਈ ਕੀਤੀ, ਨਿਸ਼ਚੇ ਹੀ ਉਸ ਦੀ ਭੂਮਿਕਾ ਸ਼ਾਨਦਾਰ ਸੀ। ਚਾਹੇ ਸੰਘਰਸ਼ ਵਿਚ ਗਾਂਧੀ ਬਰਾਬਰੀ ਦੀ ਗੱਲ ਕਰਦਾ ਰਿਹਾ ਅਤੇ ਕੁਝ ਸਮਿਆਂ 'ਤੇ ਤਾਂ ਇੰਵ ਲਗਦਾ ਹੈ ਜਿਵੇਂ ਉਹ ਸਮਾਜਵਾਦੀ ਹੁੰਦਾ ਹੈ, ਪਰ ਉਸ ਨੇ ਕਦੇ ਵੀ ਰਵਾਇਤੀ ਜਾਤਪਾਤੀ ਦਰਜੇਬੰਦੀਆਂ ਜਾਂ ਵੱਡੇ ਜ਼ਮੀਦਾਰਾਂ ਨੂੰ ਚੁਣੌਤੀ ਨਹੀਂ ਦਿੱਤੀ।

ਬਿਰਲੇ, ਟਾਟੇ ਅਤੇ ਬਜਾਜ ਘਰਾਣੇ ਗਾਂਧੀ ਦੀਆਂ ਸਿਆਸੀ ਸਰਗਰਮੀਆਂ ਦੇ ਮਾਲੀ ਖ਼ਰਚੇ ਦਿੰਦੇ ਸਨ ਅਤੇ ਉਸ ਨੇ ਉਨ੍ਹਾਂ ਨਾਲ ਸਬੰਧ ਕਦੇ ਵੀ ਨਹੀਂ ਵਿਗਾੜੇ। ਉਨ੍ਹਾਂ ਵਿਚੋਂ ਕਈਆਂ ਨੇ ਪਹਿਲੀ ਆਲਮੀ ਜੰਗ ਦੌਰਾਨ ਖ਼ੂਬ ਕਮਾਈ ਕੀਤੀ ਸੀ ਅਤੇ ਹੁਣ ਰਹਿੰਦੀਆਂ ਰੋਕਾਂ ਵੀ ਤੋੜ ਰਹੇ ਹਨ।

ਉਹ ਅੰਗਰੇਜ਼ ਰਾਜ ਤੋਂ ਚਿੜ੍ਹਦੇ ਸਨ। ਅੰਗਰੇਜ਼ ਰਾਜ ਅਤੇ ਨਸਲਵਾਦ ਨਾਲ ਉਨ੍ਹਾਂ ਦੇ ਆਹਢੇ ਨੇ ਉਨ੍ਹਾਂ ਦਾ ਦਾਇਰਾ ਸੀਮਤ ਕੀਤਾ ਹੋਇਆ ਸੀ। ਲਿਹਾਜ਼ਾ ਉਨ੍ਹਾਂ ਨੇ ਕੌਮੀ ਲਹਿਰ ਦੇ ਪੱਖ 'ਚ ਡੱਕਾ ਸੁੱਟਿਆ।

ਜਿਸ ਵਕਤ ਗਾਂਧੀ ਦੱਖਣੀ ਅਫ਼ਰੀਕਾ ਤੋਂ ਵਾਪਸ ਪਰਤਿਆ, ਓਦੋਂ ਮਿੱਲਾਂ ਦੇ ਮਜ਼ਦੂਰਾਂ ਵਿਚ ਬੇਚੈਨੀ ਸੀ ਜਿਨ੍ਹਾਂ ਨੂੰ ਮਿੱਲ ਮਾਲਕਾਂ ਨੂੰ ਮਿਲੇ ਛੱਤ-ਪਾੜ ਮੁਨਾਫ਼ਿਆਂ ਦਾ ਕੋਈ ਫ਼ਾਇਦਾ ਨਹੀਂ ਸੀ ਹੋਇਆ। ਅਹਿਮਦਾਬਾਦ ਦੀਆਂ ਮਿੱਲਾਂ ਵਿਚ ਅਚਾਨਕ ਹੜਤਾਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਮਿੱਲ ਮਾਲਕਾਂ ਨੇ ਗਾਂਧੀ ਨੂੰ ਹੜਤਾਲ ਖ਼ਤਮ ਕਰਾਉਣ ਵਾਸਤੇ ਵਿਚੋਲਗੀ ਕਰਨ ਲਈ ਕਿਹਾ। ਮੈਂ ਗਾਂਧੀ ਵਲੋਂ ਸਾਲਾਂ ਬੱਧੀ ਮਜ਼ਦੂਰਾਂ ਦੇ ਝਗੜਿਆਂ ਵਿਚ ਦਖ਼ਲ ਦੇਣ, ਮਜ਼ਦੂਰ ਯੂਨੀਅਨਾਂ ਨਾਲ ਨਜਿੱਠਣ ਅਤੇ ਹੜਤਾਲਾਂ ਬਾਰੇ ਉਸ ਦੇ ਮਜ਼ਦੂਰਾਂ ਨੂੰ ਉਪਦੇਸ਼ ਬਾਰੇ ਲਿਖਿਆ ਹੈ – ਇਸ ਦਾ ਜ਼ਿਆਦਾਤਰ ਹਿੱਸਾ ਪ੍ਰੇਸ਼ਾਨ ਕਰਨ ਵਾਲਾ ਹੈ। ਹੋਰ ਖੇਤਰਾਂ ਵਿਚ ਵੀ, ਗਾਂਧੀ ਦੀ ਮਸ਼ਹੂਰ 'ਵਿਹਾਰਕ ਪਹੁੰਚ' ਬਹੁਤ ਹੀ ਅਜੀਬ ਮੋੜ ਕੱਟਦੀ ਰਹੀ। ਮਸਲਨ, ਜਦੋਂ 1924 'ਚ ਪੁਣੇ ਤੋਂ ਥੋੜ੍ਹਾ ਦੂਰ ਪਿੰਡਾਂ ਦੇ ਲੋਕ ਟਾਟਾ ਵਲੋਂ ਬੰਬਈ ਦੀਆਂ ਮਿੱਲਾਂ ਲਈ ਬਿਜਲੀ ਪੈਦਾ ਕਰਨ ਦੇ ਮਨੋਰਥ ਨਾਲ ਬਣਾਏ ਜਾਣ ਵਾਲੇ ਮੁਲਸ਼ੀ ਡੈਮ ਦੇ ਖ਼ਿਲਾਫ਼ ਰੋਸ ਪ੍ਰਗਟਾ ਰਹੇ ਸਨ, ਗਾਂਧੀ ਨੇ ਖ਼ਤ ਲਿਖਕੇ ਉਨ੍ਹਾਂ ਨੂੰ ਆਪਣਾ ਰੋਸ ਖ਼ਤਮ ਕਰ ਦੇਣ ਦਾ ਮਸ਼ਵਰਾ ਦਿੱਤਾ। ਉਸ ਦਾ ਤਰਕ ਸਰਵਉੱਚ ਅਦਾਲਤ ਦੇ ਸੰਨ 2000 ਦੇ ਉਸ ਫ਼ੈਸਲੇ ਨਾਲ ਬਹੁਤ ਜ਼ਿਆਦਾ ਮਿਲਦਾ-ਜੁਲਦਾ ਹੈ ਜਿਸ ਨੇ ਲੋਕਾਂ ਦੇ ਰੋਸ ਦੇ ਬਾਵਜੂਦ ਵਿਸ਼ਵ ਬੈਂਕ ਦੇ ਫੰਡਾਂ ਨਾਲ ਬਣਾਏ ਜਾ ਰਹੇ ਸਰਦਾਰ ਸਰੋਵਰ ਡੈਮ ਦੀ ਉਸਾਰੀ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ। ... ਲਿਹਾਜ਼ਾ ਅੰਬੇਡਕਰ ਐਨ ਸਹੀ ਸੀ ਜਦੋਂ ਉਸ ਨੇ ਕਿਹਾ: "ਕਾਂਗਰਸ ਆਜ਼ਾਦੀ ਲਈ ਲੜ ਰਹੀ ਹੈ ਇਸ ਸਵਾਲ ਦੀ ਇਸ ਸਵਾਲ ਦੇ ਮੁਕਾਬਲੇ ਬਹੁਤ ਥੋੜ੍ਹੀ ਅਹਿਮੀਅਤ ਹੈ ਕਿ ਕਾਂਗਰਸ ਕਿਸ ਦੀ ਆਜ਼ਾਦੀ ਲਈ ਲੜ ਰਹੀ ਹੈ?"

**ਸਵਾਲ: ਬੀਤੇ 'ਚ ਤੁਸੀਂ ਮੈਦਾਨੇ-ਜੰਗ ਦੀਆਂ ਰਿਪੋਰਟਾਂ ਜਾਂ ਉਧੜਕੇ ਸਾਹਮਣੇ ਆ ਰਹੇ ਸਮਕਾਲੀ ਵਰਤਾਰਿਆਂ ਦੇ ਅਧਾਰ 'ਤੇ ਜ਼ਬਰਦਸਤ ਸਿਆਸੀ ਲੇਖ ਲਿਖੇ ਹਨ। ਪਰ ਇਸ ਲਿਖਤ ਵਿਚ, ਤੁਸੀਂ ਇਕ ਬਹੁਤ ਹੀ ਗੰਭੀਰ ਖੋਜ ਕੀਤੀ ਜਾਪਦੀ ਹੈ ਅਤੇ ਕੌਮੀ ਲਹਿਰ, ਗਾਂਧੀ ਅਤੇ ਅੰਬੇਡਕਰ ਬਾਰੇ ਖੋਜ ਕਰਨ ਵਾਲੇ ਬਹੁਤ ਸਾਰੇ ਉੱਘੇ ਇਤਿਹਾਸਕਾਰਾਂ ਤੋਂ ਬਹੁਤ ਹੀ ਵੱਖਰੇ ਸਿੱਟੇ ਕੱਢੇ ਹਨ। ਇਹ ਜ਼ਾਹਿਰ ਹੈ ਕਿ ਤੁਹਾਨੂੰ ਚੁਣੌਤੀ ਦਿੱਤੀ ਜਾਵੇਗੀ। ਉਸ ਸਫ਼ਰ ਬਾਰੇ ਦੱਸੋ ਜੋ ਡਾਕਟਰ ਅਤੇ ਮਹਾਤਮਾ ਨੂੰ ਲਿਖੇ ਜਾਣ ਨਾਲ ਸਬੰਧਤ ਹੈ।**

ਅਰੁੰਧਤੀ: ਤੁਸੀਂ ਕਹਿੰਦੇ ਹੋ ਕਿ ਮੈਨੂੰ ਚੁਣੌਤੀ ਦਿੱਤੀ ਜਾਵੇਗੀ? ਇਧਰ ਮੈਂ ਤਾਂ ਇਹ ਤਸੱਵਰ ਕਰੀ ਬੈਠੀ ਸੀ ਕਿ ਇਹ ਤਾਂ ਮੈਂ ਹਾਂ ਜੋ ਚੁਣੌਤੀ ਦੇਣ ਜਾ ਰਹੀ ਹਾਂ! ਕਈ ਸਾਲ ਪਹਿਲਾਂ, ਨਾਵਾਇਣ ਦੇ ਪ੍ਰਕਾਸ਼ਕ ਐੱਸ.ਆਨੰਦ ਨੇ ਜਾਤਪਾਤ ਦਾ ਬੀਜਨਾਸ਼ ਕਿਤਾਬ ਦੀ ਆਰਜੀ ਜਿਲਦ ਵਾਲੀ ਕਾਪੀ ਮੈਨੂੰ ਸੌਂਪਦੇ ਹੋਏ ਕਿਹਾ ਸੀ ਕਿ ਮੈਂ ਇਸ ਦੀ ਜਾਣ-ਪਛਾਣ ਲਿਖ ਦਿਆਂ। ਮੈਂ ਇਸ ਨੂੰ ਪੜ੍ਹਿਆ ਤੇ ਇਹ ਝੰਜੋੜਨ ਵਾਲੀ ਸੀ। ਪਰ ਮੈਨੂੰ ਡਰ ਇਸ ਸੰਭਾਵਨਾ ਦਾ ਸੀ ਕਿ ਜਾਣ-ਪਛਾਣ ਲਿਖਣੀ ਹੈ ਤਾਂ ਸੱਚੀ ਹੋਵੇ, ਇਹ ਐਵੇਂ ਇੱਧਰੋਂ-ਉਧਰੋਂ ਕੁਝ ਟੂਕਾਂ ਲੈ ਕੇ ਸਿਫ਼ਤਾਂ ਦਾ ਪੁਲੰਦਾ ਨਾ ਹੋਵੇ। ਮੈਨੂੰ ਨਹੀਂ ਸੀ ਲਗਦਾ ਕਿ ਮੇਰੀ ਇਹ ਕਰ ਸਕਣ ਦੀ ਤਿਆਰੀ ਸੀ। ਮੈਂ ਜਾਣਦੀ ਸੀ ਕਿ ਇਸ ਦਾ ਮਤਲਬ ਹੋਵੇਗਾ ਬਹੁਤ ਹੀ ਜ਼ੋਖ਼ਮ ਭਰੇ ਦਰਿਆ ਤੈਰਨਾ। ਆਨੰਦ ਨੇ ਕਿਹਾ ਕਿ ਉਹ ਇਤਜ਼ਾਰ ਕਰੇਗਾ, ਅਤੇ ਉਸ ਨੇ ਕੀਤੀ ਵੀ।

ਇਸੇ ਦੌਰਾਨ, ਉਸ ਨੇ ਉਨ੍ਹਾਂ ਟਿੱਪਣੀਆਂ ਬਾਰੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਜਾਤਪਾਤ ਦਾ ਬੀਜਨਾਸ਼ ਕਿਤਾਬ ਨੂੰ ਪ੍ਰਸੰਗ ਵਿਚ ਰੱਖਕੇ ਪੇਸ਼ ਕਰਦੀਆਂ ਹਨ ਅਤੇ ਇਸ ਵਿਸ਼ੇ 'ਚ ਰੁਚੀ ਰੱਖਣ ਵਾਲੇ ਵਿਦਵਾਨਾਂ ਲਈ ਇਸ ਨੂੰ ਅਸਧਾਰਨ ਭਰਪੂਰ ਸਮੱਗਰੀ ਬਣਾ ਦਿੰਦੀਆਂ ਹਨ। ਮੈਂ ਕਥਾ-ਸਾਹਿਤ ਉਪਰ ਕੰਮ ਕਰ ਰਹੀ ਸੀ ਅਤੇ ਮਨ ਵਿਚ ਧਾਰ ਲਿਆ ਸੀ ਕਿ ਮੈਂ ਅਜਿਹਾ ਕੁਛ ਨਹੀਂ ਲਿਖਾਂਗੀ ਜਿਸ ਨਾਲ ਇਹ ਫੁੱਟ-ਨੋਟਾਂ ਦੀ ਮਹੱਤਤਾ ਵਾਲੀਆਂ ਲਿਖਤਾਂ ਵਿਚ ਹੋਰ ਵਾਧਾ ਕਰ ਦੇਵੇ। ਪਰ ਜਦੋਂ ਮੈਂ ਜਾਣ-ਪਛਾਣ ਲਿਖਣੀ ਸ਼ੁਰੂ ਕਰ ਦਿੱਤੀ, ਜਿਸ ਤਰਜ਼ 'ਤੇ ਮੇਰੀ ਦਲੀਲ ਵਿਗਸਣ ਲੱਗੀ, ਮੈਨੂੰ ਲਗਭਗ ਹਰ ਵਾਕ ਦਾ ਹਵਾਲਾ ਦੇਣਾ ਪਿਆ। ਛੇਤੀ ਹੀ ਮੈਨੂੰ ਲਿਖਣ ਦਾ ਸਰੂਰ ਆਉਣਾ ਸ਼ੁਰੂ ਹੋ ਗਿਆ। ਟਿੱਪਣੀਆਂ ਮਹਿਜ਼ ਹਵਾਲੇ ਨਹੀਂ ਹਨ, ਇਹ ਤਕਰੀਬਨ ਆਪਣੇ ਆਪ 'ਚ ਹੀ ਬਰਾਬਰ ਬਿਰਤਾਂਤ ਹਨ। ਮੈਨੂੰ ਉਮੀਦ ਹੈ ਕਿ ਕੁਝ ਲੋਕ ਇਸ ਨੂੰ ਪੜ੍ਹਨ ਦੀ ਕਸ਼ਟ ਜ਼ਰੂਰ ਕਰਨਗੇ।...

ਪਰ ਦੁਬਾਰਾ ਤੁਹਾਡੇ "ਡਾਕਟਰ ਅਤੇ ਮਹਾਤਮਾ" ਨੂੰ ਚੁਣੌਤੀ ਦਿੱਤੇ ਜਾਣ ਦੇ ਸਵਾਲ ਵੱਲ ਮੁੜਿਆ ਜਾਵੇ – ਪਹਿਲਾਂ ਵੀ ਕਈ ਇਤਿਹਾਸਕਾਰਾਂ ਨੇ ਗਾਂਧੀ ਦੀ ਆਲੋਚਨਾ ਕੀਤੀ ਹੈ, ਪਰ ਹੋਰ ਕਾਰਨਾਂ ਕਰਕੇ। ਲਿਹਾਜ਼ਾ ਮੈਂ ਨਹੀਂ ਸਮਝਦੀ ਕਿ ਇਸ ਪੱਖੋਂ ਇਹ ਕਰਨ ਵਾਲੀ ਸਿਰਫ਼ ਮੈਂ ਹੀ ਹਾਂ। ਬਹੁਤ ਸਾਰੇ ਦਲਿਤ ਅਤੇ ਦਲਿਤ ਵਿਦਵਾਨ ਦਹਾਕਿਆਂ ਤੋਂ ਗਾਂਧੀ ਅਤੇ ਗਾਂਧੀਵਾਦ ਦੀ ਤਿੱਖੀ ਆਲੋਚਨਾ ਕਰਦੇ ਆਏ ਹਨ। ਇਸ ਸੂਰਤ 'ਚ, ਜੇ ਇਹ ਕਿਤਾਬ ਇਕ ਹੋਰ ਬਹਿਸ, ਇਕ ਸੱਚੀ ਬਹਿਸ ਛੇੜਦੀ ਹੈ ਤਾਂ ਇਹ ਚੰਗੀ ਚੀਜ਼ ਹੀ ਹੋਵੇਗੀ। ਮੈਂ ਸਮਝਦੀ ਹਾਂ ਕਿ ਹੁਣ ਵਕਤ ਹੈ ਕਿ ਇਕ ਬਹਿਸ ਛਿੜੇ। ਮੈਨੂੰ ਯਕੀਨ ਹੈ ਕਿ ਬਥੇਰੇ ਲੋਕ ਹਨ ਜਿਨ੍ਹਾਂ ਨੂੰ ਇਸ ਦੇ ਅਧਾਰ 'ਤੇ ਦਲੀਲਬਾਜ਼ੀ ਕਰਨ 'ਚ ਖ਼ੁਸ਼ੀ ਮਹਿਸੂਸ ਹੋਵੇਗੀ।

**ਸਵਾਲ: ਜੋ ਵੈਂਡੀ ਡੌਨੀਗਰ ਦੀ ਕਿਤਾਬ ਨਾਲ ਵਾਪਰਿਆ, ਉਸ ਨੂੰ ਦੇਖਦਿਆਂ ਤੁਹਾਨੂੰ ਪ੍ਰੇਸ਼ਾਨੀ ਨਹੀਂ ਹੋਈ?**

ਅਰੁੰਧਤੀ: ਨਹੀਂ, ਇਸ ਖ਼ਾਸ ਕਿਤਾਬ ਬਾਰੇ ਨਹੀਂ। ਇਹ ਅੰਬੇਡਕਰ ਦੀ ਕਿਤਾਬ ਹੈ ਨਾ। ਪਰ ਇਹ ਸੱਚ ਹੈ ਕਿ ਅਸੀਂ ਜੋ ਸੋਚਦੇ ਹਾਂ ਉਸ ਨੂੰ ਲਿਖਣ ਅਤੇ ਕਹਿਣ ਦੀ ਆਜ਼ਾਦੀ ਘਟਦੀ ਜਾ ਰਹੀ ਹੈ। 19ਵੀਂ ਸਦੀ ਵਿਚ ਗੁਸਤਾਖ਼ ਮਿਰਜ਼ਾ ਗ਼ਾਲਿਬ ਇਸਲਾਮ ਨਾਲ ਆਪਣੇ ਰਿਸ਼ਤੇ ਬਾਰੇ ਜੋ ਕਹਿ ਸਕਦਾ ਸੀ, 1940ਵਿਆਂ ਵਿਚ ਸਆਦਤ ਹਸਨ ਮੰਟੋ ਮੁਲਾਣਿਆਂ ਬਾਰੇ ਜੋ ਕਹਿ ਸਕਦਾ ਸੀ, ਅੰਬੇਡਕਰ ਜੋ ਕੁਝ 1930ਵਿਆਂ ਵਿਚ ਹਿੰਦੂਵਾਦ ਬਾਰੇ ਕਹਿ ਸਕਦਾ ਸੀ, ਜੋ ਨਹਿਰੂ ਜਾਂ ਜੈਪ੍ਰਕਾਸ਼ ਕਸ਼ਮੀਰ ਬਾਰੇ ਕਹਿ ਸਕਦੇ ਸਨ – ਅੱਜ ਸਾਡੇ ਵਿਚੋਂ ਕੋਈ ਵੀ ਆਪਣੀਆਂ ਜਾਨਾਂ ਜ਼ੋਖ਼ਮ ਵਿਚ ਪਾਏ ਬਗ਼ੈਰ ਨਹੀਂ ਕਹਿ ਸਕਦਾ। ਜਾਤਪਾਤ ਦਾ ਬੀਜਨਾਸ਼ ਕਿਤਾਬ ਦੇ ਛਪਣ ਤੋਂ ਪਿੱਛੋਂ ਗਾਂਧੀ ਅਤੇ ਅੰਬੇਡਕਰ ਦਰਮਿਆਨ ਦਲੀਲਬਾਜ਼ੀ ਦੋ ਅਸਾਧਾਰਨ ਹਸਤੀਆਂ ਦਰਮਿਆਨ ਸਖ਼ਤ, ਤਿੱਖੀ ਬਹਿਸ ਸੀ – ਉਹ ਸੱਚੀ ਬਹਿਸ ਤੋਂ ਡਰਦੇ ਨਹੀਂ ਸਨ। ਅੱਜ ਦੇ ਕੱਟੜਪੰਥੀਆਂ ਦੇ ਉਲਟ ਜੋ ਕਿਤਾਬਾਂ 'ਤੇ ਪਾਬੰਦੀ ਲਾਉਣ ਦੀ ਮੰਗ ਕਰ ਰਹੇ ਹਨ, ਗਾਂਧੀ ਚਾਹੁੰਦਾ ਸੀ ਕਿ ਲੋਕ ਇਸ ਨੂੰ ਪੜ੍ਹਨ, ਜਿਸ ਦੇ ਮਜ਼ਮੂਨ ਨਾਲ ਉਹ ਸਹਿਮਤ ਨਹੀਂ ਸੀ। ਉਸ ਨੇ ਕਿਹਾ, "ਕੋਈ ਸੁਧਾਰਕ ਤਕਰੀਰ ਨੂੰ ਅੱਖੋਂ ਪਰੋਖੇ ਨਹੀ

ਸਕਦਾ...। ਇਸ ਨੂੰ ਇਸ ਕਰਕੇ ਪੜ੍ਹਨਾ ਹੋਵੇਗਾ ਕਿਉਂਕਿ ਇਹ ਗੰਭੀਰ ਇਤਰਾਜ਼ਾਂ ਨੂੰ ਸੱਦਾ ਦਿੰਦੀ ਹੈ। ਡਾ. ਅੰਬੇਡਕਰ ਹਿੰਦੂਵਾਦ ਲਈ ਵੰਗਾਰ ਹੈ।"

**ਸਵਾਲ: ਤੁਹਾਡੀ ਜਾਣ-ਪਛਾਣ ਮੀਡੀਆ ਸਮੇਤ ਸਥਾਪਤੀ ਵਿਚ ਰਵਾਇਤੀ ਉੱਚੀਆਂ ਜਾਤਾਂ ਦੇ ਸਰਵ-ਵਿਆਪਕ ਗ਼ਲਬੇ ਦੀ ਜ਼ਬਰਦਸਤ ਆਲੋਚਨਾ ਨਾਲ ਸ਼ੁਰੂ ਹੁੰਦੀ ਹੈ। ਤੇ ਤੁਸੀਂ ਕਹਿੰਦੇ ਹੋ ਕਿ ਪੂਰੀ ਸਿਆਸੀ ਸਥਾਪਤੀ (ਰਾਜ ਸੱਤਾ) ਵਿਚ 'ਦੇਖਕੇ ਅਣਡਿੱਠ ਕਰਨ ਦਾ ਪ੍ਰੋਜੈਕਟ' ਚਲਿਆ ਆ ਰਿਹਾ ਹੈ। ਕੀ ਤੁਸੀਂ ਇਹ ਨਹੀਂ ਸੋਚਦੇ ਕਿ ਮੰਡਲ ਕਮਿਸ਼ਨ ਤੋਂ ਪਿੱਛੋਂ ਸਮਕਾਲੀ ਹਿੰਦੁਸਤਾਨ ਦੀਆਂ ਹਕੀਕਤਾਂ ਨੇ ਸੱਚੀਓਂ ਹੀ ਜਾਤਪਾਤ ਨੂੰ ਕੁਲ ਸਿਆਸਤ ਦਾ ਮੂਲ ਅਧਾਰ ਬਣਾ ਦਿੱਤਾ ਹੈ?**

ਅਰੁੰਧਤੀ: ਜਦੋਂ ਤੁਸੀਂ ਹਿੰਦੁਸਤਾਨ ਨੂੰ ਜਾਤਪਾਤ ਦੀ ਪ੍ਰਿਜ਼ਮ ਰਾਹੀਂ ਦੇਖਦੇ ਹੋ, ਇਹ ਦੇਖਦੇ ਹੋ ਕਿ ਧਨ ਉੱਪਰ ਕਿਸਦਾ ਕਬਜ਼ਾ ਹੈ, ਕਾਰਪੋਰੇਸ਼ਨਾਂ ਦਾ ਮਾਲਕ ਕੌਣ ਹੈ, ਧੜਵੈਲ ਮੀਡੀਆ ਦਾ ਮਾਲਕ ਕੌਣ ਹੈ, ਨਿਆਂਪਾਲਿਕਾ, ਨੌਕਰਸ਼ਾਹੀ ਵਿਚ ਕੌਣ ਲੋਕ ਹਨ, ਜ਼ਮੀਨ ਦੇ ਮਾਲਕ ਕੌਣ ਹਨ, ਕੌਣ ਮਾਲਕ ਨਹੀਂ ਹਨ ਤਾਂ ਸਮਕਾਲੀ ਹਿੰਦੁਸਤਾਨ ਚਾਣਚੱਕ ਸਿਰੇ ਦਾ ਗ਼ੈਰ-ਸਮਕਾਲੀ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬਹੁਤ ਪਹਿਲਾਂ ਤੋਂ ਲੈ ਕੇ ਜਾਤਪਾਤ ਸਮੁੱਚੇ ਹਿੰਦੁਸਤਾਨੀ ਸਮਾਜ ਨੂੰ ਚਲਾਉਣ ਵਾਲਾ ਇੰਜਣ ਰਿਹਾ ਹੈ, ਇਕੱਲੇ ਹਿੰਦੂ ਸਮਾਜ ਨੂੰ ਨਹੀਂ। ਡਾਕਟਰ ਅਤੇ ਮਹਾਤਮਾ ਦੇ ਲੰਮੇ ਹਿੱਸੇ ਵਿਚ ਇਹ ਵਿਸ਼ਲੇਸ਼ਣ ਕੀਤਾ ਗਿਆ ਹੈ ਕਿ 19ਵੀਂ ਸਦੀ ਦੇ ਅਖ਼ੀਰ ਵਿਚ, ਜਦੋਂ 'ਸਲਤਨਤ' ਦਾ ਖ਼ਿਆਲ 'ਕੌਮ' ਦੇ ਖ਼ਿਆਲ ਵਿਚ ਬਦਲਣਾ ਸ਼ੁਰੂ ਹੋ ਗਿਆ, ਜਦੋਂ ਰਾਜ-ਪ੍ਰਸ਼ਾਸਨ ਅਤੇ 'ਨੁਮਾਇੰਦਗੀ' ਦੇ ਨਵੇਂ ਖ਼ਿਆਲ ਸਾਡੀਆਂ ਬਰੂਹਾਂ 'ਤੇ ਆਣ ਢੁੱਕੇ, ਇਨ੍ਹਾਂ ਦੀ ਆਮਦ ਨਾਲ ਆਬਾਦੀ ਅਤੇ ਗਿਣਤੀ ਬਾਰੇ ਬੇਥਾਹ ਚਿੰਤਾ ਕੀਤੀ ਜਾਣੀ ਸ਼ੁਰੂ ਹੋ ਗਈ। ਇਸ ਤੋਂ ਸਦੀਆਂ ਪਹਿਲਾਂ, ਦਬਾਈਆਂ ਗਈਆਂ ਜਾਤਾਂ ਨਾਲ ਸਬੰਧਤ ਦਹਿ-ਲੱਖਾਂ ਲੋਕ – ਜਿਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਨੇ ਹਜ਼ਾਰਾਂ ਸਾਲਾਂ ਤੋਂ ਸਮਾਜ ਵਿਚੋਂ ਛੇਕਿਆ ਹੋਇਆ ਸੀ – ਜਾਤਪਾਤ ਦੇ ਦਾਗ਼ ਤੋਂ ਬਚਣ ਲਈ ਪਹਿਲਾਂ ਇਸਲਾਮ ਧਾਰਨ ਕਰਦੇ ਰਹੇ, ਅਤੇ ਫਿਰ ਸਿੱਖ ਅਤੇ ਈਸਾਈ ਧਰਮ ਅਪਨਾਉਂਦੇ ਰਹੇ ਸਨ। ਪਰ ਅਚਾਨਕ ਗਿਣਤੀ ਦੀ ਅਹਿਮੀਅਤ ਬਣਨੀ ਸ਼ੁਰੂ ਹੋ ਗਈ। ਅੰਕਾਂ ਦੀ ਖੇਡ ਵਿਚ ਪੰਜ ਕਰੋੜ ਦੇ ਕਰੀਬ "ਅਛੂਤ" ਅਹਿਮ ਅਖ਼ਤਿਆਰ ਕਰ ਗਏ। ਧਰਮ-ਬਦਲੀ ਨੂੰ ਠੱਲ ਪਾਉਣ ਲਈ, ਹਿੰਦੂ ਸੁਧਾਰਵਾਦੀ ਧੜਿਆਂ ਦੇ ਜਮਘਟੇ ਨੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ। ਆਰੀਆ ਸਮਾਜ ਨੇ -'ਭਿੱਟ ਹੋਇਆਂ ਦੀ ਭਿੱਟ ਲਾਹੁਣ ਲਈ' – ਅਛੂਤਾਂ ਅਤੇ ਆਦਿਵਾਸੀਆਂ ਨੂੰ ਦੁਬਾਰਾ 'ਹਿੰਦੂ ਘੇਰੇ' ਵਿਚ ਲਿਆਉਣ ਤੇ ਉਨ੍ਹਾਂ ਨੂੰ ਭਰਮਾਉਣ ਦੇ ਮਨੋਰਥ ਨਾਲ ਸ਼ੁੱਧੀ ਲਹਿਰ ਵਿੱਢ ਦਿੱਤੀ। ਇਸ ਦਾ ਇਕ ਰੂਪ ਅੱਜ ਵੀ ਜਾਰੀ ਹੈ। ਵਿਸ਼ਵ ਹਿੰਦੂ ਪਰੀਸ਼ਦ ਅਤੇ ਬਜਰੰਗ ਦਲ 'ਘਰ ਵਾਪਸੀ' ਦੇ ਪ੍ਰੋਗਰਾਮ ਚਲਾ ਰਹੇ ਹਨ ਜਿਨ੍ਹਾਂ ਵਿਚ ਆਦਿਵਾਸੀ ਲੋਕਾਂ ਦੀ 'ਭਿੱਟ ਲਾਹਕੇ' ਉਨ੍ਹਾਂ ਦੀ 'ਹਿੰਦੂਵਾਦ' ਵਿਚ ਵਾਪਸੀ ਕਰਾਈ ਜਾਂਦੀ ਹੈ। ਲਿਹਾਜ਼ਾ, ਹਿੰਦੁਸਤਾਨ ਵਿਚ ਜਾਤਪਾਤ ਕੁਲ ਸਿਆਸਤ ਦਾ ਮੂਲ ਅਧਾਰ ਸੀ ਅਤੇ ਇਹ ਅੱਜ ਵੀ ਹੈ।

**ਸਵਾਲ: ਪਰ, ਤੁਸੀਂ ਇਸਨੂੰ 'ਦੇਖ ਕੇ ਅਣਡਿੱਠ ਕਰਨ ਦਾ ਪ੍ਰੋਜੈਕਟ' ਕਿਵੇਂ ਕਹਿ ਸਕਦੇ ਹੋ?**

ਅਰੁੰਧਤੀ: ਮੈਂ ਜਿਸ 'ਦੇਖਕੇ ਅਣਡਿੱਠ ਕਰਨ ਦੇ ਪ੍ਰੋਜੈਕਟ' ਬਾਰੇ ਲਿਖਿਆ ਹੈ, ਉਹ ਪੂਰੀ ਤਰ੍ਹਾਂ ਹੋਰ ਚੀਜ਼ ਹੈ। ਇਹ ਉਨ੍ਹਾਂ ਢੰਗ-ਤਰੀਕਿਆਂ ਬਾਰੇ ਹੈ ਜਿਨ੍ਹਾਂ ਰਾਹੀਂ ਬਾਰਸੂਖ਼ ਹਿੰਦੁਸਤਾਨੀ ਬੁੱਧੀਜੀਵੀਆਂ, ਖ਼ਾਸ ਕਰਕੇ ਖੱਬੀਧਿਰ ਵਾਲਿਆਂ ਨੇ ਜਾਤਪਾਤ ਨੂੰ ਅਦਿੱਖ ਬਣਾਇਆ ਹੋਇਆ ਹੈ, ਜਿਨ੍ਹਾਂ ਲਈ ਜਾਤਪਾਤ ਇਕ ਫੁੱਟਨੋਟ ਜਿਹਾ ਮਹੱਤਵਹੀਣ ਵਰਤਾਰਾ ਹੈ – ਜਮਾਤ ਤਕ ਸੁੰਗੇੜਨ ਦੇਣ ਵਾਲੇ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣ ਨਾਲ ਜੋੜੀ ਗਈ ਇਕ ਬੇਤੁਕੀ, ਬੇਅਰਾਮ ਕਰਨ ਵਾਲੀ ਚੀਜ਼। ਇਹ ਕਹਿਣਾ ਚੰਗਾ ਅਤੇ ਅਗਾਂਹਵਧੂ ਲਗਦਾ ਹੈ ਕਿ "ਸਾਡਾ ਜਾਤਪਾਤ ਵਿਚ ਵਿਸ਼ਵਾਸ ਨਹੀਂ ਹੈ"। ਪਰ ਜਾਂ ਤਾਂ ਇਹ ਟਾਲਾ ਵੱਟਣ ਦੀ ਕਾਰਵਾਈ ਹੈ ਜਾਂ ਫਿਰ ਇਹ ਅਜਿਹੀ ਖ਼ਾਸ ਅਧਿਕਾਰ ਮਾਣਦੀ ਹੈਸੀਅਤ ਦੀ ਹਾਲਤ ਵਿਚੋਂ ਕਿਹਾ ਜਾਂਦਾ ਹੈ ਜਿਥੇ ਜਾਤਪਾਤ ਦਾ ਸਾਹਮਣਾ ਹੀ ਨਹੀਂ ਕਰਨਾ ਪੈਂਦਾ। 'ਦੇਖਕੇ ਅਣਡਿੱਠ ਕਰਨ ਦਾ ਪ੍ਰੋਜੈਕਟ' ਤਕਰੀਬਨ ਸਾਡੇ ਕੁਲ ਸਭਿਆਚਾਰਕ ਦਸਤੂਰ ਵਿਚ ਮੌਜੂਦ ਹੈ – ਕੀ ਬਾਲੀਵੁੱਡ ਇਸ ਨੂੰ ਲੈਂਦਾ ਹੈ? ਕਦੇ ਵੀ ਨਹੀਂ। ਸਾਡੇ ਕਿੰਨੇ ਕੁ ਉੱਘੇ ਕੱਦਾਵਰ ਵਾਲੇ ਲੇਖਕ ਇਸ ਨੂੰ ਲੈਂਦੇ ਹਨ? ਬਹੁਤ ਹੀ ਥੋੜ੍ਹੇ। ਅਨਿਆਂ ਅਤੇ ਪਛਾਣ, ਨਵ-ਉਦਾਰਵਾਦ ਦੇ ਭੈੜਾਂ ਬਾਰੇ ਲਿਖਣ ਵਾਲੇ ਕਿੰਨੇ ਕੁ ਜਣੇ ਜਾਤਪਾਤ ਦੇ ਮੁੱਦੇ ਨੂੰ ਮੁਖ਼ਾਤਬ ਹੁੰਦੇ ਹਨ? ਇੱਥੋਂ ਤਕ ਕਿ ਸਾਡੀਆਂ ਕੁਝ ਸਭ ਤੋਂ ਖਾੜਕੂ ਅਵਾਮੀ ਤਹਿਰੀਕਾਂ ਵੀ ਜਾਤਪਾਤ ਤੋਂ ਕੰਨੀ ਕਤਰਾਉਂਦੀਆਂ ਹਨ।

ਜੋ ਦਲਿਤ 2001 ਦੇ ਡਰਬਨ ਵਿਚ ਨਸਲਵਾਦ ਦੇ ਖ਼ਿਲਾਫ਼ ਆਲਮੀ ਸੰਮੇਲਨ ਵਿਖੇ ਨੁਮਾਇੰਦਗੀ ਕਰਨਾ ਚਾਹੁੰਦੇ ਸਨ ਉਨ੍ਹਾਂ ਪ੍ਰਤੀ ਹਿੰਦੁਸਤਾਨੀ ਹਕੂਮਤ ਦਾ ਅਵੇਸ਼ਲਾ ਪ੍ਰਤੀਕਰਮ 'ਦੇਖਕੇ ਅਣਡਿੱਠ ਕਰਨ ਦੇ ਪ੍ਰੋਜੈਕਟ' ਦਾ ਹੀ ਹਿੱਸਾ ਸੀ। ਇਵੇਂ ਹੀ, ਹਿੰਦੁਸਤਾਨ ਦੀ ਮਰਦਮ-ਸ਼ੁਮਾਰੀ ਅੰਕੜੇ ਇਕੱਠੇ ਕਰਦੇ ਵਕਤ ਜਾਤਪਾਤ ਨੂੰ ਪੂਰੀ ਤਰ੍ਹਾਂ ਛੱਡ ਦਿੰਦੀ ਹੈ। ਜੋ ਕੁਝ ਹੋ ਰਿਹਾ ਹੈ ਉਸ ਬਾਬਤ ਸਾਨੂੰ ਸਾਰਿਆਂ ਨੂੰ ਨੇਰ੍ਹੇ ਵਿਚ ਰੱਖਦੀ ਹੈ – ਦਲਿਤਾਂ ਤੋਂ ਉਨ੍ਹਾਂ ਦੇ ਵਸੀਲੇ ਖੋਹਣ ਅਤੇ ਉਨ੍ਹਾਂ ਦੇ ਖ਼ਿਲਾਫ਼ ਹਿੰਸਾ ਦਾ ਪੱਧਰ 'ਦੇਖਕੇ ਅਣਡਿੱਠ ਕਰਨ ਦੇ ਪ੍ਰੋਜੈਕਟ' ਦਾ ਹਿੱਸਾ ਹੈ। ਇਹ ਗੱਲ ਸੋਚਣ ਵਾਲੀ ਹੈ – 1919 ਵਿਚ, ਜਿਸ ਨੂੰ ਅਮਰੀਕਾ ਵਿਚ 'ਲਾਲ ਹੁਨਾਲ' ਕਿਹਾ ਜਾਣ ਲੱਗਿਆ – ਉਸ ਵਿਚ ਲਗਭਗ 165 ਕਾਲੇ ਲੋਕ ਮਾਰੇ ਗਏ ਸਨ। ਤਕਰੀਬਨ ਇਕ ਸਦੀ ਪਿੱਛੋਂ ਸਰਕਾਰੀ ਅੰਕੜਿਆਂ ਅਨੁਸਾਰ ਹਿੰਦੁਸਤਾਨ ਵਿਚ 2012 ਵਿਚ – ਜਿਸ ਸਾਲ ਦਿੱਲੀ ਵਿਚ ਸਮੂਹਕ ਜਬਰ-ਜਨਾਹ ਅਤੇ ਕਤਲ ਕਾਂਡ ਵਾਪਰਿਆ – 1574 ਦਲਿਤ ਔਰਤਾਂ ਨਾਲ ਜਬਰ-ਜਨਾਹ ਕੀਤੇ ਗਏ ਸਨ। ਅਤੇ 651 ਦਲਿਤਾਂ ਦੇ ਕਤਲ ਹੋਏ ਸਨ। ਇਹ ਦਲਿਤਾਂ ਵਿਰੁੱਧ ਕੀਤੇ ਮਹਿਜ਼ ਫ਼ੌਜਦਾਰੀ ਜੁਰਮ ਹਨ। ਦਲਿਤ ਕਰੋੜਪਤੀਆਂ ਦਾ ਇਕ ਟੋਲਾ ਉਭਰਨ ਦੇ ਬਾਵਜੂਦ, ਆਰਥਕ ਹਮਲਾ ਇਸ ਤੋਂ ਬਿਲਕੁਲ ਹੀ ਵੱਖਰਾ ਮਾਮਲਾ ਹੈ।

**ਸਵਾਲ: ਤੁਸੀਂ ਕਹਿੰਦੇ ਹੋ ਕਿ ਹਿੰਦੁਸਤਾਨ ਵਿਚ ਜਾਤਪਾਤ - "ਮਨੁੱਖੀ ਸਮਾਜ ਦਰਜੇਬੰਦੀ ਵਾਲੀ ਸਮਾਜੀ ਜਥੇਬੰਦੀ ਦੇ ਜਿਨ੍ਹਾਂ ਸਭ ਤੋਂ ਵਹਿਸ਼ੀ ਢੰਗਾਂ ਬਾਰੇ ਜਾਣਦਾ ਹੈ ਜਾਤ ਉਨ੍ਹਾਂ ਵਿਚੋਂ ਇਕ ਹੈ - ਇਹ ਇਸ ਕਰਕੇ ਨਜ਼ਰ ਨਹੀਂਆਉਂਦੀ ਕਿਉਂਕਿ ਇਹ ਹਿੰਦੂਵਾਦ ਨਾਲ, ਅਤੇ ਉਸ ਸਭ ਕਾਸੇ ਨਾਲ ਬਹੁਤ ਜ਼ਿਆਦਾ ਇਕਮਿਕ ਹੈ ਜਿਸ ਨੂੰ ਦਿਆਲੂ ਅਤੇ ਚੰਗਾ ਮੰਨਿਆ ਜਾਂਦਾ ਹੈ - ਰੂਹਾਨੀਅਤ, ਅਹਿੰਸਾ, ਸਹਿਣਸ਼ੀਲਤਾ, ਮਾਸ ਨਾ ਖਾਣਾ, ਗਾਂਧੀ, ਯੋਗ, ਘੁਮੱਕੜਪੁਣਾ, ਸੰਗੀਤ-ਮੰਡਲੀਆਂ। ਕਿ ਘੱਟੋਘੱਟ, ਬਾਹਰਲਿਆਂ ਲਈ ਇਸ ਦੀ ਟੋਹ ਲਾਉਣਾ ਅਤੇ ਇਸ ਨੂੰ ਸਮਝਣਾ ਅਸੰਭਵ ਲਗਦਾ ਹੈ"। ਤੁਸੀਂ ਦਲੀਲ ਦਿੰਦੇ ਹੋ ਕਿ ਜਾਤਪਾਤ ਨਸਲੀ ਵਿਤਕਰੇ ਅਤੇ ਰੰਗ-ਭੇਦ ਦੇ ਬਰਾਬਰ ਹੈ ਪਰ ਇਸ ਨੂੰ ਇੰਞ ਨਹੀਂ ਲਿਆ ਜਾਂਦਾ। ਕਈ ਦਲੀਲ ਦੇਣਗੇ ਕਿ ਚੋਣਵਾਦੀ ਸਿਆਸਤ ਅਤੇ ਰਾਖਵਾਂਕਰਨ ਇਤਿਹਾਸਕ ਅਨਿਆਂ ਨਾਲ ਨਜਿੱਠਣ ਲਈ ਕਾਫ਼ੀ ਹਨ। ਪਰ ਹੁਣੇ ਜਹੇ ਕਾਂਗਰਸ ਦੇ ਇਕ ਸੀਨੀਅਰ ਆਗੂ ਜਨਾਰਧਨ ਦਿਵੇਦੀ ਨੇ ਕਿਹਾ ਕਿ ਰਾਖਵਾਂਕਰਨ ਬੰਦ ਹੋਣਾ ਚਾਹੀਦਾ ਹੈ। ਅਜਿਹੀਆਂ ਦਲੀਲਾਂ ਦਾ ਤੁਸੀਂ ਕਿਵੇਂ ਜਵਾਬ ਦਿਓਗੇ?**

ਅਰੁੰਧਤੀ ਰਾਏ: ਕਿਸੇ ਦਾ ਇੰਞ ਕਹਿ ਦੇਣਾ ਕਹਿਰਵਾਨ ਹੈ। ਰਾਖਵਾਂਕਰਨ ਬਹੁਤ ਹੀ ਅਹਿਮ ਹੈ, ਅਤੇ ਮੈਂ ਇਸ ਬਾਰੇ ਵਿਸਤਾਰ 'ਚ ਲਿਖਿਆ ਹੈ। ਰਾਖਵੇਂਕਰਨ ਦੀ ਨੀਤੀ ਦੇ ਕਾਬਲ ਹੋਣ ਲਈ ਇਕ ਦਲਿਤ ਨੂੰ ਹਾਈ ਸਕੂਲ ਤਕ ਪੜ੍ਹਾਈ ਕਰਨੀ ਪੈਂਦੀ ਹੈ। ਸਰਕਾਰੀ ਅੰਕੜੇ ਕਹਿੰਦੇ ਹਨ ਕਿ 70 ਫ਼ੀ ਸਦੀ ਤੋਂ ਉੱਪਰ ਸੂਚੀਦਰਜ ਜਾਤਾਂ ਦੇ ਵਿਦਿਆਰਥੀ ਦਸਵੀਂ ਤਕ ਪੜ੍ਹਾਈ ਕਰਨ ਤੋਂ ਪਹਿਲਾਂ ਹੀ ਪੜ੍ਹਨਾ ਛੱਡ ਜਾਂਦੇ ਹਨ। ਇਸ ਦਾ ਭਾਵ ਹੈ ਕਿ ਸਭ ਤੋਂ ਹੇਠਲੀਆਂ ਸਰਕਾਰੀ ਨੌਕਰੀਆਂ ਲਈ ਵੀ ਚਾਰ ਦਲਿਤਾਂ ਵਿਚੋਂ ਸਿਰਫ਼ ਇਕ ਹੀ ਯੋਗਤਾ ਪੂਰੀ ਕਰਦਾ ਹੈ। ਚਿੱਟ-ਕਾਲਰੀ ਨੌਕਰੀ ਲਈ ਘੱਟੋਘੱਟ ਯੋਗਤਾ ਬੀ.ਏ. ਦੀ ਡਿਗਰੀ ਹੈ। 2 ਫ਼ੀ ਸਦੀ ਤੋਂ ਥੋੜ੍ਹਾ ਜਿਹਾ ਵੱਧ ਦਲਿਤ ਹੀ ਬੀ.ਏ. ਪਾਸ ਹਨ। ਭਾਵੇਂ ਕਿ ਅਸਲ ਵਿਚ ਇਹ ਐਨੀ ਥੋੜ੍ਹੀ ਤਦਾਦ 'ਤੇ ਲਾਗੂ ਹੁੰਦੀ ਹੈ, ਪਰ ਰਾਖਵੇਂਕਰਨ ਦੀ ਨੀਤੀ ਦਾ ਮਤਲਬ ਹੈ ਕਿ ਘੱਟੋਘੱਟ ਸੱਤਾ ਦੀਆਂ ਸਫ਼ਾਂ ਵਿਚ ਦਲਿਤਾਂ ਦੀ ਕੁਝ ਨੁਮਾਇੰਦਗੀ ਹੋ ਜਾਂਦੀ ਹੈ। ਇਹ ਬਹੁਤ ਹੀ ਅਹਿਮ ਹੈ। ਅੰਬੇਡਕਰ ਨੂੰ ਲੈ ਲਓ, ਜਿਸ ਨੂੰ ਚੰਗੇ ਭਾਗੀਂ ਕੋਲੰਬੀਆ ਵਿਚ ਤਾਲੀਮ ਲੈਣ ਲਈ ਵਜ਼ੀਫ਼ਾ ਮਿਲ ਗਿਆ, ਤੇ ਉਹ ਪੜ੍ਹਾਈ ਕਰ ਗਿਆ। ਰਾਖਵੇਂਕਰਨ ਦੀ ਬਦੌਲਤ ਦਲਿਤ ਹੁਣ ਵਕੀਲ, ਡਾਕਟਰ, ਵਿਦਵਾਨ ਅਤੇ ਸਿਵਲ ਮੁਲਾਜ਼ਮ ਹਨ। ਪਰ ਮੌਕਿਆਂ ਦੀ ਇਸ ਨਿੱਕੀ ਜਹੀ ਗੁੰਜਾਇਸ਼ 'ਤੇ ਵੀ ਇਤਰਾਜ਼ ਕੀਤਾ ਜਾਂਦਾ ਹੈ ਅਤੇ ਇਹ ਵਿਸ਼ੇਸ਼ ਅਧਿਕਾਰ ਮਾਣਦੇ ਹਿੱਸਿਆਂ ਦੇ ਹਮਲੇ ਦੀ ਮਾਰ ਹੇਠ ਹੈ। ਸਰਕਾਰੀ ਅਦਾਰਿਆਂ, ਨਿਆਂਪ੍ਰਣਾਲੀ, ਨੌਕਰਸ਼ਾਹੀ ਅਤੇ ਇੱਥੋਂ ਤਕ ਕਿ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਜਿਨ੍ਹਾਂ ਨੂੰ ਅਗਾਂਹਵਧੂ ਸਮਝਿਆ ਜਾਂਦਾ ਹੈ ਦੀ ਰਾਖਵੇਂਕਰਨ ਨੂੰ ਲਾਗੂ ਕਰਨ ਦੀ ਕਾਰਗੁਜ਼ਾਰੀ ਬੜੀ ਭਿਆਨਕ ਹੈ। ਸਿਰਫ਼ ਇਕ ਸਰਕਾਰੀ ਵਿਭਾਗ ਹੈ ਜਿਸ ਵਿਚ 6 ਜਣੇ ਹੋਣ ਕਾਰਨ ਦਲਿਤਾਂ ਦੀ ਤਦਾਦ ਨੁਮਾਇੰਦਗੀ ਤੋਂ ਵੱਧ ਹੈ।




ਨਗਰਪਾਲਿਕਾਵਾਂ ਵਿਚ ਰੱਖੇ 90 ਫ਼ੀ ਸਦੀ ਸਫ਼ਾਈ ਕਰਮਚਾਰੀ ਦਲਿਤ ਹਨ – ਉਹ ਲੋਕ ਜੋ ਸੜਕਾਂ ਸਾਫ਼ ਕਰਦੇ ਹਨ, ਜੋ ਸੀਵਰਾਂ ਦੇ ਮੈਨਹੋਲਾਂ ਵਿਚ ਵੜਕੇ ਅਤੇ ਸੀਵਰ ਸਾਫ਼ ਕਰਨ ਲਈ ਆਪਣੀਆਂ ਜਾਨਾਂ ਦਾਅ 'ਤੇ ਲਾਉਂਦੇ ਹਨ, ਜੋ ਪਖ਼ਾਨੇ ਸਾਫ਼ ਕਰਦੇ ਹਨ ਅਤੇ ਜਿਨ੍ਹਾਂ ਨੂੰ ਗੰਦੇ ਕੰਮ ਕਰਦੇ ਪੈਂਦੇ ਹਨ। ਹੁਣ ਤਾਂ ਇਹ ਖੇਤਰ ਵੀ ਨਿੱਜੀਕਰਨ ਲਈ ਖੋਲ੍ਹ ਦਿੱਤਾ ਗਿਆ ਹੈ, ਜਿਸ ਦਾ ਭਾਵ ਹੈ ਕਿ ਨਿੱਜੀ ਕੰਪਨੀਆਂ ਆਰਜ਼ੀ ਅਧਾਰ 'ਤੇ ਅਗਾਂਹ ਤੋਂ ਅਗਾਂਹ ਦਲਿਤਾਂ ਨੂੰ ਘੱਟ ਤਨਖ਼ਾਹ ਅਤੇ ਪੱਕੀ ਨੌਕਰੀ ਦੀ ਗਾਰੰਟੀ ਤੋਂ ਬਿਨਾ ਠੇਕੇ ਉੱਪਰ ਕੰਮ 'ਤੇ ਰੱਖਿਆ ਕਰਨਗੀਆਂ। ਬੇਸ਼ੱਕ ਇਹ ਸਮੱਸਿਆ ਹੈ ਕਿ ਲੋਕ ਜਾਅਲੀ ਸਰਟੀਫਿਕੇਟ ਬਣਾ ਲੈਂਦੇ ਹਨ। ਜਿਸ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ। ਪਰ ਇਸ ਨੂੰ ਬਹਾਨਾ ਬਣਾਕੇ ਇਹ ਕਹਿਣਾ ਕਿ ਰਾਖਵਾਂਕਰਨ ਨਹੀਂ ਹੋਣਾ ਚਾਹੀਦਾ ਇਹ ਹਾਸੋਹੀਣੀ ਗੱਲ ਹੈ।

**ਸਵਾਲ: ਪਰ ਤੁਸੀਂ ਇਸ ਨਾਲ ਤਾਂ ਸਹਿਮਤ ਹੋਵੋਗੇ ਕਿ ਬਸਪਾ ਵਰਗੀਆਂ ਦਲਿਤ ਪਾਰਟੀਆਂ ਦਾ ਉਭਰਨਾ ਹਿੰਦੁਸਤਾਨੀ ਜਮਹੂਰੀਅਤ ਅੰਦਰ ਇਕ ਤਰ੍ਹਾਂ ਦਾ ਇਨਕਲਾਬ ਹੈ?**

ਅਰੁੰਧਤੀ: ਦਲਿਤ ਸਿਆਸੀ ਪਾਰਟੀਆਂ ਦਾ ਉਭਰਨਾ ਇਕ ਔਖਾ ਚੁੰਧਿਆਊ ਵਰਤਾਰਾ ਹੈ।

ਪਰ ਫਿਰ ਸਾਡੀ ਚੋਣਵਾਦੀ ਸਿਆਸਤ, ਆਪਣੇ ਮੌਜੂਦਾ ਰੂਪ ਵਿਚ, ਸੱਚੀਓਂ ਹੀ ਇਨਕਲਾਬੀ ਨਹੀਂ ਹੋ ਸਕਦੀ, ਕੀ ਇਹ ਇੰਞ ਹੋ ਸਕਦੀ ਹੈ? ਸਿਰਫ਼ ਜਾਣ-ਪਛਾਣ ਹੀ ਨਹੀਂ, ਕਿਤਾਬ ਕੁਝ ਵਿਸਤਾਰ 'ਚ ਇਸ ਨਾਲ ਨਜਿੱਠਦੀ ਹੈ। 1931 'ਚ ਲੰਦਨ ਵਿਚ ਹੋਏ ਦੂਜੇ ਗੋਲਮੇਜ਼ ਸੰਮੇਲਨ ਵਿਖੇ ਗਾਂਧੀ ਨਾਲ ਅੰਬੇਡਕਰ ਦਾ ਟਕਰਾਅ ਦਾ ਸਬੰਧ ਐਨ ਇਸੇ ਨੂੰ ਲੈ ਕੇ ਸੀ – ਦਲਿਤਾਂ ਦੀ ਅਤੇ ਦਲਿਤਾਂ ਲਈ ਸਿਆਸੀ ਨੁਮਾਇੰਦਗੀ ਦੇ ਸਵਾਲ ਬਾਰੇ ਉਨ੍ਹਾਂ ਦੇ ਬਹੁਤ ਹੀ ਵੱਖੋ-ਵੱਖਰੇ ਖ਼ਿਆਲਾਂ ਸਨ।

ਅੰਬੇਡਕਰ ਦਾ ਵਿਸ਼ਵਾਸ ਸੀ ਕਿ ਨੁਮਾਇੰਦਗੀ ਦਾ ਹੱਕ ਇਕ ਬੁਨਿਆਦੀ ਹੱਕ ਸੀ।

ਆਪਣੀ ਪੂਰੀ ਜ਼ਿੰਦਗੀ ਉਹ ਦਲਿਤਾਂ ਨੂੰ ਇਹ ਹੱਕ ਲੈ ਕੇ ਦੇਣ ਲਈ ਲੜਦਾ ਰਿਹਾ। ਜੋ ਜਿੱਤ ਗਿਆ ਉਹੀ ਸਿਕੰਦਰ ਦੀ ਚੋਣ ਵਿਧੀ ਬਾਰੇ ਉਸ ਨੇ ਵਿਸਤਾਰ ਵਿਚ ਸੋਚਿਆ ਤੇ ਲਿਖਿਆ। ਨਾਲ ਹੀ ਇਹ ਵੀ ਕਿ ਅਜਿਹੇ ਪ੍ਰਬੰਧ ਤਹਿਤ ਦਲਿਤ ਕਦੇ ਵੀ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਦੇ ਗ਼ਲਬੇ ਹੇਠੋਂ ਨਹੀਂ ਨਿਕਲ ਸਕਣਗੇ ਕਿਉਂਕਿ ਆਬਾਦੀ ਇਸ ਤਰ੍ਹਾਂ ਖਿੰਡੀ ਹੋਈ ਸੀ ਕਿ ਉਹ ਕਦੇ ਵੀ ਕਿਸੇ ਸਿਆਸੀ ਚੋਣ ਹਲਕੇ ਵਿਚ ਬਹੁਗਿਣਤੀ ਨਹੀਂ ਬਣ ਸਕਣਗੇ। ਗਾਂਧੀ, ਜਿਸ ਨੇ ਮਿਸ਼ਨਰੀਆਂ ਵਾਲੇ ਉਤਸ਼ਾਹ ਨਾਲ ਅਛੂਤਾਂ ਵਿਚ ਕੰਮ ਕੀਤਾ, ਉਹ ਉਨ੍ਹਾਂ ਨੂੰ ਆਪਣੀ ਨੁਮਾਇੰਦਗੀ ਖ਼ੁਦ ਕਰਨ ਦੀ ਇਜਾਜ਼ਤ ਦੇਣ ਲਈ ਤਿਆਰ ਨਹੀਂ ਸੀ। ਜ਼ਾਹਰਾ ਤੌਰ 'ਤੇ ਉਸ ਨੇ ਇਸ ਸੰਭਾਵਨਾ ਦੇ ਖ਼ਿਲਾਫ਼ ਕੰਮ ਕੀਤਾ। ਉਸ ਦਾ ਹਰੀਜਨ ਸੇਵਕ ਸੰਘ, ਜਿਸ ਨੂੰ ਫੰਡ ਜੀ.ਡੀ. ਬਿਰਲਾ ਦਿੰਦਾ ਸੀ – ਜੋ ਮੰਦਰਾਂ ਵਿਚ ਦਾਖ਼ਲ ਹੋਣ ਦੀ ਲਹਿਰ ਦੀਆਂ ਮੂਹਰਲੀਆਂ ਸਫ਼ਾਂ ਵਿਚ ਸੀ, ਦੇ ਮੈਂਬਰ ਸਿਰਫ਼ ਵਿਸ਼ੇਸ਼ ਅਧਿਕਾਰ ਮਾਣਦੀਆਂ ਜਾਤਾਂ ਦੇ ਲੋਕ ਸਨ। ਗਾਂਧੀ ਨੇ ਅਹਿਮਦਾਬਾਦ ਵਿਚ ਜੋ ਮਹਾਂਜਨ ਮਜ਼ਦੂਰ ਸੰਘ ਨਾਂ ਦੀ ਮਿੱਲ ਮਜ਼ਦੂਰਾਂ ਦੀ ਯੂਨੀਅਨ ਬਣਾਈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਅਛੂਤ ਸਨ, ਉਸ ਵਿਚ ਵੀ ਉਨ੍ਹਾਂ ਨੂੰ ਅਹੁਦੇਦਾਰ ਬਣਨ ਦੀ ਇਜਾਜ਼ਤ ਨਹੀਂ ਸੀ। ਉਥੇ ਵੀ ਉਨ੍ਹਾਂ ਨੂੰ ਆਪਣੀ ਨੁਮਾਇੰਦਗੀ ਖ਼ੁਦ ਕਰਨ ਦੀ ਇਜਾਜ਼ਤ ਨਹੀਂ ਸੀ। 1931 'ਚ ਲੰਦਨ ਵਿਚ ਹੋਏ ਦੂਜੇ ਗੋਲਮੇਜ਼ ਸੰਮੇਲਨ ਵਿਖੇ ਗਾਂਧੀ ਨੇ ਕਿਹਾ, "ਮੈਂ ਆਪਣੀ ਤਰਫ਼ੋਂ ਅਛੂਤਾਂ ਦੀ ਵਿਸ਼ਾਲ ਬਹੁਗਿਣਤੀ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦਾ ਹਾਂ।" ਕਿਤਾਬ ਦੇ ਪਿਛਲੇ ਪਾਸੇ ਪੂਨਾ ਸਮਝੌਤੇ ਬਾਰੇ ਐੱਸ.ਆਨੰਦ ਦੀ ਜੋ ਟਿੱਪਣੀ ਦਿੱਤੀ ਗਈ ਹੈ, ਉਸ ਵਿਚ ਉਹ ਲਿਖਦਾ ਹੈ ਕਿ ਗਾਂਧੀ ਨੇ ਕਾਂਗਰਸ ਪਾਰਟੀ ਦੇ ਇਕ ਅਛੂਤ ਮੈਂਬਰ ਦੇ ਉਸ ਸਵਾਲ ਦਾ ਜਵਾਬ ਕਿਵੇਂ ਦਿੱਤਾ ਜਦੋਂ ਉਸ ਨੇ ਪੁੱਛਿਆ ਕਿ ਕੀ ਉਹ ਇਹ ਯਕੀਨੀ ਬਣਾਏਗਾ ਕਿ ਸਟੇਟ ਕੌਂਸਲਾਂ ਅਤੇ ਪੰਚਾਇਤ ਬੋਰਡਾਂ ਵਿਚ ਹਰੀਜਨਾਂ ਦੀ ਨੁਮਾਇੰਦਗੀ ਹੋਵੇ, ਤਾਂ ਗਾਂਧੀ ਦਾ ਜਵਾਬ ਸੀ ਇਹ ਸਿਧਾਂਤ "ਖ਼ਤਰਨਾਕ" ਹੈ।

ਗਾਂਧੀ ਨੇ ਇਸ ਵਿਚ ਵੱਡੀ ਭੂਮਿਕਾ ਨਿਭਾਈ ਕਿ ਅੰਬੇਡਕਰ ਦਾ ਅਛੂਤਾਂ ਨੂੰ ਸਿਆਸੀ ਭਾਈਚਾਰੇ ਵਜੋਂ ਵਿਕਸਤ ਕਰਨ ਦਾ ਪ੍ਰੋਜੈਕਟ ਸਿਰੇ ਨਾ ਚੜ੍ਹੇ ਅਤੇ ਇਸ ਦਾ ਨੁਕਸਾਨ ਕੀਤਾ ਜਾਵੇ। ਅੰਬੇਡਕਰ ਚਾਹੁੰਦਾ ਸੀ ਕਿ ਅਛੂਤ ਭਾਈਚਾਰਾ ਆਪਣੇ ਹੱਕਾਂ ਬਾਰੇ ਜਾਗਰੂਕ ਹੋਵੇ ਜੋ ਆਪਣੇ ਵਿਚੋਂ ਆਪਣੇ ਨੁਮਾਇੰਦੇ ਚੁਣਨ ਦੇ ਯੋਗ ਬਣੇ। ਅੱਜ ਵੀ ਦਲਿਤਾਂ ਨੂੰ ਇਸ ਦਾ ਮੁੱਲ ਤਾਰਨਾ ਪੈ ਰਿਹਾ ਹੈ। ਇਨ੍ਹਾਂ ਸਭ ਔਕੜਾਂ ਦੇ ਬਾਵਜੂਦ, ਯੂਪੀ ਵਿਚ ਬਹੁਜਨ ਸਮਾਜ ਪਾਰਟੀ ਉਭਰੀ ਹੈ। ਪਰ ਉਥੇ ਵੀ, ਕਾਂਸ਼ੀਰਾਮ ਨੂੰ – ਅਤੇ ਫਿਰ ਮਾਇਆਵਤੀ ਨੂੰ – ਕਾਮਯਾਬ ਹੋਣ ਲਈ ਅੱਧੀ ਸਦੀ ਤੋਂ ਵੱਧ ਵਕਤ ਲੱਗਿਆ। ਇਹ ਫ਼ਤਹਿ ਹਾਸਲ ਕਰਨ ਲਈ ਕਾਂਸ਼ੀਰਾਮ ਨੇ ਹੋਰ ਅਧੀਨ ਜਾਤਾਂ ਨਾਲ ਗੱਠਜੋੜ ਬਣਾਉਂਦੇ ਹੋਏ ਸਾਲਾਂਬੱਧੀ ਕਰੜੀ ਮਿਹਨਤ ਕੀਤੀ। ਬੀ.ਐੱਸ.ਪੀ. ਨੂੰ ਉਤਰ ਪ੍ਰਦੇਸ ਦੀ ਨਿਆਰੀ ਅਬਾਦੀ ਅਤੇ ਕਈ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਹਮਾਇਤ ਲੋੜੀਂਦੀ ਸੀ। ਪਰ ਜੇ ਇਸ ਨੇ ਸਿਆਸੀ ਪਾਰਟੀ ਵਜੋਂ ਉਭਰਨਾ ਹੈ ਤਾਂ ਇਸ ਨੂੰ ਐਸੇ ਗੱਠਜੋੜ ਬਣਾਉਣੇ ਪੈਣਗੇ ਜੋ ਇਸ ਦੀ ਸਿਆਸੀ ਧੁੱਸ ਨੂੰ ਪੇਤਲਾ ਪਾ ਦੇਣਗੇ। ਇਕ ਆਮ ਸੀਟ ਤੋਂ, ਇੱਥੋਂ ਤਕ ਕਿ ਯੂ.ਪੀ. ਵਿਚ ਵੀ, ਚੋਣ ਜਿੱਤਣੀ ਇਕ ਦਲਿਤ ਉਮੀਦਵਾਰ ਲਈ ਲਗਭਗ ਅਸੰਭਵ ਬਣੀ ਹੋਈ ਹੈ। ਫਿਰ ਵੀ, ਭ੍ਰਿਸ਼ਟਾਚਾਰ ਅਤੇ ਹੇਰਾਫੇਰੀ ਦੇ ਇਲਜ਼ਾਮਾਂ ਦੇ ਬਾਵਜੂਦ, ਮੈਂ ਨਹੀਂ ਸੋਚਦੀ ਕਿ ਕਿਸੇ ਨੂੰ ਉਸ ਬੇਥਾਹ ਦੇਣ ਨੂੰ ਘਟਾਕੇ ਦੇਖਣਾ ਚਾਹੀਦਾ ਹੈ ਜੋ ਬੀ.ਐੱਸ.ਪੀ. ਨੇ ਦਲਿਤਾਂ ਦੇ ਮਾਣ-ਸਨਮਾਨ ਨੂੰ ਉਸਾਰਨ ਵਿਚ ਦਿੱਤੀ ਹੈ। ਅਸਲ ਫ਼ਿਕਰਮੰਦੀ ਤਾਂ ਇਹ ਹੈ ਕਿ ਪਾਰਲੀਮਾਨੀ ਸਿਆਸਤ ਵਿਚ ਦਲਿਤ ਤਾਂ ਹੋਰ ਪ੍ਰਭਾਵੀ ਹੋ ਗਏ ਹਨ, ਪਰ ਖ਼ੁਦ ਜਮਹੂਰੀਅਤ ਨੂੰ ਗੰਭੀਰ, ਢਾਂਚਾਗਤ ਢੰਗਾਂ ਨਾਲ ਖ਼ੋਰਾ ਲਾਇਆ ਜਾ ਰਿਹਾ ਹੈ।

**ਸਵਾਲ: ਤੁਸੀਂ ਜੋ ਉਸ ਤੌਰ-ਤਰੀਕੇ ਦਾ ਵੇਰਵਾ ਦਿੱਤਾ ਹੈ ਜਿਸ ਵਿਚ ਕਮਿਊਨਿਲ ਅਵਾਰਡ ਦੇ ਮੁੱਦੇ ਬਾਰੇ ਗਾਂਧੀ ਅੰਬੇਡਕਰ ਉੱਪਰ ਹਾਵੀ ਰਿਹਾ, ਜਿਸ ਵਿਚ ਅੰਗਰੇਜ਼ਾਂ ਨੇ ਅਛੂਤਾਂ ਲਈ ਵੱਖਰੇ ਚੋਣ ਹਲਕੇ ਬਣਾ ਦਿੱਤੇ, ਉਹ ਧੂਹ-ਪਾਊ ਹੈ- ਇਹ ਬਿਰਤਾਂਤ ਕਿ ਕਿਵੇਂ 1932 ਵਿਚ**

**ਅੰਬੇਡਕਰ ਨੂੰ ਆਪਣਾ ਖ਼ਵਾਬ ਤਿਆਗਣਾ ਪਿਆ ਅਤੇ ਪੂਨਾ ਸਮਝੌਤੇ ਉਪਰ ਦਸਤਖ਼ਤ ਕਰਨੇ ਪਏ। ਪਰ ਵੱਖਰੇ ਚੋਣ ਹਲਕਿਆਂ ਦੇ ਮੁੱਦੇ ਬਾਰੇ ਮੇਰਾ ਇਕ ਸਵਾਲ ਹੈ। ਕਈ ਇਤਿਹਾਸਕਾਰ ਦਲੀਲ ਦਿੰਦੇ ਹਨ ਕਿ ਇਹ ਵਿਚਾਰ ਸੱਚੀਓਂ ਹੀ ਪੁਆੜੇ ਦੀ ਜੜ੍ਹ ਸੀ ਜਿਸ ਦੇ ਸਿੱਟੇ ਵਜੋਂ ਮੁਲਕ ਦੀ ਵੰਡ ਹੋ ਜਾਵੇਗੀ। ਅਤੇ ਕਈ ਵੱਖਰੇ ਚੋਣ ਹਲਕਿਆਂ ਦੇ ਖ਼ਿਲਾਫ਼ ਦਲੀਲ ਦੇਣਗੇ। ਕੀ ਤੁਸੀਂ ਸਮਝਦੇ ਹੋ ਕਿ ਹਿੰਦੁਸਤਾਨ ਨੂੰ ਅਜੇ ਵੀ ਵੱਖਰੇ ਚੋਣ ਹਲਕਿਆਂ ਦੀ ਜ਼ਰੂਰਤ ਹੈ?**

ਅਰੁੰਧਤੀ: ਮੈਂ ਸਮਝਦੀ ਹਾਂ ਕਿ ਸਾਡਾ ਜਿਹੜਾ ਜਿੱਤ ਗਿਆ ਉਹੀ ਸਿਕੰਦਰ ਵਾਲਾ ਚੋਣ ਪ੍ਰਬੰਧ ਘੋਰ ਨੁਕਸਦਾਰ ਹੈ ਅਤੇ ਇਸੇ ਕਰਕੇ ਅਸੀਂ ਫੇਲ੍ਹ ਹੁੰਦੇ ਹਾਂ। ਪਰ ਮੈਂ ਸੋਚਦੀ ਹਾਂ ਕਿ ਸਾਨੂੰ ਵੱਖਰੇ ਚੋਣ ਹਲਕਿਆਂ, ਫਿਰਕੂ ਅਵਾਰਡ ਅਤੇ ਮੁਲਕ ਦੀ ਵੰਡ ਦੇ ਬਹੁਤ ਹੀ ਰੱਟੇ ਵਾਲੇ ਮੁੱਦਿਆਂ ਨੂੰ ਘਾਲਾਮਾਲਾ ਕਰਕੇ ਇਕ ਵੱਡੇ ਇਲਜ਼ਾਮ ਦਾ ਰੂਪ ਨਹੀਂ ਦੇਣਾ ਚਾਹੀਦਾ। ਜਿਵੇਂ ਮੈਂ ਪਹਿਲਾਂ ਕਿਹਾ ਹੈ, ਅੰਬੇਡਕਰ ਨੇ ਅਛੂਤਾਂ ਲਈ ਵੱਖਰੇ ਚੋਣ ਹਲਕੇ ਅਤੇ ਅੱਡ ਨੁਮਾਇੰਦਗੀ ਦੀ ਮੰਗ ਬਹੁਤ ਹੀ ਧਿਆਨ ਨਾਲ ਸੋਚ-ਵਿਚਾਰਕੇ ਕੀਤੀ ਸੀ। ਜੋ ਮੈਂ ਲਿਖਿਆ ਹੈ ਉਸ ਨੂੰ ਮੈਂ ਸੱਚੀਓਂ ਹੀ ਦੁਬਾਰਾ ਬਿਆਨ ਨਹੀਂ ਕਰਨਾ ਚਾਹੁੰਦੀ... ਪਰ ਇੰਨਾ ਜ਼ਰੂਰ ਕਹਿ ਦੇਈਏ ਕਿ ਉਹ ਇਕ ਸ਼ਾਨਦਾਰ ਅਤੇ ਨਿਆਰੀ ਯੋਜਨਾ ਲੈ ਕੇ ਆਇਆ ਸੀ।

ਉਸਦਾ ਖ਼ਿਆਲ ਸੱਚੀਓਂ ਹੀ ਐਸੀ ਹਾਲਤ ਪੈਦਾ ਕਰਨਾ ਸੀ ਜਿਸ ਵਿਚ ਦਲਿਤ ਆਪਣੇ ਵਿਚੋਂ ਹੀ ਆਗੂ ਚੁਣਕੇ ਇਕ ਸਿਆਸੀ ਭਾਈਚਾਰੇ ਵਜੋਂ ਵਿਕਾਸ ਕਰ ਸਕਣ। ਉਸ ਦੀ ਵੱਖਰੇ ਚੋਣ ਹਲਕਿਆਂ ਦੀ ਤਜਵੀਜ਼ ਮਹਿਜ਼ ਦਸ ਸਾਲਾਂ ਲਈ ਸੀ। ਅਤੇ ਇਥੇ ਅਸੀਂ ਉਨ੍ਹਾਂ ਲੋਕਾਂ ਬਾਰੇ ਚਰਚਾ ਕਰ ਰਹੇ ਹਾਂ ਜਿਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਮਾਣਦੀਆਂ ਜਮਾਤਾਂ ਨੇ ਹਜ਼ਾਰਾਂ ਸਾਲਾਂ ਤੋਂ ਐਸੇ ਸਭ ਤੋਂ ਘਿਣਾਉਣੇ ਅਤੇ ਜ਼ਾਲਮ ਢੰਗ ਨਾਲ ਸਮਾਜ ਵਿਚੋਂ ਛੇਕਿਆ ਹੋਇਆ ਸੀ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ - ਉਹ ਲੋਕ ਜਿਨ੍ਹਾਂ ਨੂੰ ਹੋਰ ਬੜੇ ਕੁਝ ਤੋਂ ਇਲਾਵਾ ਦੂਰ ਰੱਖਿਆ ਜਾਂਦਾ ਸੀ, ਜਿਨ੍ਹਾਂ ਨੂੰ ਸਾਂਝੇ ਖੂਹਾਂ ਤੋਂ ਪਾਣੀ ਲੈਣ, ਪੜ੍ਹਨ-ਲਿਖਣ, ਮੰਦਰਾਂ 'ਚ ਜਾਣ ਦੀ ਇਜਾਜ਼ਤ ਨਹੀਂ ਸੀ। ਜਿਨ੍ਹਾਂ ਦੇ ਪੱਲੇ ਹਿੰਸਾ ਅਤੇ ਗਾਲ੍ਹ-ਮੰਦੇ ਤੋਂ ਸਿਵਾਏ ਹੋਰ ਕੁਝ ਨਹੀਂ ਸੀ ਪੈਂਦਾ। ਪਰ ਜਦੋਂ ਉਨ੍ਹਾਂ ਨੇ ਵੱਖਰੇ ਚੋਣ ਹਲਕੇ ਦੀ ਮੰਗ ਕੀਤੀ, ਤਾਂ ਹਰ ਬੰਦਾ ਇੰਞ ਪੇਸ਼ ਆਇਆ ਜਿਵੇਂ ਪਰਲੋ ਆ ਗਈ ਹੋਵੇ।

ਗਾਂਧੀ ਨੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਕਰ ਦਿੱਤੀ ਅਤੇ ਜਨਤਕ ਦਬਾਅ ਨੇ ਅੰਬੇਡਕਰ ਨੂੰ ਆਪਣੀ ਮੰਗ ਛੱਡਣ ਅਤੇ ਪੂਨਾ ਸਮਝੌਤੇ 'ਤੇ ਸਹੀ ਪਾਉਣ ਲਈ ਮਜਬੂਰ ਕਰ ਦਿੱਤਾ। ਇਹ ਪੂਰੀ ਤਰ੍ਹਾਂ ਤਰਕ-ਵਿਹੂਣਾ ਸੀ। ਜਿੱਥੋਂ ਤਕ ਹੋ ਸਕੇ ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਅੰਬੇਡਕਰ ਦੀ ਵੱਖਰੇ ਚੋਣ ਹਲਕਿਆਂ ਦੀ ਮੰਗ ਕਾਰਨ ਮੁਲਕ ਵੰਡਿਆ ਗਿਆ? ਵੇਗ ਤਾਂ ਇਸ ਤੋਂ ਐਨ ਉਲਟ ਪਾਸੇ ਵੱਲ ਸੀ। ਉਹ ਤਾਂ ਉਸ ਸਮਾਜ ਲਈ ਮੁਕਤੀ ਅਤੇ ਬਰਾਬਰੀ ਲਿਆਉਣ ਦੀ ਵਾਹ ਲਾ ਰਿਹਾ ਸੀ ਜਿਸ ਨੇ ਨਸਲ-ਭੇਦ ਦਾ ਜ਼ਹਿਰੀਲਾ ਰੂਪ ਅਖ਼ਤਿਆਰ ਕੀਤਾ ਹੋਇਆ ਸੀ। ਉਹ ਨਿਆਂ, ਭਾਈਚਾਰੇ, ਏਕਤਾ ਅਤੇ ਅਪਣੱਤ ਦੀ ਭਾਵਨਾ ਦੀ ਗੱਲ ਕਰ ਰਿਹਾ ਸੀ ਨਾ ਕਿ ਵੰਡ ਦੀ। ਪਰ ਜਾਤਪਾਤੀ ਦੀ ਦਰਜੇਬੰਦੀ ਦਾ ਮਤਲਬ ਹੈ ਕਿ ਸਿਰਫ਼ ਵਿਸ਼ੇਸ਼ ਅਧਿਕਾਰ ਮਾਣਨ ਵਾਲੇ ਹੀ ਦਲਿਤਾਂ ਲਈ ਦਰਵਾਜ਼ੇ ਬੰਦ ਕਰ ਸਕਦੇ ਹਨ।

ਜਦੋਂ ਦਲਿਤ ਆਪਣੇ ਦਰਵਾਜ਼ੇ ਖ਼ੁਦ ਭੇੜ ਲੈਂਦੇ ਹਨ ਤਾਂ ਇਸ ਨੂੰ ਧੋਖੇਬਾਜ਼ੀ ਕਿਹਾ ਜਾਂਦਾ ਹੈ। ਨਾਲ ਹੀ, ਜਦੋਂ ਸਾਨੂੰ ਵੰਡ ਦਾ ਸਾਰਾ ਇਲਜ਼ਾਮ ਜਿਨਾਹ ਸਿਰ ਲਾਉਣਾ ਚੰਗਾ ਲਗਦਾ ਹੈ - 'ਇਲਜ਼ਾਮ' ਲਫ਼ਜ਼ ਵਰਤਣ ਨਾਲ ਪਹਿਲਾਂ ਹੀ ਫਰਜ਼ ਕਰ ਲਿਆ ਜਾਂਦਾ ਹੈ ਕਿ ਹਰ ਕੋਈ ਇਸ ਨਾਲ ਸਹਿਮਤ ਹੈ ਕਿ ਵੰਡ ਇਕ ਭਿਆਨਕ ਚੀਜ਼ ਸੀ, ਪਰ ਇਸ ਵੀ ਸੱਚ ਨਹੀਂ - ਪਰ ਅਸੀਂ ਭੁੱਲ ਜਾਂਦੇ ਹਾਂ ਕਿ ਭਾਈ ਪਰਮਾਨੰਦ ਵਰਗਿਆਂ ਨੇ 1905 ਵਿਚ ਹੀ ਬੰਗਾਲ ਦੀ ਵੰਡ ਸਮੇਂ ਇਹ ਸਲਾਹ ਦਿੱਤੀ ਸੀ ਕਿ ਸਿੰਧ ਨੂੰ ਅਫ਼ਗਾਨਿਸਤਾਨ ਅਤੇ ਉਤਰ-ਪੱਛਮੀ ਸਰਹੱਦੀ ਸੂਬੇ ਨਾਲ ਮਿਲਾਕੇ ਇਕ ਮਹਾਂ ਮੁਸਲਿਮ ਸਲਤਨਤ ਬਣਾ ਦੇਣੀ ਚਾਹੀਦੀ ਹੈ। ਉਹ ਗ਼ਦਰ ਪਾਰਟੀ ਦਾ ਇਕ ਬਾਨੀ ਮੈਂਬਰ ਸੀ, ਲਾਹੌਰ ਵਿਚ ਆਰੀਆ ਸਮਾਜ ਦਾ ਥੰਮ ਸੀ ਜੋ ਪਿੱਛੋਂ ਹਿੰਦੂ ਮਹਾਸਭਾ ਦਾ ਅਹਿਮ ਆਗੂ ਬਣਿਆ। ਵੰਡ ਇਸ ਕਰਕੇ ਹੋਈ ਕਿਉਂਕਿ ਤਾਕਤਾਂ ਦਾ ਇਕ ਪੂਰਾ ਸਮੂਹ ਇਸ ਪਾਸੇ ਜੁੱਟਿਆ ਹੋਇਆ ਸੀ, ਅਤੇ ਇਹ ਸਭ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਗਿਆ ਸੀ ਜਿਨ੍ਹਾਂ ਦੇ ਹੱਥ ਓਦੋਂ ਸੱਤਾ ਦੀ ਵਾਗਡੋਰ ਸੀ।



**ਸਵਾਲ: ਤੁਸੀਂ ਅੰਬੇਡਕਰ ਦੀ ਆਦਿਵਾਸੀਆਂ ਬਾਰੇ ਉਸ ਦੇ ਵਿਚਾਰਾਂ ਨੂੰ ਲੈ ਕੇ ਬਹੁਤ ਹੀ ਕਰੜੀ ਆਲੋਚਨਾ ਕਰਦੇ ਹੋ।**

ਅਰੁੰਧਤੀ: ਜਿਵੇਂ ਅਛੂਤਾਂ ਬਾਰੇ ਗਾਂਧੀ ਉਪਕਾਰੀ ਅੰਦਾਜ਼ 'ਚ ਬੋਲਦਾ ਹੈ ਉਸੇ ਤਰ੍ਹਾਂ ਅੰਬੇਡਕਰ ਆਦਿਵਾਸੀਆਂ ਬਾਰੇ ਗੱਲ ਕਰਦਾ ਹੈ। ਇਹ ਸਮਝਣਾ ਮੁਸ਼ਕਲ ਹੈ ਕਿ ਜਿਹੜਾ ਬੰਦਾ ਇਸ ਨੂੰ ਆਪਣੇ ਲੋਕਾਂ ਦੀ ਤੌਹੀਨ ਸਮਝਦਾ ਸੀ ਉਸ ਨੇ ਇਹ ਐਨਾ ਸਾਫ਼ ਸਾਫ਼ ਕਿਵੇਂ ਕਹਿ ਦਿੱਤਾ।

ਅੰਬੇਡਕਰ ਇਕ ਸਿਆਣਾ ਅਤੇ ਨਿਆਂ ਦੀ ਡੂੰਘੀ ਸੂਝ ਵਾਲਾ ਬੰਦਾ ਸੀ। ਮੇਰਾ ਵਿਸ਼ਵਾਸ ਹੈ ਕਿ ਉਸ ਨੇ ਆਲੋਚਨਾ ਨੂੰ ਗੰਭੀਰਤਾ ਨਾਲ ਲੈਣਾ ਸੀ ਅਤੇ ਆਪਣੇ ਖ਼ਿਆਲ ਬਦਲ ਲੈਣੇ ਸਨ। ਪਰ ਉਸ ਦੀ ਇਕੋ-ਇਕ ਇਹੀ ਆਲੋਚਨਾ ਨਹੀਂ ਹੈ ਜੋ ਮੈਂ ਕੀਤੀ ਹੈ। ਪੱਛਮੀ ਉਦਾਰਵਾਦ ਨੂੰ ਗਲੇ ਲਗਾਉਣ, ਸ਼ਹਿਰੀਕਰਨ ਅਤੇ ਆਧੁਨਿਕ 'ਵਿਕਾਸ' ਦੀ ਉਸ ਵਲੋਂ ਹਮਾਇਤ ਕਰਨ ਸਮੇਂ ਉਹ ਤਬਾਹੀ ਦੇ ਉਨ੍ਹਾਂ ਬੀਜਾਂ ਨੂੰ ਨਾ ਦੇਖ ਸਕਿਆ ਜੋ ਇਨ੍ਹਾਂ ਦੇ ਵਿਚ ਪਏ ਸਨ। ਮੈਂ ਇਸ ਬਾਰੇ ਵੀ ਕੁਝ ਵਿਸਤਾਰ 'ਚ ਲਿਖਿਆ ਹੈ।

**ਸਵਾਲ: ਤੁਸੀਂ ਜਾਤਪਾਤ ਨੂੰ ਮੁਖ਼ਾਤਬ ਹੋਣ ਵਿਚ ਕਮਿਊਨਿਸਟਾਂ ਦੀ ਮਹਾਂ ਨਾਕਾਮੀ ਦੀ ਵੀ ਪੁਣਛਾਣ ਕੀਤੀ ਹੈ। ਤੁਸੀਂ ਲਿਖਿਆ ਹੈ ਕਿ "ਉਨ੍ਹਾਂ ਦਾ ਜਾਤਪਾਤ ਪ੍ਰਤੀ ਵਤੀਰਾ ਇੰਞ ਸੀ ਜਿਵੇਂ ਇਹ ਕੋਈ ਜਮਾਤੀ ਵਿਸ਼ਲੇਸ਼ਣ ਦੀ ਟਕਸਾਲੀ ਭਾਸ਼ਾ ਵਿਚੋਂ ਹਾਸਲ ਕੀਤੀ ਲੋਕ ਬੋਲੀ ਹੋਵੇ।" ਮੈਂ ਸਮਝਦੀ ਹਾਂ ਕਿ ਸਾਰੇ ਕਮਿਊਨਿਸਟਾਂ ਨੂੰ ਵੱਡੇ ਟਰੇਡ ਯੂਨੀਅਨ ਆਗੂ ਐੱਸ.ਏ. ਡਾਂਗੇ ਬਾਰੇ ਤੁਹਾਡੇ ਸਹੀ ਨਿਚੋੜ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਮੇਰਾ ਤੁਹਾਨੂੰ ਸਵਾਲ ਹੈ : ਪਾਰਟੀ ਕਮਿਊਨਿਜ਼ਮ ਨੇ ਤੁਹਾਨੂੰ ਨਿਰਾਸ਼ ਕੀਤਾ ਹੈ। ਪਰ ਕੀ ਕਮਿਊਨਿਜ਼ਮ ਦਾ ਕੋਈ ਰੂਪ ਐਸਾ ਹੈ ਜਿਸ ਦੀ ਤੁਸੀਂ ਹਮਾਇਤ ਕਰਦੇ ਹੋਵੋ ਅਤੇ ਜਿਸ ਦੇ ਹੱਕ ਵਿਚ ਹੋਵੋ?**

ਅਰੁੰਧਤੀ: ਮੁੱਖਧਾਰਾ ਕਮਿਊਨਿਸਟ ਪਾਰਟੀਆਂ ਨੇ ਜਿਸ ਢੰਗ ਨਾਲ ਜਾਤਪਾਤ ਨੂੰ ਨਜਿੱਠਿਆ ਉਸ ਦੀ ਆਲੋਚਨਾ ਮੈਂ ਨਿੱਕੀਆਂ ਨਿੱਕੀਆਂ ਚੀਜ਼ਾਂ ਦੇ ਦੇਵਤਾ ਦੇ ਸਮੇਂ ਤੋਂ ਹੀ ਕਰਦੀ ਆਈ ਹਾਂ। ਜਦੋਂ 1997 'ਚ ਇਹ ਨਾਵਲ ਆਇਆ, ਤਾਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਇਸ ਤੋਂ ਬਹੁਤ ਗੁੱਸੇ 'ਚ ਸੀ। ਉਹ ਕਾਮਰੇਡ ਕੇ.ਐੱਨ.ਐੱਮ. ਪਿੱਲੇ ਨਾਂ ਦੇ ਪਾਤਰ ਦੀ ਉਸਾਰੀ ਤੋਂ ਗੁੱਸੇ ਸਨ ਜੋ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਅਤੇ ਇਕ ਦਲਿਤ ਵੇਲੂਥਾ ਖ਼ਿਲਾਫ਼ ਉਹ ਤੁਅੱਸਬਾਂ ਵਿਚ ਗ੍ਰਸਿਆ ਹੋਇਆ ਸੀ। ਵੇਲੂਥਾ ਕਿਤਾਬ ਦੇ ਮੁੱਖ ਪਾਤਰਾਂ ਵਿਚੋਂ ਇਕ ਸੀ। ਕਮਿਊਨਿਸਟ ਅਤੇ ਦਲਿਤ ਤਾਂ ਸੁਭਾਵਿਕ ਸੰਗੀ ਹੋਣੇ ਚਾਹੀਦੇ ਹਨ, ਪਰ ਅਫ਼ਸੋਸ ਹੈ ਕਿ ਇੰਞ ਹੋਇਆ ਨਹੀਂ। ਇਹ ਦਰਾੜ 1920ਵਿਆਂ ਦੇ ਅਖ਼ੀਰ 'ਚ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਬਣਨ ਸਾਰ ਹੀ ਸ਼ੁਰੂ ਹੋ ਗਈ। ਐੱਸ.ਏ.ਡਾਂਗੇ ਇਕ ਬ੍ਰਾਹਮਣ ਸੀ ਜਿਸ ਦੀ ਰੁਚੀ ਉਸੇ ਤਰ੍ਹਾਂ ਦੀ ਸੀ ਜਿਵੇਂ ਅੱਜ ਦੇ ਬਹੁਤ ਸਾਰੇ ਕਮਿਊਨਿਸਟਾਂ ਦੀ ਹੈ ਅਤੇ ਉਹ ਇਸ ਦੇ ਮੁੱਖ ਸਿਧਾਂਤਕਾਰਾਂ ਵਿਚੋਂ ਇਕ ਸੀ। ਉਸ ਨੇ ਪਹਿਲੀ ਕਮਿਊਨਿਸਟ ਟਰੇਡ ਯੂਨੀਅਨ ਗਿਰਨੀ ਕਾਮਗਾਰ ਯੂਨੀਅਨ ਜਥੇਬੰਦ ਕੀਤੀ ਜਿਸ ਦੀ ਮੈਂਬਰ 70,000 ਸੀ। ਮਜ਼ਦੂਰਾਂ ਦਾ ਵੱਡਾ ਹਿੱਸਾ ਮਹਾਰਾਂ ਦਾ ਸੀ, ਉਹ ਅਛੂਤ ਜਾਤ ਜਿਸ ਨਾਲ ਅੰਬੇਡਕਰ ਸਬੰਧਤ ਸੀ। ਉਨ੍ਹਾਂ ਨੂੰ ਸਿਰਫ਼ ਕਤਾਈ ਖਾਤੇ ਵਿਚ ਘੱਟ ਤਨਖ਼ਾਹ ਵਾਲੇ ਕੰਮਾਂ 'ਤੇ ਰੱਖਿਆ ਜਾਂਦਾ ਸੀ, ਕਿਉਂਕਿ ਬੁਣਾਈ ਖਾਤੇ ਵਿਚ ਮਜ਼ਦੂਰਾਂ ਨੂੰ ਧਾਗਾ ਮੂੰਹ ਵਿਚ ਫੜ੍ਹਨਾ ਪੈਂਦਾ ਸੀ ਅਤੇ ਇਹ ਸਮਝਿਆ ਜਾਂਦਾ ਸੀ ਕਿ ਅਛੂਤਾਂ ਦਾ ਥੁੱਕ ਲੱਗਣ ਨਾਲ ਚੀਜ਼ ਭਿੱਟੀ ਜਾਂਦੀ ਹੈ। 1928 'ਚ, ਡਾਂਗੇ ਨੇ ਗਿਰਨੀ ਕਾਮਗਾਰ ਯੂਨੀਅਨ ਦੀ ਪਹਿਲੀ ਵੱਡੀ ਹੜਤਾਲ ਦੀ ਅਗਵਾਈ ਕੀਤੀ। ਅੰਬੇਡਕਰ ਨੇ ਸੁਝਾਅ ਦਿੱਤਾ ਕਿ ਇਕ ਮੁੱਦਾ ਇਹ ਉਠਾਇਆ ਜਾਵੇ ਕਿ ਮਜ਼ਦੂਰਾਂ ਦੀਆਂ ਸਫ਼ਾਂ ਵਿਚ ਬਰਾਬਰੀ ਹੋਵੇ ਅਤੇ ਉਨ੍ਹਾਂ ਨੂੰ ਬਰਾਬਰ ਅਧਿਕਾਰ ਹੋਣ। ਡਾਂਗੇ ਇਸ ਨਾਲ ਸਹਿਮਤ ਨਹੀਂ ਹੋਇਆ ਅਤੇ ਇਸ ਦਾ ਸਿੱਟਾ ਉਨ੍ਹਾਂ ਦੀ ਅਣਬਣ 'ਚ ਨਿਕਲਿਆ। ਓਦੋਂ ਅੰਬੇਡਕਰ ਨੇ ਕਿਹਾ, "ਜਾਤ ਮਹਿਜ਼ ਕਿਰਤ ਦੀ ਵੰਡ ਹੀ ਨਹੀਂ, ਇਹ ਕਿਰਤੀ ਦੀ ਵੰਡ ਵੀ ਹੈ।" ਜਾਤਪਾਤ ਦਾ ਬੀਜਨਾਸ਼ ਕਿਤਾਬ ਵਿਚ ਇਕ ਬਹੁਤ ਹੀ ਪ੍ਰਭਾਵਸ਼ਾਲੀ ਹਿੱਸਾ ਹੈ ਜਿਸ ਵਿਚ ਅੰਬੇਡਕਰ ਜਾਤਪਾਤ ਅਤੇ ਸਮਾਜਵਾਦ ਬਾਰੇ ਲਿਖਦਾ ਹੈ। ਕੀ ਕਮਿਊਨਿਜ਼ਮ ਦਾ ਕੋਈ ਰੂਪ ਐਸਾ ਹੈ ਜਿਸ ਨੂੰ ਮੈਂ ਸਹੀ ਮੰਨਦੀ ਹੋਵਾਂ ਤੇ ਜਿਸ ਦੀ ਮੈਂ ਹਮਾਇਤ ਕਰਦੀ ਹੋਵਾਂ? ਮੈਂ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਇਸ ਦਾ ਕੀ ਮਤਲਬ ਹੈ। ਮੈਂ ਕਮਿਊਨਿਸਟ ਨਹੀਂ ਹਾਂ। ਪਰ ਮੈਂ ਸਮਝਦੀ ਹਾਂ ਕਿ ਸਾਨੂੰ ਇਸ ਦੀ ਸ਼ਿੱਦਤ ਨਾਲ ਲੋੜ ਹੈ ਕਿ ਸਰਮਾਏਦਾਰੀ ਦੀ ਜ਼ਬਰਦਸਤ ਢੰਗ ਨਾਲ ਅਤੇ ਢਾਂਚਾਗਤ ਆਲੋਚਨਾ ਹੋਵੇ। ਅਤੇ ਮੇਰਾ ਭਾਵ ਨਿਰਾ ਇਕ ਜੁੰਡਲੀ ਦੇ ਕਬਜ਼ੇ ਵਾਲੀ ਸਰਮਾਏਦਾਰੀ ਤੋਂ ਨਹੀਂ ਹੈ।

**ਸਵਾਲ: ਐਨ ਇਸੇ ਵਕਤ, ਸਿਆਸੀ ਦ੍ਰਿਸ਼ ਉਪਰ ਇਕ ਨਵੀਂ ਖਿਡਾਰੀ ਆਮ ਆਦਮੀ ਪਾਰਟੀ ਹੈ, ਜਿਸ ਦੀ ਪ੍ਰੇਰਣਾ ਜ਼ਾਹਰਾ ਤੌਰ 'ਤੇ ਗਾਂਧੀਵਾਦੀ ਚਿੰਨ੍ਹਵਾਦ ਹੈ, ਜੋ ਜੁੰਡਲੀ ਦੇ ਕਬਜ਼ੇ ਵਾਲੀ ਸਰਮਾਏਦਾਰੀ ਨੂੰ ਲੰਮੇ ਹੱਥੀਂ ਲੈ ਰਹੀ ਹੈ। ਇਸ ਨੇ ਮੁਕੇਸ਼ ਅਤੇ ਰਿਲਾਇੰਸ ਇੰਡੀਆ ਲਿਮ. ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਬਾਰੇ ਤੁਸੀਂ ਆਪਣੇ ਪਿਛਲੇ ਵੱਡੇ ਲੇਖ ਸਰਮਾਏਦਾਰੀ: ਕਪਟ ਦੀ ਦਾਸਤਾਂ ਵਿਚ ਲਿਖਿਆ ਸੀ। ਆਮ ਆਦਮੀ ਪਾਰਟੀ ਬਾਰੇ ਤੁਹਾਡੇ ਕੀ ਖ਼ਿਆਲ ਹਨ?**

ਅਰੁੰਧਤੀ: ਆਮ ਆਦਮੀ ਪਾਰਟੀ ਬਾਰੇ ਬੱਝਵੇਂ ਖ਼ਿਆਲ ਜ਼ਾਹਿਰ ਕਰਨਾ ਥੋੜ੍ਹਾ ਮੁਸ਼ਕਲ ਹੈ ਕਿਉਂਕਿ ਲਗਦਾ ਹੈ ਕਿ ਇਸ ਦੇ ਤਾਂ ਆਪਣੇ ਕੋਈ ਬੱਝਵੇਂ ਵਿਚਾਰ ਨਹੀਂ ਹਨ। ਇਕ ਸਿਆਸੀ ਵਿਚਾਰਧਾਰਾ ਵਜੋਂ ਮੈਂ ਭ੍ਰਿਸ਼ਟਾਚਾਰ ਦੀ ਖ਼ਿਲਾਫ਼ਤ ਦੀ ਪ੍ਰਸ਼ੰਸਕ ਨਹੀਂ ਹਾਂ। ਕਿਉਂਕਿ ਮੈਂ ਸਮਝਦੀ ਹਾਂ ਕਿ ਭ੍ਰਿਸ਼ਟਾਚਾਰ ਤਾਂ ਇਕ ਮਸਲੇ ਦਾ ਇਜ਼ਹਾਰ ਹੈ ਅਤੇ ਇਹ ਆਪਣੇ ਆਪ ਵਿਚ ਕੋਈ ਮਸਲਾ ਨਹੀਂ ਹੈ। ਬੇਸ਼ੱਕ, ਚੋਣਾਂ ਦਾ ਸਾਲ ਹੋਣ ਕਰਕੇ ਇਹ ਕਾਫ਼ੀ ਸਿਆਸੀ ਖਿੱਚ ਦਾ ਕੇਂਦਰ ਬਣ ਰਹੀ ਹੈ - ਆਖ਼ਿਰ ਭ੍ਰਿਸ਼ਟ ਲੋਕ ਵੀ ਤਾਂ ਭ੍ਰਿਸ਼ਟਾਚਾਰ ਦੀ ਖ਼ਿਲਾਫ਼ਤ ਕਰਦੇ ਹਨ - ਪਰ ਓੜਕ ਇਹ ਸਾਨੂੰ ਅੰਨ੍ਹੀ ਗਲੀ ਵਿਚ ਲੈ ਜਾਵੇਗੀ। ਪਰ ਜਦੋਂ ਆਮ ਆਦਮੀ ਪਾਰਟੀ ਨੇ ਮੁਕੇਸ਼ ਅੰਬਾਨੀ ਨੂੰ ਲੰਮੇ ਹੱਥੀਂ ਲਿਆ ਤਾਂ ਮੈਂ ਉਨ੍ਹਾਂ ਲੋਕਾਂ ਵਿਚੋਂ ਸੀ ਜਿਨ੍ਹਾਂ ਨੂੰ ਖੁਸ਼ੀ ਹੋਈ। ਅਚਾਨਕ, ਜਣੇ-ਖਣੇ ਨੇ, ਮੁੱਖਧਾਰਾ ਮੀਡੀਆ ਅਤੇ ਸੋਸ਼ਲ ਮੀਡੀਆ ਦੋਵਾਂ ਨੇ ਅੰਬਾਨੀਆਂ ਅਤੇ ਗੈਸ ਦੇ ਭਾਅ ਦੇ ਮੁੱਦਿਆਂ ਬਾਰੇ ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਇਹ ਉਹ ਚੀਜ਼ਾਂ ਸਨ ਜਿਨ੍ਹਾਂ ਬਾਰੇ ਕੁਝ ਮਹੀਨੇ ਪਹਿਲਾਂ ਕੋਈ ਘੁਸਰ-ਮੁਸਰ ਕਰਨ ਦਾ ਜੇਰਾ ਵੀ ਨਹੀਂ ਸੀ ਕਰਦਾ। ਸਾਨੂੰ ਸਾਰਿਆਂ ਨੂੰ ਚੇਤੇ ਹੈ ਕਿ ਕਿਵੇਂ ਮੁੰਬਈ ਵਿਚ ਅੰਬਾਨੀ ਦੀ ਕਾਰ ਦੀ ਟੱਕਰ ਹੋ ਜਾਣ ਦੀ ਖ਼ਬਰ ਸਰਸਰੀ ਜਹੇ ਹੀ ਦਬਾਅ ਦਿੱਤੀ ਗਈ ਸੀ। ਇਸ ਪੱਖੋਂ, ਆਮ ਆਦਮੀ ਪਾਰਟੀ ਨੇ ਹਰ ਬੰਦੇ ਦੀ ਕੰਗਰੋੜ ਨੂੰ ਕੁਝ ਤਾਕਤ ਦਿੱਤੀ ਹੈ। ਉਨ੍ਹਾਂ ਦੀ ਪਛਾਣ ਗਾਂਧੀ ਟੋਪੀ ਨਾਲ ਮਿਲਦੀ-ਜੁਲਦੀ ਹੈ, ਪਰ ਜਿਸ ਤਰ੍ਹਾਂ ਉਹ ਸਨਅਤੀ ਘਰਾਣਿਆਂ ਦੇ ਪਿੱਛੇ ਪਏ ਹੋਏ ਹਨ, ਇਹ ਪੂਰੀ ਤਰ੍ਹਾਂ ਗ਼ੈਰਗਾਂਧੀਵਾਦੀ ਸਰਗਰਮੀ ਹੈ। ਅਤੇ ਮੈਂ ਪੂਰੀ ਤਰ੍ਹਾਂ ਇਸ ਦੇ ਹੱਕ ਵਿਚ ਹਾਂ। ਮੈਂ ਤਾਂ ਬਸ ਇਹੀ ਉਮੀਦ ਕਰਦੀ ਹਾਂ ਕਿ ਇਹ ਕਾਰਪੋਰੇਟਾਂ ਦੀ ਆਪਸੀ ਜੰਗ ਦਾ ਅਖਾੜਾ ਬਣਕੇ ਨਾ ਰਹਿ ਜਾਵੇ, ਜਿਥੇ ਇਕ ਨਵਾਂ ਦੈਂਤ ਪੁਰਾਣੇ ਦੀ ਥਾਂ ਲੈ ਲੈਂਦਾ ਹੈ। ਕਿਸ ਨੇ ਕਿਸ ਨੂੰ ਖ਼ਰੀਦਿਆ ਜਾਂ ਕਿਸ ਨੇ ਕਿਸ ਨੂੰ ਵੱਢੀ ਦਿੱਤੀ ਇਹ ਚਿੱਕੜ-ਉਛਾਲੀ ਅਤੇ ਦੂਸ਼ਣਬਾਜ਼ੀ ਮਨ-ਪ੍ਰਚਾਵਾ ਤਾਂ ਵਧੀਆ ਹੈ, ਪਰ ਨਾਸੂਰ ਭ੍ਰਿਸ਼ਟਾਚਾਰ ਅਤੇ ਵੱਢੀਖ਼ੋਰੀ ਤੋਂ ਕਿਤੇ ਜ਼ਿਆਦਾ ਡੂੰਘੇਰਾ ਹੈ। ਮੇਰੇ ਅਨੁਸਾਰ ਅਸਲ ਮਸਲਾ ਇਹ ਹੈ ਕਿ ਵੱਡੀਆਂ ਕਾਰਪੋਰੇਸ਼ਨਾਂ - ਟਾਟਾ, ਰਿਲਾਇੰਸ, ਜਿੰਦਲ, ਵੇਦਾਂਤ ਅਤੇ ਬਹੁਤ ਸਾਰੇ ਹੋਰ - ਇਕੋ ਸਮੇਂ ਬਹੁਤ ਸਾਰੇ ਕਾਰੋਬਾਰ ਚਲਾਉਂਦੇ ਹਨ। ਮੁਕੇਸ਼ ਅੰਬਾਨੀ ਕੋਲ ਨਿੱਜੀ ਤੌਰ 'ਤੇ 1000 ਅਰਬ ਰੁਪਏ ਦੀ ਦੌਲਤ ਹੈ। ਪਰ ਟਾਟੇ, ਵੇਦਾਂਤ, ਜਿੰਦਲ, ਅਦਾਨੀ ਇਸ ਤੋਂ ਕਿਸੇ ਤਰ੍ਹਾਂ ਵੀ ਵੱਖਰੇ ਨਹੀਂ ਹਨ। ਇੱਥੋਂ ਤਕ ਕਿ ਜਿੱਥੇ ਹਰ ਚੀਜ਼ ਪਾਰਦਰਸ਼ੀ ਹੈ, ਉਥੇ ਵੀ ਸਮੱਸਿਆ ਹੁੰਦੀ ਹੈ। ਇੱਥੋਂ ਤਕ ਕਿ ਜੇ ਤੁਸੀਂ ਕੱਟੜ ਟਕਸਾਲੀ ਸਰਮਾਏਦਾਰ ਹੋ ਤੁਹਾਨੂੰ ਇਥੇ ਵੀ ਸਮੱਸਿਆ ਨਜ਼ਰ ਆਵੇਗੀ। ਕਾਰੋਬਾਰਾਂ ਦੀ ਇਸ ਤਰ੍ਹਾਂ ਦੀ ਮਿਲੀ-ਜੁਲੀ ਮਾਲਕੀ ਹੈ, ਮੁਨਾਫ਼ੇ ਇਸ ਕਦਰ - ਬੇਅੰਤ ਮੁਨਾਫ਼ੇ - ਥੋੜ੍ਹੇ ਤੋਂ ਥੋੜ੍ਹੇ ਲੋਕਾਂ ਕੋਲ ਜਮ੍ਹਾਂ ਹੁੰਦੇ ਜਾਂਦੇ ਹਨ, ਕਾਰਪੋਰੇਟਾਂ ਅਤੇ ਮੀਡੀਆ ਦਰਮਿਆਨ ਹਿੱਤਾਂ ਦਾ ਟਕਰਾਅ ਹੈ - ਤਾਂ ਪ੍ਰੈੱਸ ਆਜ਼ਾਦ ਕਿਵੇਂ ਹੋ ਸਕਦੀ ਹੈ ਜੇ ਇਸ ਦੀਆਂ ਮਾਲਕ ਕਾਰਪੋਰੇਸ਼ਨਾਂ ਹਨ ਅਤੇ ਉਹੀ ਇਨ੍ਹਾਂ ਨੂੰ ਚਲਾਉਂਦੀਆਂ ਹਨ? ਮੈਂ ਸਮਝਦੀ ਹਾਂ ਕਿ ਸਿਆਸੀ ਯੁੱਧਨੀਤੀ ਦੇ ਤੌਰ 'ਤੇ ਆਮ ਆਦਮੀ ਪਾਰਟੀ ਮੁਕੇਸ਼ ਅੰਬਾਨੀ ਨੂੰ ਅਲੱਗ ਕਰਕੇ ਉਸ ਨੂੰ ਲੰਮੇ

DYNAMIC TROPHIES
& AWARDS
Where We Make Your Winners Shine!
We specialize in:
- Corporate awards
- Plaques
- Trophies
- Medals
- Crystal awards
- Glass awards
- Recognition products
- Executive gifts
- Promotional items



call: Raguhbir Singh or Komal
905.454.2636
224 Rutherford Road South, Suite 1
Brampton, ON L6W 3J6
dynamictrophies@hotmail.com
www.dynamictrophies.ca





ਹੱਥੀਂ ਲੈਣ ਦਾ ਦਿਖਾਵਾ ਕਰਨ ਲੱਗੀ ਹੋਈ ਹੈ। ਨਿੱਜੀ ਰਿਹਾਇਸ਼ ਲਈ 27 ਮੰਜ਼ਲੀ ਆਸਮਾਨ ਛੂੰਹਦਾ ਮਹਿਲ ਬਣਾਇਆ ਗਿਆ – ਇਹ ਹੰਕਾਰ ਨਹੀਂ ਤਾਂ ਹੋਰ ਕੀ ਹੈ, ਉਹ ਲੰਮੇ ਹੱਥੀਂ ਲਏ ਜਾਣ ਦਾ ਹੀ ਹੱਕਦਾਰ ਸੀ। ਪਰ ਕਿਸੇ ਨੁਕਤੇ 'ਤੇ ਮੈਨੂੰ ਇਹ ਦੇਖਕੇ ਖ਼ੁਸ਼ੀ ਹੋਵੇਗੀ ਜੇ ਮਸਲੇ ਨੂੰ ਵੱਧ ਗੰਭੀਰਤਾ ਨਾਲ ਅਤੇ ਢਾਂਚੇ ਦੇ ਪੱਖੋਂ ਮੁਖ਼ਾਤਬ ਹੋਇਆ ਜਾਂਦਾ ਹੈ। ਖ਼ਾਸ ਕਰਕੇ ਕਿਉਂਕਿ ਅਸੀਂ ਆਮ ਆਦਮੀ ਪਾਰਟੀ ਵੱਲ ਵੇਖ ਰਹੇ ਹਾਂ ਕਿ ਉਹ ਉਸ ਦੇ ਰਾਹ ਵਿਚ ਕੁਝ ਅੜਿੱਕੇ ਖੜ੍ਹੇ ਕਰੇਗੀ ਜਿਸ ਨੂੰ ਮੋਦੀਤਵ ਦਾ ਉਭਾਰ ਕਿਹਾ ਜਾ ਰਿਹਾ ਹੈ – ਜੋ ਬੁਨਿਆਦੀ ਤੌਰ 'ਤੇ ਆਦਿ-ਜੁਗਾਦਿ ਫਾਸ਼ੀਵਾਦ ਨਾਲ ਕਾਰਪੋਰੇਟ ਸਰਮਾਏਦਾਰੀ ਦਾ ਖੰਡ-ਖੀਰ ਹੋਣਾ ਹੈ।

**ਸਵਾਲ: ਜਦੋਂ ਤੁਸੀਂ ਕਹਿੰਦੇ ਹੋ ਕਿ "ਜਾਤਪਾਤ ਬਾਰੇ ਗਾਂਧੀ ਦੇ ਅਤੇ ਹਿੰਦੂ ਸੱਜੇਪੱਖ ਦੇ ਵਿਚਾਰਾਂ ਵਿਚ ਕਦੇ ਵੀ ਬਹੁਤਾ ਫ਼ਰਕ ਨਹੀਂ ਸੀ। ਦਲਿਤ ਨਜ਼ਰੀਏ ਤੋਂ ਗਾਂਧੀ ਦਾ ਕਤਲ ਇਕ ਵਿਚਾਰਧਾਰਕ ਵਿਰੋਧੀ ਵਲੋਂ ਕਤਲ ਨਾਲੋਂ ਭਰਾਮਾਰ ਕਤਲ ਜ਼ਿਆਦਾ ਲਗਦਾ ਹੈ" ਤਾਂ ਬਹੁਤ ਲੋਕਾਂ ਲਈ ਤੁਹਾਡੀ ਵਿਆਖਿਆ ਮੁੱਦਾ ਬਣ ਜਾਵੇਗੀ। ਫਿਰ ਤੁਸੀਂ ਕਹਿ ਰਹੇ ਹੋ ਕਿ ਇਸ ਕਾਰਨ ਗਾਂਧੀ ਨੂੰ ਧਿਆਉਣ 'ਚ ਮੋਦੀ ਨੂੰ ਵੀ ਕੋਈ ਔਖ ਨਹੀਂ ਹੋਣ ਲੱਗੀ। ਲਿਹਾਜ਼ਾ ਕੀ ਤੁਸੀਂ ਗਾਂਧੀ ਨੂੰ ਹਿੰਦੂ ਸੱਜੇਪੱਖ ਦੇ ਹੱਥਾਂ ਵਿਚ ਦੇ ਰਹੇ ਹੋ? ਗਾਂਧੀ ਇਕ ਐਸਾ ਬੰਦਾ ਹੈ ਜਿਸ ਨੂੰ ਹਥਿਆਉਣ ਲਈ ਉਹ ਤੱਤਪਰ ਹਨ, ਕੀ ਤੁਸੀਂ ਉਨ੍ਹਾਂ ਦੇ ਹੱਥਾਂ ਵਿਚ ਨਹੀਂ ਖੇਡ੍ਹ ਰਹੇ?**

ਅਰੁੰਧਤੀ: ਗਾਂਧੀ ਕੋਈ ਲੀਰਾਂ ਦੀ ਗੁੱਡੀ ਨਹੀਂ ਹੈ, ਜਿਸ ਨੂੰ ਮੈਂ ਕਿਸੇ ਦੇ ਹੱਥ ਦੇ ਦਿਆਂ?

ਮੈਨੂੰ ਇਨਾ ਕੁ ਕਹਿਣ ਦੀ ਇਜਾਜ਼ਤ ਵੀ ਦਿਓ – ਮੁਸਲਮਾਨਾਂ ਅਤੇ ਹਿੰਦੁਸਤਾਨੀ ਕੌਮ ਵਿਚ ਉਨ੍ਹਾਂ ਦੇ ਸਥਾਨ ਦੇ ਸਵਾਲ ਬਾਰੇ ਗਾਂਧੀ ਅਤੇ ਹਿੰਦੂ ਸੱਜੇਪੱਖ ਦਰਮਿਆਨ ਨਿਸ਼ਚੇ ਹੀ ਗੰਭੀਰ ਵਿਚਾਰਧਾਰਕ ਮੱਤਭੇਦ ਸਨ, ਅਤੇ ਇਸ ਖ਼ਾਤਰ ਗਾਂਧੀ ਨੇ ਆਪਣੀ ਜਾਨ ਦੇ ਦਿੱਤੀ। ਪਰ ਜਾਤਪਾਤ, ਧਰਮ-ਬਦਲੀ ਅਤੇ ਗਊ ਰੱਖਿਆ ਦੇ ਸਵਾਲਾਂ ਬਾਰੇ ਗਾਂਧੀ ਐਨ ਸੱਜੇਪੱਖ ਨਾਲ ਕਦਮ ਮਿਲਾਕੇ ਚਲਦਾ ਸੀ। ਸਦੀ ਦੇ ਅਖ਼ੀਰ 'ਚ -19ਵੀਂ ਤੋਂ 20ਵੀਂ ਸਦੀ – ਜਦੋਂ ਵੱਖੋ-ਵੱਖਰੀਆਂ ਸੁਧਾਰਵਾਦੀ ਜਥੇਬੰਦੀਆਂ ਅਛੂਤ ਵਸੋਂ ਦਾ ਧਰਮ ਬਦਲਾਉਣ ਵਿਚ ਜੁੱਟੀਆਂ ਹੋਈਆਂ ਸਨ। ਜੇ ਕੋਈ ਫ਼ਰਕ ਸੀ, ਤਾਂ ਇਹ ਕਿ ਇਸ ਬਾਰੇ ਸੱਜੇਪੱਖੀ ਵਧੇਰੇ ਹੀ ਉਤਸ਼ਾਹ 'ਚ ਸਨ। ਮਸਲਨ, ਤਿਲਕ ਦੇ ਚੇਲੇ ਅਤੇ ਹਿੰਦੂ ਸੱਜੇਪੱਖੀਆਂ ਦੇ ਨਾਇਕ ਵੀ.ਡੀ. ਸਾਵਰਕਰ ਨੇ 1927 ਦੇ ਅੰਬੇਡਕਰ ਦੀ ਅਗਵਾਈ ਵਿਚ ਹੋਏ ਮਹਾੜ ਸੱਤਿਆਗ੍ਰਹਿ ਦੀ ਹਮਾਇਤ ਕੀਤੀ ਸੀ ਜੋ ਸਾਂਝੇ ਛੱਪੜ ਤੋਂ ਪਾਣੀ ਲੈਣ ਦਾ ਹੱਕ ਅਛੂਤਾਂ ਨੂੰ ਲੈ ਕੇ ਦੇਣ ਦੇ ਮਨੋਰਥ ਨਾਲ ਕੀਤਾ ਗਿਆ ਸੀ। ਗਾਂਧੀ ਨੇ ਇਸ ਦੀ ਹਮਾਇਤ ਓਨੀ ਖੁੱਲ੍ਹਕੇ ਨਹੀਂ ਕੀਤੀ। ਤੇ ਪੂਨਾ ਸਮਝੌਤੇ 'ਤੇ ਦਸਤਖ਼ਤ ਕਰਨ ਵਾਲੇ ਕੌਣ ਸਨ?

ਇਹ ਕਈ ਬੰਦੇ ਸਨ, ਪਰ ਇਨ੍ਹਾਂ ਵਿਚ ਗਾਂਧੀ ਦਾ ਸਨਅਤਕਾਰ-ਸਰਪ੍ਰਸਤ ਜੀ.ਡੀ. ਬਿਰਲਾ ਸੀ, ਉਸ ਦੀ ਜ਼ਿਆਦਾਤਰ ਜ਼ਿੰਦਗੀ ਵਿਚ ਫੰਡ ਉਹੀ ਦਿੰਦਾ ਰਿਹਾ; ਇਕ ਰੂੜੀਵਾਦੀ ਬ੍ਰਾਹਮਣ ਅਤੇ ਹਿੰਦੂ ਮਹਾਂ ਸਭਾ ਦਾ ਬਾਨੀ ਪੰਡਤ ਮਦਨ ਮੋਹਨ ਮਾਲਵੀਆ; ਅਤੇ ਸਾਵਰਕਰ, ਜਿਸ ਉਪਰ ਗਾਂਧੀ ਦੇ ਕਤਲ ਵਿਚ ਹਿੱਸੇਦਾਰ ਹੋਣ ਦਾ ਇਲਜ਼ਾਮ ਸੀ। ਇਹ ਸਾਰੇ ਪੇਚੀਦਾ ਢੰਗਾਂ ਨਾਲ ਆਪੋ ਵਿਚ ਜੁੜੇ ਹੋਏ ਸਨ।

ਬਿਰਲਾ ਗਾਂਧੀ ਨੂੰ ਵੀ ਫੰਡ ਦਿੰਦਾ ਸੀ ਅਤੇ ਆਰੀਆ ਸਮਾਜ ਦੀ ਸ਼ੁੱਧੀ ਲਹਿਰ ਨੂੰ ਵੀ। ਜਦੋਂ ਗਾਂਧੀ ਦੇ ਕਤਲ ਪਿੱਛੋਂ ਆਰ.ਐੱਸ.ਐੱਸ 'ਤੇ ਪਾਬੰਦੀ ਲਾ ਦਿੱਤੀ ਗਈ, ਓਦੋਂ ਬਿਰਲਾ ਪਾਬੰਦੀ ਖ਼ਤਮ ਕਰਾਉਣ ਲਈ ਜੋੜਤੋੜ ਕਰਦਾ ਰਿਹਾ। ਕਾਰਵਾਂ ਰਸਾਲੇ ਵਿਚ ਹੁਣੇ ਜਹੇ ਸਵਾਮੀ ਅਸੀਮਾਨੰਦ ਬਾਰੇ ਇਕ ਰਿਪੋਰਟ ਛਪੀ ਹੈ ਜੋ ਆਰ.ਐੱਸ.ਐੱਸ. ਦਾ ਵੱਡਾ ਆਗੂ ਅਤੇ ਇਕ ਸ਼ਰਧਾਵਾਨ ਗਾਂਧੀਵਾਦੀ ਦਾ ਫਰਜੰਦ ਹੈ। ਉਹ ਹੁਣ ਜੇਲ੍ਹ ਵਿਚ ਹੈ ਤੇ ਉਸ ਉਪਰ ਸਮਝੌਤਾ ਐਕਸਪ੍ਰੈੱਸ ਵਿਚ ਬੰਬ ਧਮਾਕੇ ਕਰਨ, ਜਿਸ ਵਿਚ 80 ਬੰਦੇ ਮਾਰੇ ਗਏ ਸਨ, ਸਮੇਤ ਲੜੀਵਾਰ ਬੰਬ-ਧਮਾਕੇ ਕਰਾਉਣ ਦਾ ਮੁਕੱਦਮਾ ਚਲ ਰਿਹਾ ਹੈ। ਉਸ ਨੇ ਖ਼ੁਲਾਸਾ ਕੀਤਾ ਹੈ ਕਿ ਕਿਵੇਂ ਉਸ ਦੇ ਗੁਜਰਾਤ ਵਾਲੇ ਆਸ਼ਰਮ ਵਿਚ ਮੁੰਡਿਆਂ ਨੂੰ ਰੋਜ਼ ਸਵੇਰੇ ਏਕਤਾ ਮੰਤਰ ਦਾ ਜਾਪ ਕਰਾਇਆ ਜਾਂਦਾ ਸੀ, ਕੌਮੀ ਏਕਤਾ ਦਾ ਤਰਾਨਾ ਜਿਸ ਵਿਚ ਗਾਂਧੀ ਦੇ ਨਾਲ ਨਾਲ ਆਰ.ਐੱਸ.ਐੱਸ. ਦੇ ਸਭ ਤੋਂ ਅਹਿਮ ਸਿਧਾਂਤਕਾਰ ਐੱਮ.ਐੱਸ. ਗੋਲਵਾਲਕਰ ਦਾ ਨਾਂ ਧਿਆਇਆ ਜਾਂਦਾ ਹੈ।

ਨਰੇਂਦਰ ਮੋਦੀ ਗੁਜਰਾਤ ਦੇ ਮਹਾਤਮਾ ਮੰਦਰ ਨਾਂ ਦੇ ਨਵੇਂ ਸ਼ਾਨਦਾਰ ਸੰਮੇਲਨ ਭਵਨ ਤੋਂ ਆਪਣੇ ਕਈ ਉਕਸਾਊ ਐਲਾਨ ਕਰਦਾ ਰਹਿੰਦਾ ਹੈ। 1936 'ਚ, ਗਾਂਧੀ ਨੇ ਆਦਰਸ਼ ਭੰਗੀ ਨਾਂ ਦਾ ਇਕ ਅਸਾਧਾਰਨ ਲੇਖ ਲਿਖਿਆ ਸੀ ਜਿਸ ਦੀ ਸਮਾਪਤੀ ਇਨ੍ਹਾਂ ਲਫ਼ਜ਼ਾਂ ਨਾਲ ਕੀਤੀ ਗਈ ਹੈ – "ਆਪਣੇ ਕਿੱਤੇ ਤੋਂ ਰੋਟੀ-ਰੋਜੀ ਕਮਾਉਂਦਿਆਂ ਅਜਿਹਾ ਆਦਰਸ਼ ਭੰਗੀ ਇਸ ਨੂੰ ਇਕ ਪਵਿੱਤਰ ਫਰਜ਼ ਵਜੋਂ ਹੀ ਲਵੇਗਾ। ਦੂਜੇ ਲਫ਼ਜ਼ਾਂ 'ਚ, ਉਹ ਇਸ ਵਿਚੋਂ ਦੌਲਤ ਜੋੜਨ ਦਾ ਖ਼ਵਾਬ ਨਹੀਂ ਪਾਲੇਗਾ"। ਸੱਤਰ ਸਾਲ ਬਾਦ ਆਪਣੀ ਕਿਤਾਬ ਕਰਮਯੋਗੀ ਵਿਚ (ਜੋ ਉਸ ਨੂੰ ਬਾਲਮੀਕੀ ਭਾਈਚਾਰੇ ਵਲੋਂ ਰੋਸ ਪ੍ਰਗਟਾਉਣ 'ਤੇ ਵਾਪਸ ਲੈਣੀ ਪਈ) ਨਰੇਂਦਰ ਮੋਦੀ ਨੇ ਕਿਹਾ: "ਮੇਰਾ ਵਿਸ਼ਵਾਸ ਨਹੀਂ ਹੈ ਕਿ ਉਹ ਇਹ ਕੰਮ ਮਹਿਜ਼ ਰੋਟੀ-ਰੋਜ਼ੀ ਲਈ ਕਰਦੇ ਹਨ। ਜੇ ਇੰਞ ਹੁੰਦਾ, ਤਾਂ ਉਨ੍ਹਾਂ ਨੇ ਪੁਸ਼ਤ-ਦਰ-ਪੁਸ਼ਤ ਇਸ ਤਰ੍ਹਾਂ ਦਾ ਕੰਮ ਕਰਨਾ ਜਾਰੀ ਨਹੀਂ ਸੀ ਰੱਖਣਾ।.... ਇਕ ਸਮੇਂ 'ਤੇ ਜਾ ਕੇ ਕਿਸੇ ਨੂੰ ਇਹ ਗਿਆਨ ਦਾ ਚਾਨਣ ਲਾਜ਼ਮੀ ਹੋ ਗਿਆ ਹੋਵੇਗਾ ਕਿ ਪੂਰੇ ਸਮਾਜ ਅਤੇ ਪ੍ਰਮਾਤਮਾ ਦੀ ਖ਼ੁਸ਼ੀ ਲਈ ਇਹ ਕੰਮ ਕਰਨਾ ਉਨ੍ਹਾਂ (ਬਾਲਮੀਕੀਆਂ) ਦਾ ਫਰਜ਼ ਹੈ; ਕਿ ਉਨ੍ਹਾਂ ਨੂੰ ਪ੍ਰਮਾਤਮਾ ਦਾ ਬਖ਼ਸ਼ਿਆ ਇਹ ਕੰਮ ਕਰਨਾ ਹੀ ਪੈਣਾ ਹੈ; ਅਤੇ ਸਦੀਆਂ ਤਕ ਉਨ੍ਹਾਂ ਨੂੰ ਇਹ ਕੰਮ ਅੰਦਰੂਨੀ ਰੂਹਾਨੀ ਸਰਗਰਮੀ ਵਜੋਂ ਜਾਰੀ ਰੱਖਣਾ ਚਾਹੀਦਾ ਹੈ।" ਹੁਣ ਤੁਸੀਂ ਹੀ ਦੱਸੋ – ਇਨ੍ਹਾਂ ਵਿਚ ਫ਼ਰਕ ਕਿਥੇ ਹੈ?

**ਸਵਾਲ: ਜਦੋਂ ਅਰੁੰਧਤੀ ਰਾਏ ਮਹਾਤਮਾ ਗਾਂਧੀ ਵਜੋਂ ਵਡਿਆਏ ਜਾਂਦੇ ਇਕ ਬੰਦੇ ਦੀ ਤਿੱਖੀ ਪੜਚੋਲ ਕਰਦੀ ਹੈ ਤਾਂ ਦੁਨੀਆ ਵਿਚ ਇਸ ਦਾ ਨੋਟਿਸ ਤਾਂ ਲਿਆ ਹੀ ਜਾਵੇਗਾ। ਕੁਝ ਲੋਕ ਦਲੀਲ ਦੇਣਗੇ ਕਿ ਇਕ ਖ਼ੂਬਸੂਰਤ ਖ਼ਿਆਲ ਨੂੰ ਜਿਉਂਦਾ ਰੱਖਣਾ ਇਸ ਨੂੰ ਇਕ ਖ਼ਾਸ ਹਕੀਕਤ ਨਾਲ ਢਾਹ ਲਾਉਣ ਨਾਲੋਂ ਵੱਧ ਅਹਿਮ ਹੈ।**

ਅਰੁੰਧਤੀ: ਇਹ ਵਧੀਆ ਸਵਾਲ ਹੈ। ਦਰ ਅਸਲ ਮੈਂ ਇਸ ਬਾਰੇ ਕਾਫ਼ੀ ਸੋਚਿਆ – ਜਿਵੇਂ ਕੋਈ ਲੇਖਕ ਕਰਦਾ ਹੀ ਹੈ, ਜਾਂ ਉਸ ਨੂੰ ਕਰਨਾ ਚਾਹੀਦਾ ਹੈ। ਮੈਂ ਫ਼ੈਸਲਾ ਇਹ ਲਿਆ ਇਹ ਪੂਰੀ ਤਰ੍ਹਾਂ ਗ਼ਲਤ ਹੈ, ਇਹ ਪੂਰੀ ਤਰ੍ਹਾਂ ਨਾਮੰਨਣਯੋਗ ਹੈ। ਇਸ ਤਰ੍ਹਾਂ ਦੀ ਪਰਦਾਪੋਸ਼ੀ – ਅਤੇ ਇਹ ਪਰਦਾਪੋਸ਼ੀ ਤੋਂ ਘੱਟ ਕੁਝ ਵੀ ਨਹੀਂ ਹੋਵੇਗਾ – ਇਕ ਮੁੱਲ ਵਸੂਲਕੇ ਪ੍ਰਵਾਨ ਚੜ੍ਹਦੀ ਹੈ। ਅਤੇ ਉਹ ਮੁੱਲ ਅੰਬੇਡਕਰ ਹੈ। ਸਾਨੂੰ ਗਾਂਧੀ ਨਾਲ, ਉਸ ਦੀ ਕੁਲ ਪ੍ਰਤਿਭਾ ਅਤੇ ਨੁਕਸਾਂ ਨਾਲ ਨਜਿੱਠਣਾ ਹੀ ਪਵੇਗਾ। ਜੇ ਅੰਬੇਡਕਰ ਲਈ ਗੁੰਜਾਇਸ਼ ਬਣਾਉਣੀ ਹੈ, ਉਸ ਦੀ ਕੁਲ ਪ੍ਰਤਿਭਾ ਅਤੇ ਨੁਕਸਾਂ ਸਮੇਤ। ਮਹਾਤਮਾ ਨੂੰ ਮਕਬੂਲੀਅਤ ਵਿਚ ਡਾਕਟਰ ਲਈ ਥਾਂ ਛੱਡਣੀ ਹੀ ਪਵੇਗੀ। ਅੰਬੇਡਕਰ ਦਾ ਵਕਤ ਆ ਗਿਆ ਹੈ।

**ਅਨੁਵਾਦ: ਬੂਟਾ ਸਿੰਘ**

# ਤਰਕਸ਼ੀਲ ਸੋਸਾਇਟੀ ਵਲੋਂ ਸ਼ਹੀਦੀ ਦਿਵਸ ਮੌਕੇ ਸ਼ਾਨਦਾਰ ਪ੍ਰੋਗਰਾਮ ਦਾ ਆਯੋਜਨ

**ਡਾ ਬਲਜਿੰਦਰ ਸਿੰਘ ਸੇਖੋਂ)**

ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ ਓਨਟਾਰੀਓ ਵਲੋਂ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ, ਰਾਜਗੁਰੂ, ਸੁਖਦੇਵ ਅਤੇ ਇੰਨਕਲਾਬੀ ਕਵੀ ਪਾਸ਼ ਦੇ ਸ਼ਹੀਦੀ ਦਿਵਸ ਸਬੰਧੀ ਕੀਤੇ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸ਼ਾਮਿਲ ਹੋਏ। ਸ਼ਹੀਦੀ ਦਿਵਸ, ਇੱਕ ਸੈਮੀਨਾਰ "ਅਜੋਕੇ ਸਮੇਂ ਵਿਚ ਭਗਤ ਸਿੰਘ ਦੀ ਵਿਚਾਰਧਾਰਾ ਦੀ ਸਾਰਥਿਕਤਾ" ਦੇ ਰੂਪ ਵਿਚ ਮਨਾਇਆ ਗਿਆ। ਪ੍ਰਸਿਧ ਕਹਾਣੀਕਾਰ ਡਾ ਵਰਿਆਮ ਸਿੰਘ ਸੰਧੂ, ਸ਼ਾਇਰ ਤੇ ਜਮੂਹਰੀ ਲਹਿਰ ਦੇ ਆਗੂ, ਜਰਨੈਲ ਸਿੰਘ ਅੱਚਰਵਾਲ, ਤਰਕਸ਼ੀਲ ਆਗੂ, ਬਲਵਿੰਦਰ ਬਰਨਾਲਾ, ਤੇ ਸੁਸਾਇਟੀ ਦੇ ਅਗੂਆਂ ਅਮ੍ਰਿਤ ਢਿਲੋਂ, ਸੁਰਿੰਦਰ ਸ਼ੌਕਰ ਅਤੇ ਡਾ ਬਲਜਿੰਦਰ ਸੇਖੋਂ ਨੇ ਅਪਣੇ ਵਿਚਾਰ ਰੱਖੇ। ਸੰਗੀਤ ਮੰਡਲੀ ਭਦੌੜ ਦੇ ਕਲਾਕਾਰ ਨਵਤੇਜ ਨੇ ਇੰਨਕਲਾਬੀ ਗੀਤ ਗਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ।

ਪ੍ਰੋਗਰਾਮ ਨੌਜਵਾਨ ਕਲਾਕਾਰ ਨਵਨੂਰ ਵਲੋਂ ਪੇਸ਼ ਕੀਤੇ ਸ਼ਹੀਦ ਪਾਸ਼ ਦੇ ਗੀਤ ਨਾਲ ਸ਼ੁਰੂ ਹੋਇਆ। ਇਸ ਤੋਂ ਬਾਅਦ ਭਦੌੜ ਮੰਡਲੀ ਦੇ ਕਲਾਕਾਰ ਨਵਤੇਜ ਨੇ ਅਪਣੀ ਸੁਰੀਲੀ ਆਵਾਜ਼ ਵਿਚ ਦੋ ਗੀਤ ਸੁਣਾਏ। ਸ੍ਰੀ ਅਮ੍ਰਿਤ ਢਿਲੋਂ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਜਿੰਦਗੀ ਨਾਲ ਸਬੰਧਿਤ ਜਾਣਕਾਰੀ ਸਾਂਝੀ ਕਰਦਿਆਂ, ਉਨ੍ਹਾਂ ਦੇ ਕਰਾਂਤੀਕਾਰੀ ਜੀਵਨ ਤੇ ਝਾਤ ਪਾਈ। ਸ: ਜਰਨੈਲ ਸਿੰਘ ਅਚਰਵਾਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਛੋਹਿਆ। ਪ੍ਰਸਿੱਧ ਕਹਾਣੀਕਾਰ ਡਾ ਵਰਿਆਮ ਸਿੰਘ ਸੰਧੂ ਨੇ ਵੱਖ ਵੱਖ ਸ਼ਕਤੀਆਂ ਵੱਲੋਂ, ਜਿਨ੍ਹਾਂ ਵਿਚ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਕੱਟੜ ਵਿਰੋਧੀ, ਫਿਰਕੂ ਪਾਰਟੀਆਂ ਦੇ ਲੀਡਰ ਸ਼ਾਮਿਲ ਹਨ, ਵੋਟਾਂ ਵਟੋਰਨ ਖਾਤਿਰ, ਉਨ੍ਹਾਂ ਦੇ ਨਾਂ ਨੂੰ ਵਰਤਣ ਬਾਰੇ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਨੂੰ ਭਗਤ ਸਿੰਘ ਨੂੰ ਇੱਕ ਵਿਚਾਰਵਾਨ ਕਰਾਂਤੀਕਾਰੀ ਵਲੋਂ ਸਮਝਣਾ ਅਤੇ ਉਭਾਰਨਾ ਚਾਹੀਦਾ ਹੈ। ਸ੍ਰੀਮਤੀ ਸੁਰਿੰਦਰ ਸ਼ੌਕਰ ਨੇ ਸ਼ਹੀਦਾਂ ਦੀ ਸੋਚ ਤੇ ਪਹਿਰਾ ਦੇਣ ਦੀ ਲੋੜ ਤੇ ਜ਼ੋਰ ਦਿੱਤਾ। ਡਾ ਬਲਜਿੰਦਰ ਸੇਖੋਂ ਨੇ ਸ਼ਹੀਦਾਂ ਦੇ ਸੁਪਨਿਆਂ ਦੇ





ਰਾਜ ਪ੍ਰਬੰਧ ਬਾਰੇ ਬੋਲਦਿਆਂ ਕਿਹਾ ਕਿ ਬੇਸ਼ੱਕ ਕਈ ਦੇਸ਼ਾਂ ਵਿਚ ਚਲਿਆ ਇਹ ਰਾਜ ਪ੍ਰਬੰਧ, ਕੁਝ ਕਾਰਨਾਂ ਕਰਕੇ ਇੱਕ ਵੇਰ, ਕੁਝ ਸਮੇਂ ਲਈ ਪਿਛੇ ਚਲਾ ਗਿਆ ਹੈ, ਪਰ ਜਿਨੀ ਦੇਰ ਇਹ ਚੱਲਿਆ, ਇਸ ਨੇ ਵਿਖਾ ਦਿੱਤਾ ਕਿ ਅਜੋਕੀਆਂ ਸਾਰੀਆਂ ਪ੍ਰਮੁੱਖ ਸਮੱਸਿਆਵਾਂ, ਗਰੀਬੀ, ਭੁੱਖ ਮਰੀ, ਬੇਰੁਜ਼ਗਾਰੀ ਆਦਿ ਦਾ ਓਹੀ ਪੱਕਾ, ਸਦੀਵੀ ਹੱਲ ਹੈ। ਸ: ਬਲਵਿੰਦਰ ਬਰਨਾਲਾ ਨੇ ਅਪਣੇ ਵਿਚਾਰਾਂ ਵਿਚ ਜ਼ੋਰ ਦਿੱਤਾ ਕਿ ਸਾਨੂੰ ਸ਼ਹੀਦਾਂ ਦੀ ਸੋਚ ਅਪਣਾ ਕੇ, ਲੋਕਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢ, ਉੱਜਲੇ ਭਵਿਖ ਵੱਲ ਵੱਧਣਾ ਚਾਹੀਦਾ ਹੈ। ਆਖਿਰ ਵਿਚ ਡਾ ਬਲਜਿੰਦਰ ਸੇਖੋਂ ਨੇ ਸਾਰੇ ਆਏ ਦਰਸ਼ਕਾਂ ਦਾ ਸੁਸਾਇਟੀ ਦੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਸ: ਨਵਕਿਰਨ ਨੇ ਭਾਖੂਬੀ ਨਿਭਾਈ।

ਕੌਮੀ ਸ਼ਹੀਦਾਂ ਨੂੰ ਸਮਰਪਿਤ ਇਹ ਪ੍ਰੋਗਰਾਮ ਸੁਸਾਇਟੀ ਵਲੋਂ ਪੰਜਾਬੀ ਭਾਈਚਾਰੇ ਵਿੱਚ ਤਰਕਸ਼ੀਲ ਵਿਚਾਰਾਂ ਨੂੰ ਲਿਜਾਣ ਤੇ ਲੋਕਾਂ ਨੂੰ ਤਰਕਹੀਣ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਅਗਾਂਹ ਵਧੂ ਵਿਚਾਰਾਂ ਨਾਲ ਜੋੜਨ ਦੇ ਇਕ ਉਪਰਾਲੇ ਵਜੋਂ ਕੀਤਾ ਗਿਆ। ਅਗੇ ਤੋਂ ਵੀ ਸੁਸਾਇਟੀ ਦਾ ਯਤਨ ਰਹੇਗਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਕੀਤੇ ਜਾਣ ਤਾਂ ਕਿ ਲੋਕਾਂ ਨੂੰ ਸਹੀ ਸਾਇੰਸ ਅਧਾਰਤ ਸੋਚ ਨਾਲ ਜੋੜਿਆ ਜਾਵੇ। ਲੋਕਾਂ ਅੰਦਰ ਆਈ ਜਾਗਰਤੀ ਹੀ ਸਾਡੇ ਭਾਈਚਾਰੇ ਦੇ ਬਹੁੱਤ ਸਾਰੇ ਵਿਅੱਕਤੀਆਂ ਨੂੰ ਗੈਬੀ ਸ਼ਕਤੀਆਂ ਦਾ ਝੂਠਾ ਵਿਖਾਵਾ ਕਰ ਕੇ, ਉਨ੍ਹਾਂ ਦਾ ਆਰਥਕ ਸ਼ੋਸ਼ਣ ਕਰ ਰਹੇ ਫੋਕੇ ਢੌਂਗੀ ਸਾਧਾ ਸੰਤਾਂ ਦੇ ਜੰਜਾਲ ਵਿੱਚੋਂ ਕੱਢ ਸਕਦੀ ਹੈ ਅਤੇ ਚੰਗੇਰੀ ਜਿੰਦਗੀ ਜਿਉਣ ਵਿਚ ਸਹਾਈ ਹੋ ਸਕਦੀ ਹੈ।

# Dharamvir Gandhi

## A Doctor of Social Diseases too





Riva

Aptly given the sir-name Bullah, after the rebel Sufi poet Bulleh Shah, by his father, he lived up to his father's ideals only to be renamed Gandhi by his friends and colleagues at Medical College Amritsar. Dr Dharamvir Gandhi is no less than an icon of humanity. With a persistent vision and ardent zeal for social activism, Dr. Gandhi also has the prowess of his profession and wishes to usher change in the present socio-political scenario.

Dharmvir Gandhi, a reputed cardiologist by profession, a humanist at heart, a political activist working for the rights of the have-nots and a harbinger of social change, has worked extensively not only for the betterment of his patient but also of slum dwellers and the wretched of the earth. He knows no boundaries and calls himself an international citizen; one whose religion is humanity and caste homosapien.

Let's have a look at the various aspects of his life: his family background, professional life, social activism and political yearnings. Born to an idealist father and humanist mother he combines the better of both. He had schooling at government institutions and then moved on to pursue MBBS at Medical College, Amritsar. It was this time that Dr. Gandhi, son of a primary school teacher, turned to leftist ideology and was detained for a month for protesting against Emergency in 1977.

One of the most loved learners at college and a dynamic student union activist; he believes that science is a social product. That since it is the heritage of entire mankind, its benefits should not be limited to the upper strata of society.

Dr. Gandhi believes in the cherished dream of Shaheed Bhagat Singh and vigorously condemns the exploitation of man by man. He wants to eliminate this ever-widening economical gap which gives a little few the luxury of holidaying at private islands and deprives a vast majority of a decent life. Feeling inspired by his love for the working class, he moved to Ludhiana for two years in March 1982 to work among the slum dweller, organizing them to voice against this unjust system and providing them the much needed medical help.

With the help of local residents, he also built a model rural medical center at Bilaspur, Punjab which was awarded the best rural health center status in 1988, by the then Punjab Governor S.S. Ray. After serving for eleven years as a cardiologist at Rajindra Hospital, Patiala, he started his own low-cost Medical Social Project where he introduces the concept of layered fee-structure.

He knows no prejudices and doesn't discriminate on the lines of caste, religion, gender, race or nationality. "When you believe in caste structure it means that you give some the power to subjugate others", says Dr. Gandhi who denounces any and all kinds of chauvinisms. Rape is a consequence of gender zealotry. "It is an instrument of wielding power over the other to establish hegemony. It has clear socio-political overtones," says Dr. Gandhi who led the movement against Menia Rape Case of a dalit girl by policemen in 1983. Around 10,000 people had gathered to block the Moga-Barnala Highway and got the police officials suspended by evening. Dr. Gandhi also organised two big demonstrations in Patiala against the Nirbhay Delhi Rape case in December 2012.

Inspite of hectic professional life, he has participated in the 'Jan Lokpal Andolan' as the Chairman of Anna Hazare Sangharsh Ccommittee, Patiala. And when Arvind Kejriwal formed a party he supported him. "We talk about changing the political system. AAP is also trying for the same. Then why not try together!" says Dr. Dharamvir Gandhi who has delivered hundreds of lectures on topics like Science, scientific temperament, modernity, society, contemporary politics and economy and the life and teachings of Shaheed Bhagat Singh across the state.

"If elected, I will change the definition of MP (Member of Parliament) forever; will demonstrate what a common man MP would mean for the people, will uphold people's causes; will stand by them on the roads and in parliament simultaneously," says an emotionally charged Dr. Gandhi.

The reputed Cardiologist, whose name was changed by his friends and colleagues from Dharamvir Bullah to Dharamvir Gandhi owing to his social-activism and khadi kurta pajama, is quite affirmative of the political promises of AAP and yearns to bring about a real change through active and perseverant participation.

What remains to be seen is if the party would bring to the fore the issues which have not seriously surfaced in the established mainstream politics for the past six decades? Will the AAP be able to deliver the goods as per people's wishes? And will Dr. Gandhi stick to his ideals in this corruptible political set-up?

*(Worked as feature writer with Deccan Herald, Bangalore. Presently pursuing Ph.D. in English Literature under the guidance of Dr. Rajesh Sharma, Punjabi University, Patiala.)*



**Certified General Accountant**
**Tax & Accounting**
Attends all Audits and Prepares Appeals
**Sukhdev Singh, CGA**
Tel: 905.793.0909
Fax: 905.450.2165 #10-2084 Steels Ave. E.,
sukhdevss@excite.com Brampton, ON L6T 5A6

ਇਕ ਖ਼ਤ ਕੈਨੇਡਾ ਤੋਂ

# ਜਜ਼ਬਾਤੀ ਪਹਿਲੂ ਅਤੇ ਰਾਜਨੀਤੀ ਦੇ ਸਰੋਕਾਰਾਂ ਦੇ ਕੁਝ ਅੰਸ਼

*ਮਿਤੀ 10 ਅਪਰੈਲ 2014*

*ਇਕ ਓਂਕਾਰ ਸਤਿਗੁਰ ਪ੍ਰਸਾਦਿ*

*ਲਿਖਤੁਮ ਸਰਗਮ, ਅੱਗੇ ਮਿਲੇ ਪਿਆਰੇ ਭਾਰਤ ਵਾਸੀ ਤੇ ਖਾਸ ਤੌਰ 'ਤੇ ਪੰਜਾਬੀ ਜਨਤਾ*

ਅਸੀਂ ਕਨੇਡਾ ਵਿੱਚ ਬੈਠੇ ਤੁਹਾਡੇ ਸਭਨਾਂ ਦੀ ਰਾਜ਼ੀ ਖੁਸ਼ੀ ਦੀ ਦੁਆ ਕਰਦੇ ਆਂ। ਇਸ ਤੋਂ ਪਹਿਲਾਂ ਕਿ ਤੁਸੀਂ ਹੈਰਾਨ ਹੋਵੋ ਕਿ ਅੱਜ ਸਰਗਮ ਨੂੰ ਸਾਡੀ ਯਾਦ ਕਿਵੇਂ ਆ ਗਈ, ਮੈਂ ਦੱਸ ਦਿਆਂ ਕਿ ਮੈਂ ਖੁਦ ਵੀ ਹੈਰਾਨ ਹਾਂ ਆਪਣੇ ਆਪ 'ਤੇ....ਕਿ ਪਿਛਲੇ 14 ਸਾਲਾਂ ਦੌਰਾਨ ਮੈਂ ਰਾਜਨੀਤਕ ਤੌਰ 'ਤੇ ਕਦੀ ਕਿਸੇ ਪਾਰਟੀ ਦੀ ਹਮਾਇਤ ਨਹੀਂ ਕੀਤੀ ਤੇ ਹੁਣ ਕਿਉਂ? ਮੈਂ ਜੋ ਕੁਝ ਤੁਹਾਨੂੰ ਸਾਰਿਆਂ ਨੂੰ ਸੰਬੋਧਨ ਹੋ ਕੇ ਕਹਿਣ ਜਾ ਰਿਹਾਂ, ਉਹ ਬਿਨਾਂ ਸ਼ੱਕ ਕਿਸੇ ਨੂੰ ਇਕ ਪਾਸੜ ਵੀ ਲੱਗ ਸਕਦੈ .... ਮੇਰਾ ਇਸ਼ਾਰਾ ਤਾਂ ਤੁਸੀਂ ਸਮਝ ਹੀ ਗਏ ਹੋਵੋਗੇ ... ਦਰਅਸਲ ਮੇਰੇ ਉਲਾਰ ਨੂੰ ਕੇਵਲ ਓਹੀ ਲੋਕ ਇਕ ਪਾਸੜ ਕਹਿਣਗੇ, ਜੋ ਖੁਦ ਕਿਸੇ ਰਾਜਨੀਤਕ ਪਾਰਟੀ ਨਾਲ ਜੁੜੇ ਹੋਏ ਨੇ ਤੇ ਹੋ ਸਕਦੈ ਕਿ ਉਹਨਾਂ ਨੇ ਅਤੀਤ ਵਿੱਚ ਕਈ ਨਿੱਜੀ ਫ਼ਾਇਦੇ ਵੀ ਲਏ ਹੋਣ। ਪਰ ਮੈਂ ਕਿਸੇ ਪਾਰਟੀ ਤੋਂ ਕੋਈ ਲਾਭ ਪ੍ਰਾਪਤ ਕਰਨ ਵਾਸਤੇ ਉਹਦੀ ਗੱਲ ਨਹੀਂ ਕਰਨ ਜਾ ਰਿਹਾ... ਸਗੋਂ ਮੈਂ ਤਾਂ ਇਸ ਨੂੰ ਮਹਿਜ਼ ਆਪਣਾ ਫ਼ਰਜ਼ ਸਮਝ ਕੇ ਤੁਹਾਨੂੰ ਸੰਬੋਧਨ ਹੋ ਰਿਹੈਂ।

ਤੁਹਾਡੇ ਆਲੇ ਦੁਆਲੇ ਹਰ ਰੋਜ਼, ਹਰ ਪਲ, ਚੋਣਾਂ ਦੀਆਂ ਹੀ ਗੱਲਾਂ ਹੋ ਰਹੀਆਂ ਨੇ ਅੱਜ ਕੱਲ੍ਹ। ਤੇ ਬਹੁਤ ਦੇਰ ਬਾਅਦ ਸਾਨੂੰ ਬਾਹਰਲੇ ਮੁਲਕਾਂ ਵਿੱਚ ਬੈਠਿਆਂ ਵੀ ਇਸ ਵਾਰ ਤੁਹਾਡੀਆਂ ਚੋਣਾਂ ਵਿੱਚ ਖਾਸੀ ਦਿਲਚਸਪੀ ਹੋ ਰਹੀ ਹੈ। ਬੀਤੇ ਸਮੇਂ ਵਿੱਚ ਸਿਰਫ ਰਵਾਇਤੀ ਪਾਰਟੀਆਂ ਦੇ ਕੁਝ ਸਮਰਥਕ ਹੀ ਭਾਰਤ ਜਾਂ ਪੰਜਾਬ ਦੀਆਂ ਚੋਣਾਂ ਵਿੱਚ ਕੋਈ ਇੰਨਟਰੈਸਟ ਲੈਂਦੇ ਸੀ, ਪਰ ਇਸ ਵਾਰ ਆਮ ਆਦਮੀ ਪਾਰਟੀ ਦੀ ਮੱਦਦ ਕਰਨ ਲਈ ਆਮ ਆਦਮੀ ਨਿੱਤਰਿਆ ਹੈ – ਬਿਨਾਂ ਕਿਸੇ ਨਿੱਜੀ ਹਿੱਤ ਦੇ, ਬਿਨਾਂ ਆਪ ਦੇ ਕਿਸੇ ਉਮੀਦਵਾਰ ਨਾਲ ਜਾਣ ਪਹਿਚਾਣ ਦੇ, ਬਿਨਾਂ ਕਿਸੇ ਦੇ ਪਰਸਨਲ ਸੱਦੇ ਤੋਂ ..... ਪਹਿਲਾਂ ਵਾਲੀਆਂ ਪਾਰਟੀਆਂ ਦੇ ਪੱਕੇ ਹਮਾਇਤੀ ਹੀ ਪਾਰਟੀ ਫੰਡ ਵਗੈਰਾ ਦੇ ਕੇ ਸਪੋਰਟ ਕਰਿਆ ਕਰਦੇ ਸਨ, ਪਰ ਐਤਕੀਂ ਆਮ ਆਦਮੀ ਨੇ ਆਮ ਆਦਮੀ ਪਾਰਟੀ ਲਈ ਖੁਦ ਫੰਡਜ਼ ਦਿੱਤੇ ਨੇ, ਜੋ ਕਿ ਇਕ ਨਵੀਂ ਤੇ ਚੰਗੀ ਪਿਰਤ ਹੈ। .... ਤੇ ਇਹ ਸਾਰਾ ਵਰਤਾਰਾ ਆਪ ਮੁਹਾਰੇ ਹੋਈ ਜਾ ਰਿਹਾ .... ਕਨੇਡਾ ਵਿੱਚ ਵੱਸਦੇ ਲੋਕ, ਪੰਜਾਬ ਅਤੇ ਹੋਰਨਾਂ ਸੂਬਿਆਂ ਵਿੱਚ ਬੈਠੇ ਆਪਣੇ ਸਕੇ ਸਬੰਧੀਆਂ ਅਤੇ ਆਮ ਜਨਤਾ ਦੇ ਭਲੇ ਦੇ ਮੱਦੇਨਜ਼ਰ ਇਹਨਾਂ ਚੋਣਾਂ ਨੂੰ ਨਿੱਜੀ ਲੜਾਈ ਸਮਝ ਕੇ ਹਰ ਤਰ੍ਹਾਂ ਦਾ ਬਣਦਾ ਸਹਿਯੋਗ ਪਾ ਰਹੇ ਹਨ। ਸਭ ਨੂੰ ਇਹੀ ਲਾਲਸਾ ਹੈ ਕਿ ਭਾਰਤ ਦੀ ਰਾਜਨੀਤੀ ਵਿੱਚ ਸੁਧਾਰ ਆ ਜਾਵੇ ਅਤੇ ਭਵਿੱਖ ਦੀਆਂ ਸਰਕਾਰਾਂ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਨੂੰ ਛੱਡ ਕੇ ਅਵਾਮ ਦੇ ਭਲੇ ਲਈ ਸਕੀਮਾਂ ਬਨਾਉਣ – ਭੁੱਖਿਆਂ ਨੂੰ ਦੋ ਵਕਤ ਦੀ ਰੋਟੀ ਨਸੀਬ ਹੋਣ ਲੱਗੇ, ਬੇਰੁਜ਼ਗਾਰਾਂ ਲਈ ਨੌਕਰੀਆਂ ਦਾ ਪ੍ਰਬੰਧ ਹੋਵੇ, ਕਿਸੇ ਗਰੀਬ ਨੂੰ ਦੁਆਈ ਨਾ ਖਰੀਦ ਸਕਣ ਕਰਕੇ ਮੌਤ ਦੇ ਮੂੰਹ ਵਿੱਚ ਨਾ ਜਾਣਾ ਪਵੇ, ਕਿਸੇ ਅਬਲਾ ਨੂੰ ਆਪਣੀ ਇੱਜ਼ਤ ਬਚਾਉਣ ਲਈ ਆਪਣੀ ਜਾਨ ਦੀ ਕੁਰਬਾਨੀ ਨਾ ਦੇਣੀ ਪਵੇ, ਅਨਪੜ੍ਹਤਾ ਦਾ ਖਾਤਮਾ ਹੋਵੇ, ਮਿਹਨਤਕਸ਼ ਲੋਕਾਂ ਨੂੰ ਖੁਦਕੁਸ਼ੀਆਂ ਨਾ ਕਰਨੀਆਂ ਪੈਣ, ਘੱਟ ਗਿਣਤੀ ਦੇ ਲੋਕਾਂ ਨੂੰ ਆਪਣੀ ਜ਼ਿੰਦਗੀ ਡਰ ਦੇ ਪਰਛਾਵੇਂ ਵਿੱਚ ਬਤੀਤ ਨਾ ਕਰਨੀ ਪਵੇ, ਸਭ ਨੂੰ ਇਨਸਾਫ ਮਿਲੇ, ਸਭ ਨੂੰ ਜਿਉਣ ਦਾ ਬਰਾਬਰ ਦਾ ਹੱਕ ਹੋਵੇ, ਭਰਿਸ਼ਟਾਚਾਰ ਖਤਮ ਹੋਵੇ, ਬਦਮਾਸ਼ਾਂ ਨੂੰ ਨੱਥ ਪਾਈ ਜਾਵੇ .... ਮੁੱਕਦੀ ਗੱਲ ਕਿ ਹਰ ਇਕ ਭਾਰਤ ਵਾਸੀ ਅਮਨ ਚੈਨ ਨਾਲ ਆਪਣਾ ਜੀਵਨ ਬਤੀਤ ਕਰੇ ...ਤੇ ਜੇ ਅਸੀਂ ਕਨੇਡਾ ਬੈਠੇ ਤੁਹਾਡੇ ਲਈ ਇਹੋ ਜਿਹੀ ਜ਼ਿੰਦਗੀ ਦੀ ਕਾਮਨਾ ਕਰ ਰਹੇ ਹਾਂ ਤਾਂ ਕੀ ਬੁਰਾ ਕਰ ਰਹੇ ਹਾਂ? ... ਤੇ ਜੇ ਇਸ ਕਾਮਨਾ ਨੂੰ ਪੂਰੀ ਕਰਨ ਦੇ ਯੋਗ ਆਮ ਆਦਮੀ ਪਾਰਟੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰ ਰਹੇ ਹਾਂ ਤਾਂ ਕਿਹੜਾ ਜੁਰਮ ਕਰ ਰਹੇ ਹਾਂ?

ਇਹ ਸਮਾਂ ਤਬਦੀਲੀ ਦਾ ਹੈ, ਤੇ ਤੁਹਾਨੂੰ ਮੇਰੇ ਸਰੋਤੇ ਤੇ ਸਹਿਯੋਗੀ ਗੁਰਮੀਤ ਸਿੰਘ ਬਰਾੜ ਚੰਦ ਨਵਿਆਂ ਵਾਲੇ ਇੱਕ ਅਪੀਲ ਕਰਦੇ ਹੋਏ ਕਹਿ ਰਹੇ ਨੇ ਕਿ:

ਸਮਾਂ ਫੇਰ ਦਸਤਕ ਦੇ ਰਿਹਾ<br>
ਸਾਡੇ ਬਰੂਹੀਂ ਆਣਕੇ<br>
ਜਾਗੋ ਉਏ ਵੀਰੋ ਸੁੱਤਿਓ<br>
ਕਿਉਂ ਸੁੱਤੇ ਲੰਮੀਆਂ ਤਾਣਕੇ<br>
ਸਮਾਂ ਫੇਰ ਦਸਤਕ ਦੇ ਰਿਹਾ<br>
ਸਾਡੇ ਬਰੂਹੀਂ ਆਣਕੇ

ਪਹਿਲਾਂ ਮੁਗਲਾਂ ਨੇ ਸਾਨੂੰ ਲੁੱਟਿਆ<br>
ਫਿਰ ਗੋਰਿਆਂ ਨੇ ਮਾਰਿਆ<br>
ਅੱਜ ਸਾਡੇ ਹੀ ਚੁਣੇ ਲੀਡਰਾਂ ਨੇ<br>
ਹੈ ਰੂਪ ਉਹ ਹੀ ਧਾਰਿਆ<br>
ਖਿੱਚ ਲਉ ਸੱਥਾਂ ਵਿੱਚ ਵੀਰਨੋ<br>
ਹੁਣ ਇਹਨਾਂ ਨੂੰ ਪਹਿਚਾਣਕੇ<br>
ਸਮਾਂ ਫੇਰ ਦਸਤਕ ਦੇ ਰਿਹਾ<br>
ਸਾਡੇ ਬਰੂਹੀਂ ਆਣਕੇ

ਕਿਉਂ ਚੰਦ ਸਿੱਕਿਆ ਦੇ ਨਾਲ ਤੋਲਦੇ<br>
ਸੱਜਣੋ ਆਪਣੀ ਤੱਕਦੀਰ ਨੂੰ<br>
ਕਿਉਂ ਨਸ਼ਿਆਂ ਪਿੱਛੇ ਵੇਚਦੇ<br>
ਸੱਜਣੋ ਆਪਣੀ ਜ਼ਮੀਰ ਨੂੰ<br>
ਕਿਉਂ ਆਪਣੇ ਪੈਰੀਂ ਮਾਰਦੇ<br>
ਆਪੇ ਕੁਹਾੜਾ ਜਾਣਕੇ<br>
ਸਮਾਂ ਫੇਰ ਦਸਤਕ ਦੇ ਰਿਹਾ<br>
ਸਾਡੇ ਬਰੂਹੀਂ ਆਣਕੇ

ਚੋਰਾਂ ਨਾਲ ਕੁੱਤੀ ਰੱਲ ਗਈ<br>
ਭੇਤੀ ਹੀ ਲੰਕਾ ਢਾਅਹ ਰਿਹਾ<br>
ਜਿਸ ਨੂੰ ਤੁਸੀਂ ਰਾਖਾ ਸਮਝਦੇ<br>
ਉਹ ਹੀ ਅੱਜ ਖੇਤੀ ਖਾਅ ਰਿਹਾ<br>
ਮਿੱਟੀ ਚੋਂ ਲੱਭਦੇ ਲਾਲ ਨਾ<br>
ਸਿਰ ਪੈਂਦਾ ਘੱਟਾ ਛਾਣਕੇ<br>
ਸਮਾਂ ਫੇਰ ਦਸਤਕ ਦੇ ਰਿਹਾ<br>
ਸਾਡੇ ਬਰੂਹੀਂ ਆਣਕੇ

ਫੜ੍ਹ ਝਾੜੂ ਹੂੰਜਾ ਫੇਰ ਦਿਉ<br>
ਹਰ ਐਬ ਨੂੰ ਹਰ ਵੈਲ ਨੂੰ<br>
ਨਵਾਂ ਇਤਿਹਾਸ ਹੀ ਸਿਰਜ਼ ਦਿਉ<br>
ਵੀਰੋ ਉਏ 30 ਅਪ੍ਰੈਲ ਨੂੰ<br>
ਮੀਤ ਕਹੇ ਤੁਸੀਂ ਵੀ ਵੇਖ ਲਉ<br>
ਕਿਤੇ ਅਜ਼ਾਦੀ ਦਾ ਨਿੱਘ ਮਾਣਕੇ<br>
ਸਮਾਂ ਫੇਰ ਦਸਤਕ ਦੇ ਰਿਹਾ<br>
ਸਾਡੇ ਬਰੂਹੀਂ ਆਣਕੇ<br>
ਜਾਗੋ ਉਏ ਵੀਰੋ ਸੁੱਤਿਓ<br>
ਕਿਉਂ ਸੁੱਤੇ ਲੰਮੀਆਂ ਤਾਣਕੇ

••••

ਜਾਗੋ ਲੋਕੋ ਜਾਗੋ! ਅਸੀਂ ਤੁਹਾਨੂੰ ਸੁੱਤਿਆਂ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ... ਤੇ ਇਹਨੂੰ ਬਦਕਿਸਮਤੀ ਕਹੋ ਜਾਂ ਸਾਡੀ ਮਜਬੂਰੀ ਕਿ ਅਸੀਂ ਹਜ਼ਾਰਾਂ ਮੀਲ ਦੂਰ ਬੈਠੇ ਇਹੀ ਕਰ ਸਕਦੇ ਹਾਂ .... ਵੋਟਾਂ ਤਾਂ ਤੁਸੀਂ ਖੁਦ ਚੱਲ ਕੇ ਪਾਉਣ ਜਾਣੈਂ ... ਤੇ ਅਸਲੀਅਤ ਇਹ ਹੈ ਕਿ 'ਕੱਲੀਆਂ ਗੱਲਾਂ ਕਰਨ ਨਾਲ ਕੁਝ ਨਹੀਂ ਸੰਵਰਨਾਂ, ਜਮਹੂਰੀਅਤ ਵਿੱਚ ਰਾਜ ਸੱਤਹਾ ਉਹਨਾਂ ਲੋਕਾਂ ਦੇ ਹੱਥਾਂ ਵਿੱਚ ਹੀ ਆਉਣੀ ਆਂ ਜਿਹਨਾਂ ਦੇ ਬਕਸਿਆਂ ਵਿੱਚੋਂ ਦੂਜਿਆਂ ਦੇ ਮੁਕਾਬਲੇ ਵੱਧ ਵੋਟਾਂ ਨਿਲਣਗੀਆਂ.... ਤੇ ਇਹ ਬਕਸੇ ਭਰਨ ਲਈ ਤੁਹਾਨੂੰ ਘਰਾਂ ਤੋਂ ਬਾਹਰ ਨਿਕਲਣਾਂ ਪੈਣਾਂ .....

ਸਾਨੂੰ ਖ਼ਬਰਾਂ ਮਿਲ ਰਹੀਆਂ ਨੇ ਕਿ ਭਾਰਤ ਦਾ ਬਹੁਤਾ ਮੀਡੀਆ ਆਮ ਆਦਮੀ ਤੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਨਹੀਂ ਬੋਲ ਰਿਹਾ ..... ਇਹਦੇ 'ਚ ਭਲਾਂ ਹੈਰਾਨ ਹੋਣ ਵਾਲੀ ਕਿਹੜੀ ਗੱਲ ਆ? ਬਈ ਉਹਨਾਂ ਨੂੰ ਆਪ ਆਦਮੀ ਦੀ ਪਾਰਟੀ ਤੇ ਭਾਰਤ ਦਾ ਆਮ ਆਦਮੀ ਕੀ ਦੇ ਦਿਊ? ਸੋ, ਇਹੋ ਜਿਹੇ ਮੀਡੀਏ ਦੀ ਗੱਲ ਛੱਡੋ .... ਗੱਲ ਕਰੋ ਸੋਸ਼ਲ ਮੀਡੀਏ ਦੀ, ਉਥੇ ਤਾਂ ਆਮ ਆਦਮੀ ਹੀ ਖਬਰਾਂ ਸਾਂਝੀਆਂ ਕਰ ਰਿਹਾ ਨਾ ... ਉਸ ਨੂੰ ਜਾਂ ਉਸ ਦੀ ਸੋਚ ਨੂੰ ਤਾਂ ਨਹੀਂ ਰੋਕ ਸਕਦਾ ਕੋਈ ..... ਪਰ ਫੇਸ ਬੁੱਕ ਵਾਲਿਆਂ ਵਾਸਤੇ ਅਮਰੀਕਾ ਵੱਸਦੇ ਤਰਲੋਚਨ ਸਿੰਘ ਦੁਪਾਲਪੁਰ ਦਾ ਇਕ ਸੰਦੇਸ਼ ਆ ... ਧਿਆਨ ਦੇਣਾ ਜ਼ਰਾ ...

ਗਲ਼ੀ ਗਲ਼ੀ ਤਕ ਪਹੁੰਚ ਹੈ ਬੁਰਛਿਆਂ ਦੀ,<br>
ਧਨ ਦੇ ਆਸਰੇ ਪਾਉਂਦੇ ਨੇ 'ਨ੍ਹੇਰ ਵੀਰੋ।<br>
ਤੁਹਾਨੂੰ 'ਪਾਈਆ-ਛਟਾਂਕਾਂ' 'ਚ ਵੰਡਿਆਂ ਨੂੰ,<br>
ਉਹ ਨੇ ਟੱਕਰਦੇ ਅੱਗਿਉਂ 'ਸੇਰ' ਵੀਰੋ।<br>
ਵੱਤਰ ਤਿਆਰ ਕਰ ਦਿੱਤੀ ਏ 'ਕੇਜਰੀ' ਨੇ,<br>
ਮੌਕਾ ਆਉਣਾ ਨੀਂ ਐਹੋ ਜਿਆ ਫੇਰ ਵੀਰੋ।<br>
ਸਾਂਝਾ ਦੇਸ਼ ਹੈ ਰਲ਼ ਮਿਲ ਕੇ ਭਲਾ ਕਰੀਏ,<br>
ਜਾਈਏ ਭੁੱਲ ਹੁਣ ਤੇਰ ਤੇ ਮੇਰ ਵੀਰੋ।<br>
ਜੰਮ ਜੰਮ 'ਪੋਸਟਾਂ' ਪਾਉ, ਬਈ 'ਨੈੱਟ' ਉਤੇ,<br>
ਸੱਚ ਕਹਿਣ ਤੋਂ ਲਾਇਉ ਨਾ ਦੇਰ ਵੀਰੋ।<br>
ਆਹਮੋ-ਸਾਹਮਣੇ ਮਿਲ਼ੋ ਵੀ ਵੋਟਰਾਂ ਨੂੰ,<br>
'ਫੇਸ-ਬੁੱਕ' 'ਤੇ ਗਰਜਦੇ ਸ਼ੇਰ ਵੀਰੋ!

• • •

ਇਹ ਉਹ ਚੋਣਾਂ ਨੇ ਜਿਹਨਾਂ ਦੌਰਾਨ ਲੋਕਾਂ ਕੋਲ ਭਾਰਤ ਦੇ ਇਤਿਹਾਸ ਨੂੰ ਬਦਲਣ ਦਾ ਮੌਕਾ ਹੈ .... ਤੇ ਇਕ ਗੱਲ ਪੱਲੇ ਬੰਨ੍ਹ ਲਿਓ ਕਿ ਏਸ ਤਰ੍ਹਾਂ ਦੇ ਮੌਕੇ ਵਾਰ ਵਾਰ ਨਹੀਂ ਆਇਆ ਕਰਦੇ .... ਜਾਂ ਹੁਣ ਤੇ ਜਾਂ ਫਿਰ ਕਦੀ ਨਹੀਂ .... ਤੁਹਾਡਾ ਕੀ ਖਿਆਲ ਹੈ ਕਿ ਭ੍ਰਿਸ਼ਟਾਚਾਰ ਸਿਆਸੀ ਨੇਤਾ ਤੇ ਉਹਨਾਂ ਦੀਆਂ ਪਾਰਟੀਆਂ ਕਦੀ ਭਵਿੱਖ ਵਿੱਚ ਕੇਜਰੀਵਾਲ ਵਰਗੇ ਕਿਸੇ ਬੰਦੇ ਨੂੰ ਉਠਣ ਦਾ ਮੌਕਾ ਦੇ ਦੇਣਗੀਆਂ? ਕਦਾਚਿੱਤ ਨਹੀਂ। ਦਾਦ ਦਿਓ ਓਹਦੀ ਹਿੰਮਤ ਦੀ ਜਿਹੜਾ ਮਹਾਂ ਅਮੀਰ ਬੰਦਿਆਂ, ਤੇ ਕਈ ਦਹਾਕਿਆਂ ਤੋਂ ਭਾਰਤ ਅਤੇ ਭਾਰਤੀਆਂ ਦੇ ਆਪੂੰ ਰਹਿਨੁਮਾ ਬਣੇ ਬੈਠੇ ਲੋਕਾਂ ਨੂੰ ਸ਼ਰੇਆਮ ਚੁਣੌਤੀ ਦੇ ਰਿਹਾ.....ਉਹਦੇ 'ਚ ਇਹ ਨੁਕਸ ਨਾ ਕੱਢੋ ਕਿ, ਲਓ ਜੀ ਉਹਨੂੰ ਤਾਂ ਇਹ ਵੀ ਨਹੀਂ ਪਤਾ ਕਿ ਚੀਫ ਮਨਿਸਟਰ ਬਣ ਕੇ ਧਰਨਿਆਂ 'ਤੇ ਨਹੀਂ ਬੈਠੀਦਾ .... ਆਪਣੇ ਆਪ ਤੋਂ ਤੇ ਓਥੋਂ ਦੇ ਜੱਦੀ ਲੀਡਰਾਂ ਤੋਂ ਇਹ ਪੁੱਛੋ ਕਿ ਭਾਈ ਏਸ ਸਿਸਟਮ ਵਿੱਚ ਕਿਹੜੀਆਂ ਐਸੀਆਂ ਖਾਮੀਆਂ ਨੇ ਕਿ ਇਕ ਮੁੱਖ ਮੰਤਰੀ ਨੂੰ ਧਰਨੇ 'ਤੇ ਬੈਠਣਾ ਪੈ ਰਿਹਾ? ਤੇ ਜੇ ਇੱਕ ਚੀਫ ਮਨਿਸਟਰ ਨੂੰ ਖੁਦ ਨੂੰ ਇਹ ਕਦਮ ਚੁਕਣੇ ਪੈ ਰਹੇ ਨੇ ਤਾਂ ਆਮ ਆਦਮੀ ਦੀ ਫਰਿਆਦ ਕੌਣ ਸੁਣੇਗਾ? ਅਸਲੀਅਤ ਇਹ ਹੈ ਕਿ ਹਰ ਈਮਾਨਦਾਰ ਆਦਮੀ – ਭਾਵੇਂ ਓਹ ਆਮ ਨਾ ਵੀ ਹੋਵੇ – ਦੇ ਦਿਲ ਵਿੱਚ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਲਈ ਬੇਇੰਤਹਾ ਪਿਆਰ ਹੈ, ਸਤਿਕਾਰ ਹੈ। ਆਹ ਸੁਣੋ ਵੈਨਕੂਵਰ ਦੇ ਕੁਲਵੀਰ ਡਾਨਸੀਵਾਲ ਕੀ ਕਹਿ ਰਹੇ ਨੇ ਕੇਜਰੀਵਾਲ ਬਾਰੇ:


ਜਿਹੜਾ ਸੱਪਾਂ ਦੇ ਵਿਚ ਘਿਰਿਆ ਏ,<br>
ਫੁੱਲ ਕੰਡਿਆਂ ਦੇ ਵਿਚ ਖਿੜਿਆ ਏ<br>
ਜਿਹਦੇ ਸਿਰ ਤਲਵਾਰਾਂ ਲਟਕਦੀਆਂ,<br>
ਖੂੰਖਾਰ ਬਿਜਲੀਆਂ ਚਮਕਦੀਆਂ<br>
ਜਿਸ ਸ਼ੇਰ ਨੂੰ ਫੜਨੇ ਵਾਸਤੇ, ਗਿੱਦੜਾਂ ਪਾਏ ਜਾਲ<br>
ਉਹ ਭਾਰਤ ਮਾਂ ਦਾ ਸੂਰਮਾ, ਅਰਵਿੰਦ ਕੇਜਰੀਵਾਲ<br>
ਜਿਹੜਾ ਸ਼ੇਰਾਂ ਵਾਂਗੂੰ ਬੜਕਦਾ,<br>
ਜਿਹੜਾ ਬੱਦਲਾਂ ਵਾਂਗੂੰ ਕੜਕਦਾ<br>
ਜਿਨ ਛੇੜਿਆ ਜਾ ਕੇ ਖੱਖਰਾਂ ਨੂੰ,<br>
ਸ਼ਰੇਆਮ ਵੰਗਾਰਿਆ ਝੱਖੜਾਂ ਨੂੰ<br>
ਸਿਰ ਤੇ ਬੰਨ੍ਹ ਕੇ ਤੁਰ ਪਿਆ, ਕੱਫਣ ਮਾਂ ਦਾ ਲਾਲ<br>
ਉਹ ਭਾਰਤ ਮਾਂ ਦਾ ਸੂਰਮਾ, ਅਰਵਿੰਦ ਕੇਜਰੀਵਾਲ<br>
ਦਿਲ ਖਾਸ ਤੇ ਬੰਦਾ ਆਮ ਹੈ, ਜੋ ਦੁਸ਼ਮਣ ਲਈ ਤੂਫਾਨ ਹੈ<br>
ਜੋ ਤੁਰਿਆ ਏ ਗੰਦ ਹੂੰਝਣ ਲਈ, ਅੱਖੀਆਂ ਦੇ ਹੰਝੂ ਪੂੰਝਣ ਲਈ<br>
ਜਰਵਾਣਿਆਂ ਲਈ ਕ੍ਰਿਪਾਨ ਹੈ, ਮਜ਼ਦੂਰਾਂ ਲਈ ਜੋ ਢਾਲ<br>
ਉਹ ਭਾਰਤ ਮਾਂ ਦਾ ਸੂਰਮਾ, ਅਰਵਿੰਦ ਕੇਜਰੀਵਾਲ<br>
ਜਿਹਨੇ ਹੱਥ ਵਿਚ ਫੜਿਆ ਝਾੜੂ ਹੈ,<br>
ਦਿਲ ਰੌਸ਼ਨ ਸੋਚ ਉਸਾਰੂ ਹੈ<br>
ਜਿਹੜਾ ਬੰਦਾ ਬੜਾ ਜਗਾੜੂ ਹੈ, ਇੰਡੀਆ ਦਾ ਪੁੱਤ ਜੁਝਾਰੂ ਹੈ<br>
ਲੱਖਾਂ ਤੇ ਕੱਲਾ ਭਾਰੂ ਹੈ, ਹੈ ਮਿੱਤਰੋ ਅੱਗ ਦੀ ਨਾਲ਼<br>
ਉਹ ਭਾਰਤ ਮਾਂ ਦਾ ਸੂਰਮਾ, ਅਰਵਿੰਦ ਕੇਜਰੀਵਾਲ<br>
ਜਿਹਨੇ ਮੋਦੀ ਸ਼ੋਦੀ ਰੋਲਤੇ, ਰਿਸ਼ਵਤ ਦੇ ਨੱਕੇ ਤੋੜਤੇ<br>
ਦਿੱਲੀ ਦੀ ਹਿੱਕ ਤੇ ਬਹਿ ਗਿਆ,<br>
ਜਿਹੜਾ ਛਵੀਆਂ ਦੇ ਨਾਲ ਖਹਿ ਗਿਆ<br>
ਲਾਲ ਕਿਲੇ ਦੀਆਂ ਜੂਹਾਂ ਵਿਚ ਲੈ ਆਂਦਾ, ਜਿਸ ਭੂਚਾਲ<br>
ਉਹ ਭਾਰਤ ਮਾਂ ਦਾ ਸੂਰਮਾ, ਅਰਵਿੰਦ ਕੇਜਰੀਵਾਲ<br>
ਜੇ ਆਪਣਾ ਮੁਲਕ ਬਚਾਉਣਾ ਏ,<br>
ਸੱਪ ਮਰਿਆ ਗਲ਼ 'ਚੋਂ ਲਾਹੁਣਾ ਏ<br>
ਜੇ ਰੰਗਦੇ ਬਸੰਤੀ ਗਾਉਣਾ ਏ,<br>
ਬੁੱਚੜਾਂ ਦਾ ਤਖਤ ਹਿਲਾਉਣਾ ਏ<br>
ਉਨਤੀ ਦਾ ਰੁੱਖ ਲਗਾਉਣਾ ਜੇ,<br>
ਰਿਸ਼ਵਤ ਨੂੰ ਜੜੋਂ ਮਿਟਾਉਣਾ ਜੇ<br>
ਮੰਨ ਲਓ ਫਿਰ ਪੰਜਾਬੀਓ, ਬੱਸ ਖੜਜੋ ਇਹਦੇ ਨਾਲ<br>
ਜੋ ਭਾਰਤ ਮਾਂ ਦਾ ਸੂਰਮਾ, ਅਰਵਿੰਦ ਕੇਜਰੀਵਾਲ।<br>
ਇਹੋ ਜਿਹੇ ਪੁੱਤ ਜੱਗ ਤੇ, ਨਹੀਂ ਆਉਂਦੇ ਹਰ ਵਾਰ।

• • •

ਪਰ ਗੱਲ ਓਥੇ ਆ ਕੇ ਹੀ ਮੁੱਕਦੀ ਆ ਕਿ ਤੁਹਾਡੀਆਂ ਵੋਟਾਂ ਬਿਨਾਂ ਨਾ ਕੇਜਰੀਵਾਲ ਨੇ, ਤੇ ਨਾ ਹੀ ਆਮ ਆਦਮੀ ਪਾਰਟੀ ਨੇ ਕੁਝ ਕਰ ਸਕਣਾ ਤੁਹਾਡੇ ਭਵਿੱਖ ਨੂੰ ਸੁਨਹਿਰੀ ਬਨਾਉਣ ਵਾਸਤੇ। ਵੋਟਾਂ ਪੈਣ ਦੇ ਤਿੰਨ ਪੜਾਅ ਤਾਂ ਨਿਕਲ ਵੀ ਚੁੱਕੇ ਨੇ, ਤੇ ਇਕ ਇਕ ਕਰਕੇ ਦਿਨ ਭੱਜੇ ਜਾ ਰਹੇ ਨੇ .... ਵਕਤ ਘਟ ਰਿਹਾ .... 35 ਬਿਲੀਅਨ ਰੁਪਈਆਂ ਦੇ ਵੱਡੇ ਖਰਚੇ ਨਾਲ ਕਰਵਾਈਆਂ ਜਾ ਰਹੀਆਂ ਲੋਕ ਸਭਾ ਦੀਆਂ ਇਹ 16ਵੀਆਂ ਚੋਣਾਂ, 16 ਮਈ ਨੂੰ ਇੱਕ ਚੰਗੀ ਆਸ ਦੀ ਕਿਰਨ ਲਿਆ ਸਕਦੀਆਂ ਨੇ .... ਬੱਸ ਤੁਹਾਡੇ ਹੰਭਲੇ ਦੀ ਲੋੜ ਐ .... ਯਾਦ ਰੱਖਣਾ ਕਿ ਤੁਹਾਡਾ ਭਵਿੱਖ ਤੁਹਾਡੇ ਆਪਣੇ ਹੱਥ ਵਿੱਚ ਹੈ.... ਮੇਰੇ ਵੱਲੋਂ ਸਭ ਪੜ੍ਹਦੇ ਸੁਣਦਿਆਂ ਨੂੰ ਸਤਿਕਾਰ ..... ਮੈਨੂੰ ਪੂਰਨ ਯਕੀਨ ਹੈ ਕਿ ਵੋਹ ਸੁਬਹਾ ਕਭੀ ਤੋ ਆਏਗੀ ....

ਰੇਡੀਓ ਸਰਗਮ<br>
ਹੋਸਟ: ਡਾ: ਬਲਵਿੰਦਰ ਸਿੰਘ

# ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਵਿਚਾਰਾਂ ਨੂੰ ਜਨਸਮੂਹ ਤੱਕ ਪਹੁੰਚਾਉਣ ਹਿਤ ਪੇਸ਼ਕਾਰੀਆਂ



ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਿਤ ਨੂੰ ਸਮਰਪਤ ਪ੍ਰੋਗਰਾਮ ਦੀ 23 ਮਾਰਚ ਦਿਨ ਐਤਵਾਰ ਨੂੰ ਬਰੈਮਪਟਨ ਦੇ ਪੀਅਰਸਨ ਹਾਲ ਵਿੱਚ ਬਹੁਤ ਸਫਲ ਪੇਸ਼ਕਾਰੀ ਕੀਤੀ ਗਈ.ਗ ਇਸ ਪ੍ਰੋਗਰਾਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ.ਗ ਸਮਾਗਮ ਨੂੰ ਸੰਬੋਧਿਤ ਕਰਦਿਆਂ ਪੰਜਾਬੀ ਦੇ ਜਾਣੇ ਮਾਣੇ ਲੇਖਕ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਮਜੂਦਾ ਦੌਰ ਵਿਚ ਸਾਨੂੰ ਪੱਥਰ ਦੇ ਭਗਤ ਸਿੰਘ ਦੀ ਲੋੜ ਨਹੀਂ ਹੈ, ਨਾ ਹੀ ਪਗੜੀਧਾਰੀ ਜਾਂ ਟੋਪੀ ਵਾਲਾ ਭਗਤ ਸਿੰਘ ਚਾਹੀਦਾ ਹੈ, ਸਗੋਂ ਭਾਰਤ ਦੇ ਨੋਜੁਆਨਾਂ ਨੂੰ ਭਗਤ ਸਿੰਘ ਦਾ ਦਿਮਾਗ ਚਾਹੀਦਾ ਹੈ, ਉਸ ਦੇ ਵਿਚਾਰ, ਉਸ ਵਰਗਾ ਸਮਰਪਨ ਅਤੇ ਉਸ ਵਰਗੀ ਪ੍ਰਤੀਬੱਧਤਾ ਚਾਹੀਦੀ ਹੈ.ਗ ਅਜੀਹੀ ਸੋਚ ਸਦਕਾ ਹੀ ਭਾਰਤ ਨੂੰ ਭਗਤ ਸਿੰਘ ਅਤੇ ਸਾਥੀਆ ਦੇ ਸੁਪਨੀਆਂ ਵਰਗਾ ਬਣਾਇਆ ਜਾ ਸਕਦਾ ਹੈ.ਗ ਉਹਨਾਂ ਕਿਹਾ ਭਗਤ ਸਿੰਘ ਦੀ ਸ਼ਹਾਦਿਤ ਅਤੇ ਲੋਕਪ੍ਰਿਅਤਾ ਨੂੰ ਉਹ ਹਾਕਿਮ ਵੀ ਅਣਗੋਲਿਆਂ ਨਹੀਂ ਕਰ ਸਕੇ ਜੋ ਅਸਲ ਵਿਚ ਭਗਤ ਸਿੰਘ ਦੀ ਸੋਚ ਤੋਂ ਬਿਲਕੁਲ ਉਲਟ ਕੰਮ ਕਰ ਰਹੇ ਹਨ ਅਤੇ ਹਰ ਸਾਲ ਭਗਤ ਸਿੰਘ ਦੀ ਯਾਦ ਵਿਚ ਸਮਾਗਿਮ ਕਰਨ ਦੇ ਢੌਂਗ ਕਰਦੇ ਹਨ.ਗ ਅਮ੍ਰਿਤ ਢਿਲੋਂ ਹੋਰਾਂ ਭਗਤ ਸਿੰਘ ਦੇ ਜੀਵਨ ਨਾਲ ਸਬੰਧਿਤ ਯਾਦਾਂ ਸਾਂਝੀਆਂ ਕੀਤੀਆਂ.ਗ ਜੋ ਲੋਕਾਂ ਨੇ ਬਹੁਤ ਧਿਆਨ ਨਾਲ ਸੁਣੀਆਂ.ਗ ਲਹੌਰ ਵਿਚ ਜਨਮੇ, ਕਮੇਟੀ ਆਫ ਪ੍ਰੋਗਰੈਸਿਵ ਪਾਕਿਸਤਾਨੀ ਦੇ ਫਹੀਮ ਖਾਨ ਨੇ ਦੱਸਿਆ ਕਿ ਭਗਤ ਸਿੰਘ ਦੀ ਸ਼ਹਾਦਿਤ ਵਾਲੇ ਥਾਂ ਤੇ ਉਸਰੇ ਚੌਂਕ ਦਾ ਨਾਂ ਸ਼ਹੀਦ ਭਗਤ ਸਿੰਘ ਚੌਂਕ ਰੱਖਣ ਲਈ ਯਤਨ ਜਾਰੀ ਹਨ.ਗ ਧਾਰਮਿਕ ਮੁੱਲਾਂ ਇਸ ਦਾ ਜ਼ਬਰਦਸਤ ਵਿਰੋਧ ਕਰ ਰਹੇ ਹਨ ਅਤੇ ਮਾਮਲੇ ਨੂੰ ਅਦਾਲਿਤ ਵਿਚ ਵੀ ਲੈ ਗਏ ਹਨ.ਗ ਉਹਨਾਂ ਕਿਹਾ ਕਿ ਅਪਣੇ ਧਰਮ ਲਈ ਕੁਰਬਾਨ ਹੋਣ ਵਾਲਿਆਂ ਨਾਲੋਂ ਭਗਤ ਸਿੰਘ ਸਮੁੱਚੀ ਮਨੁੱਖ ਜਾਤੀ ਦੀ ਮੁਕਤੀ ਲਈ ਕੁਰਬਾਨ ਹੋਣ ਕਰਕੇ ਇਕ ਵਖਰਾ ਮੁਕਾਮ ਰੱਖਦਾ ਹੈ ਅਤੇ ਪਾਕਿਸਤਾਨ ਦੇ ਮਿਹਨਤਕਸ਼ ਲੋਕਾਂ ਦਾ ਭਗਤ ਸਿੰਘ ਉੱਪਰ ਉਨਾਂ ਹੀ ਹੱਕ ਹੈ ਜਿੰਨਾਂ ਭਾਰਤ ਦੇ ਲੋਕਾਂ ਦਾ.ਗ ਪ੍ਰੋਗਰਾਮ ਵਿਚ ਕਵਿਤਰੀ ਸੁਰਜੀਤ ਕੌਰ, ਸੁਖਚਰਨਪ੍ਰੀਤ ਅਤੇ ਪਰਮਜੀਤ ਕੋਰ ਨੇ ਹਾਜਿਰ ਲੋਕਾਂ ਨਾਲ ਆਪਣਿਆਂ ਰਚਨਾਵਾਂ ਸਾਂਝੀਆਂ ਕੀਤੀਆ ਅਤੇ ਭਦੋੜ ਮੰਡਲੀ ਦੇ ਗਾਇਕ ਕਲਾਕਾਰ ਸੁਖਦੇਵ ਅਤੇ ਨਵਤੇਜ ਨੇ ਆਪਣੀ ਖੂਬਸੂਰਤ ਅਵਾਜ਼ ਅਤੇ ਇੰਨਕਲਾਬੀ ਗੀਤਾਂ ਨਾਲ ਲੋਕਾਂ ਦਾ ਮਨ ਮੋਹ ਲਿਆ.ਗ ਤਿੰਨ ਘੰਟੇ ਚੱਲੇ ਪ੍ਰੋਗਰਾਮ ਦੀ ਮੁੱਖ ਪੇਸ਼ਕਾਰੀ ਨਾਟਕ ਇੰਨਕਲਾਬ ਜਿੰਦਾਬਾਦ ਦੀ ਪੇਸ਼ਕਾਰੀ ਬਹੁਤ ਸਫਲ ਰਹੀ.ਗ ਨੋਜੁਆਨ ਨਿਰਦੇਸ਼ਕ ਸ਼ਹਿਨਾਜ਼ ਸਿੰਘ ਗੋਰਾਇਆ ਦੁਆਰਾ ਤਿਆਰ ਅਤੇ ਭਾਜੀ ਗੁਰਸ਼ਰਨ ਸਿੰਘ ਦੇ ਲਿਖੇ ਇਸ ਨਾਟਕ ਦਾ ਲੋਕਾਂ ਖੂਬ ਅਨੰਦ ਮਾਣਿਆ.ਗ ਹਰਿੰਦਰ ਹੁੰਦਲ ਨੇ ਆਟੋ ਇੰਸ਼ੋਰਿੰਸ ਨੂੰ ਸਰਕਾਰੀ ਕਰਨ, ਰੁਜਗਾਰ ਏਜੰਸੀਆਂ ਨੂੰ ਖਤਮ ਕਰਨ ਅਤੇ ਘੱਟੋ ਘੱਟ ਉਜ਼ਰਤ /14 ਕਰਨ ਬਾਰੇ ਸੰਸਥਾ ਦੀ ਮੰਗ ਹਾਜਿਰ ਲੋਕਾਂ ਨਾਲ ਸਾਂਝੀ ਕੀਤਾ.ਗ ਸੰਸਥਾ ਦੇ ਸਕੱਤਰ ਸੁਰਜੀਤ ਸਹੋਤਾ ਨੇ ਆਏ ਲੋਕਾਂ ਨੂੰ ਜੀ ਆਇਆਂ ਕਿਹਾ ਅਤੇ ਅਖੀਰ ਵਿਚ ਸੰਸਥਾ ਦੇ ਪ੍ਰਧਾਨ ਸੁਰਿੰਦਰ ਸੰਧੂ ਨੇ ਹਾਜਿਰ ਲੋਕਾਂ ਦਾ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਤੇ ਧੰਨਵਾਦ ਕੀਤਾ ਅਤੇ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਮੁੱਚੇ ਪੰਜਾਬੀ ਮੀਡੀਏ ਦਾ ਖਾਸ ਧੰਨਵਾਦ ਕੀਤਾ.ਗ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗੀਰ ਕਾਹਲੋਂ ਅਤੇ ਕੁਲਦੀਪ ਰੰਧਾਵਾ ਵੱਲੋਂ ਬਹੁਤ ਬਾਖੁਬੀ ਨਾਲ ਨਿਭਾਇਆ ਗਿਆ।















# Journey towards soft fascism



**Kanti Prasad Bajpai**

The general elections are barely a week away and voters must consider how they will vote and with what consequences. The frontrunner in the campaign is BJP, led by Narendra Modi. With its allies, the party may well have enough support for a majority government. What does the rise of Modi represent, and if he becomes prime minister what kind of India will we get?

There is every danger that a Modi-led India will be an India marked by soft fascism. At its core, fascism stands for state authoritarianism, intimidation by conservative-minded extra-legal groups, national chauvinism, submission of individuals and groups to a larger-than-life leader, and a Darwinian view of social life (the strong must prevail). A society living under soft fascism is simply a society marked by less extreme levels of authoritarianism, intimidation, chauvinism, submission and social Darwinism.

India, at least in the first instance, will feature soft rather than hard fascism because it is big, diverse, and argumentative, and the administrative arm of the government remains weak. Those who want a harder fascism will not be able to exert their will immediately over the length and breadth of the country. But to the extent that the various state governments feature soft fascism as well (many do) and to the extent that the Modi-led elements of BJP prevail in the states, a harder fascism may not be far away.

What accounts for the rise of soft fascism? The short answer is: Modi-ology, the preferences of the market (big and small business), middle class disaffection and media.

Modi-ology is the view that only Modi can "save" India, that Modi is the only decisive, effective, clean, visionary and astute leader in the country, and that he has a record in Gujarat which "proves" he can "deliver". In Modi-ology, Modi has delivered human development, economic growth, social stability and good governance, unmatched anywhere else in the land. Many Indians who do not particularly like Modi, BJP or soft fascism increasingly think that Modi is the saviour. It is another thing that virtually every claim of Modi-ology is open to argument and rebuttal.

The second force in the rise of soft fascism is the market - big and small business, especially corporate India. Fascism everywhere depends on the coffers and cooperation of big business. It is no different in India. The uncritical cheerleading of Modi by big business is tactical and rather shameful but is an existential reality. Small businesses are pro-BJP anyway, so it is no surprise that they are backing him. Big and small business are fed up with costly social programmes, ramshackle infrastructure, suffocating regulatory structures (including environmental ones) and interminable procedures; and they think Modi is the medicine for all these ills.

Behind the rise of Modi-ology is also disaffection of the middle classes. They are disaffected because they are pinned between the upper classes and the lower classes and for 10 years they were ignored by Congress. The upper classes have done well in a globalising India. The lower classes have either given up on the possibility of doing well or have had some help from various UPA programmes (NREGA etc.). The middle classes therefore hate Congress as well as corrup Big business and middle classes are helping line up media behind soft fascism. Media is influenced by big business, which funds it through its advertising, and by the middle classes, who work in it. Today, both stand behind Modi and together they have helped rally millions of Indians behind Modi-ology. It is another matter that media may well come to regret its role. Those who were in the media when BJP was last in power seem to have forgotten that this is a party that is not particularly interested in, or indulgent of, journalistic independence. Soft fascism rises, establishes itself and consolidates its hold through the structures and systems of democracy. Even as we celebrate our elections and openness, we should be worried about right-wing opportunism and political exasperation leading to political suicide.

**Courtesy : Times of India**


CHERA IMMIGRATION CONSULTANCY SERVICES

22 Years of Service

Specializing in:
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com



WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6

UPPAL TRAVEL
A Name You Can Trust.



Avtar Uppal
PRESIDENT

Complete Worldwide Travel, Visa, Passport & Citizen Photo Services
Tel: 905-676-8200
Email: uppaltravel@hotmail.com
2857 Derry Rd. E. Mississauga, ON L4T 1A6
Fax: 905-672-784

Brampton Crematorium & Visitation Centre Inc.
Crematorium Operated by Park Lawn Corp.

www.BcVc.info
Brampton
Crematorium & Visitation Centre
30 Bramwin Court, Brampton, ON, L6T 5A9

* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ

ਫਿਊਨਰਲ ਹੋਮ



24/7 Service Available



Inderjit S. Bal
416-666-7655
Tel: 905-458-2222

Velocity Colission



Complete truck - auto body repair & electrical centre

Tel: 905.673.7878
Fax: 905.673.7876
Cell: 416.817.5760

7120 Tranmere Drive
Mississauga, ON L5S 1L9

ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ
ਨੂੰ ਆਧੁਨਿਕ ਤਕਨੀਕ ਜਿਸ ਵਿਚ

Graphics Designing, Website Designing,
Website Re-Designing, Newspaper Designing,
Newspaper Daily Updation

BALJINDER ARTS

Baljinder Singh
Mob. 092167-29598
akashdeep.1046@gmail.com

SHARDA WELLNESS CENTER
HOMOEPATH SHARDA
President, Homeopathic Medical Council of Canada
Panel of Doctors, Indian Consulate
(416) 727 9199
Email: ranvirsharda@gmail.com

7071 Airport Road, Suite 200
(NORTH EAST CORNER OF AIRPORT & DERRY ROAD
(GREEN PLAZA), MALTON, MISSISSAUGA ON L4T 4J3

Century 21
Buy Green, Build Green ...Save Environment
Century 21 Green Realty Inc., Brokerage
Each Office is independently owned and operated

Sohan Mann
Sales Representative



Dir. 416 - 564 - 1699
Off. 905 - 565 - 9565
Fax: 905 - 565 - 9522
Email: sohanmann@hotmail.com
151 Super Blvd. Unit 19-21, Mississauga, ON, L5T 2L1

Rush Lube Inc.
Complete Truck Repairs & Truck
Wash with Drive Thru Truck Services

Jaskaranjit Singh (Jas)



TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

GILL
Truck & Trailer Repair
and Mobile Service

OPEN 7 DAYS A WEEK



Cell: 416.312.4707
Tel: 905.458.3455
Fax: 905.458.3456

04 Blair Dr.
Brampton, ON
L6P 2X5
gilltruckandtrailer@yahoo.com

Inderjit Gill
Heavy Duty Truck & Trailer Mechanic

Metro Immigration
(Division of Metro Legal & Immigration Inc.)

WE GET THINGS DONE



Suresh Gupta
Certified Immigration Practitioner(RCIC)

*Family Sponsorship *Spousal *Super Visa
*Visitor Visa *Skilled Workers *Investors *PNP
*Nannies *Business Applicants *Student Visa
*Work Permits(LMO) *Appeals

Head Office: 2355 Derry Rd. E *#12Miss. *ON *L5S 1V6
*905-673-1200 *1-800-694-1373 India Office: 98148 66633
*Brampotn: 905 794 6003 * Toronto: 416 840 7554
*info@metroimmigration.com
*www.metroimmigration.com *www.metroimmigration.org

ਵਿਚਾਰ ਚਰਚਾ ਤੇ ਸੈਮੀਨਾਰ

### ਲੋਕ ਕਵੀ ਸੰਤ ਰਾਮ ਉਦਾਸੀ ਤੇ ਪਾਸ਼ ਦੀ ਯਾਦ 'ਚ

# ਇਤਿਹਾਸਕ ਤਰਾਸਦੀ ਦੇ ਸਰੋਕਾਰਾਂ ਤੋਂ ਸਮਝਣ ਅਤੇ ਸਬਕ ਸਿੱਖਣ ਦੀ ਲੋੜ










**ਮਾ: ਭਜਨ ਗਿੱਲ.ਕੈਲਗਰੀ )**

ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ ਵੱਲੋਂ ਕੋਸੋ ਹਾਲ ਵਿਖੇ 13 ਅਪਰੈਲ 1919 ਨੂੰ ਬਰਤਾਨਵੀ ਸਾਮਰਾਜਵਾਦੀ ਸਰਕਾਰ ਵੱਲੋਂ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਸੈਂਕੜੇ ਨਿਹੱਥੇ ਭਾਰਤੀਆਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਹਜ਼ਾਰਾਂ ਨੂੰ ਜ਼ਖ਼ਮੀ ਕਰਨ ਦੀ ਘਟਨਾ ਸਬੰਧੀ ਅਤੇ ਹੁਣੇ ਹੁਣੇ ਕਾਲ਼ਿਆਂ ਵਾਲਾ ਖੂਹ 'ਚੋਂ 1857 ਗਦਰ ਸਮੇਂ ਕਤਲ ਕਰ ਕੇ ਸੁੱਟੇ ਬਗਾਵਤ ਕਰਨ ਵਾਲੇ ਫੌਜੀਆਂ ਦੇ ਮਨੁੱਖੀ ਪਿੰਜਰ ਮਿਲਣ ਸਬੰਧੀ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ ।

ਮਾ: ਭਜਨ ਗਿੱਲ ਨੇ ਦੱਸਿਆ ਕਿ 7 ਅਪਰੈਲ ਵਿਸ਼ਵ ਸਿਹਤ ਦਿਵਸ, 8 ਅਪਰੈਲ ਮੰਗਲ ਪਾਂਡੇ ਨੂੰ ਫਾਂਸੀ (1857), 8 ਅਪਰੈਲ ਨੂੰ ਹੀ ਭਗਤ ਸਿੰਘ ਅਤੇ ਬੀ ਕੇ ਦੱਤ ਵੱਲੋਂ ਦੋ ਕਾਲ਼ੇ ਕਾਨੂੰਨਾਂ ਖ਼ਿਲਾਫ ਅਸੈਂਬਲੀ 'ਚ ਬੰਬ ਸੁੱਟਿਆ ਗਿਆ, 10 ਅਪਰੈਲ ਨੂੰ ਤਰਕਸ਼ੀਲ ਲਹਿਰ ਦੇ ਮੋਢੀ ਡਾ: ਅਬਰਾਹਮ ਟੀ ਕਾਵੂਰ ਦਾ ਜਨਮ (1898), 22 ਅਪਰੈਲ ਵਿਸ਼ਵ ਧਰਤ ਦਿਵਸ, 22 ਅਪਰੈਲ ਨੂੰ ਹੀ ਰੂਸੀ ਇਨਕਲਾਬ ਦੇ ਆਗੂ ਵੀ ਆਈ ਲੈਨਿਨ ਦਾ ਜਨਮ (1870) ਅਤੇ 23 ਅਪਰੈਲ ਨੂੰ ਵਿਸ਼ਵ ਪੁਸਤਕ ਦਿਵਸ ਹੈ ।

ਪ੍ਰਧਾਨ ਸੋਹਣ ਮਾਨ ਨੇ ਸੈਮੀਨਾਰ ਸ਼ੁਰੂ ਕਰਦਿਆਂ ਕਿਹਾ ਕਿ ਭਾਵੇਂ ਉੱਪਰ ਦਿੱਤੇ ਸਾਰੇ ਵਿਸ਼ੇ ਹੀ ਕਾਫੀ ਮਹੱਤਵਪੂਰਨ ਹਨ ਪਰੰਤੂ ਜਲ੍ਹਿਆਂਵਾਲਾ ਬਾਗ ਅਤੇ ਕਾਲ਼ਿਆਂ ਵਾਲਾ ਦੋ ਘਟਨਾਵਾਂ ਸਭ ਤੋਂ ਵੱਧ ਮਹੱਤਵਪੂਰਨ ਹੋਣ ਕਾਰਨ ਅੱਜ ਦੇ ਬੁਲਾਰੇ ਆਪਣੇ ਵਿਚਾਰ ਇਨ੍ਹਾਂ ਵਿਸ਼ਿਆਂ ਤੇ ਕੇਂਦਰਤ ਕਰਨਗੇ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ 95 ਸਾਲ ਬਾਅਦ ਵੀ ਸਾਡੀ ਭਾਰਤ ਸਰਕਾਰ ਉਹਨਾਂ ਸ਼ਹੀਦਾਂ ਦੀ ਲਿਸਟ ਫਾਈਨਲ ਨਹੀਂ ਕਰ ਸਕੀ। ਉਹਨਾਂ ਸ਼ਹੀਦਾਂ ਨੂੰ ਬਣਦਾ ਸਨਮਾਨਯੋਗ ਸਥਾਨ ਜਾਂ ਪਰਿਵਾਰਾਂ ਦੀ ਸਹਾਇਤਾ ਤਾਂ ਕੀ ਕਰਨੀ ਸੀ।

ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸਥਾਨਕ ਰੇਡੀਓ ਰੈੱਡ ਐਫ ਐਮ ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਮੁਢਲੇ ਕਾਰਨਾਂ ਅਤੇ ਇਸ ਤੋਂ ਪਿੱਛੋਂ ਆਮ ਲੋਕਾਂ ਉੱਪਰ ਕੀਤੇ ਗਏ ਅੰਨ੍ਹੇਵਾਹ ਤਸ਼ੱਦਦ ਦੀ ਵਿਸਥਾਰ ਵਿੱਚ ਚਰਚਾ ਕੀਤੀ। ਹੈਲਨ ਫ਼ਾਈਨ ਦੀ ਪੁਸਤਕ 'ਇੰਮਪੀਰੀਅਲ ਕ੍ਰਾਈਮ ਐਂਡ ਪਨਿਸ਼ਮੈਂਟ', ਹਰਬੰਸ ਸਿੰਘ ਦੀ ਪੁਸਤਕ 'ਜਲ੍ਹਿਆਂ ਵਾਲਾ ਬਾਗ ਮਾਸੈਕਰ' ਅਤੇ ਨਾਈਜਰ ਕੋਲੈੱਟ ਦੀ ਪੁਸਤਕ 'ਦ ਬੁੱਚਰ ਆਫ ਅੰਮ੍ਰਿਤਸਰ : ਜਨਰਲ ਰੈਜੀਨੌਲਡ ਡਾਇਰ' ਦੇ ਹਵਾਲਿਆਂ ਨਾਲ ਰਿਸ਼ੀ ਨਾਗਰ ਨੇ ਦੱਸਿਆ ਕਿ ਪਹਿਲੀ ਸੰਸਾਰ ਜੰਗ ਤੋਂ ਲੈ ਕੇ ਮਹਾਤਮਾ ਗਾਂਧੀ ਦੇ ਦੱਖਣੀ ਅਫ਼ਰੀਕਾ ਤੋਂ ਭਾਰਤ ਵਾਪਸ ਪਰਤਣ ਨਾਲ ਪੈਦਾ ਹੋਈਆਂ ਸਥਿਤੀਆਂ, ਰਾਉਲੈਟ ਐਕਟ ਪਾਸ ਕਰਨ ਤੋਂ ਬਾਅਦ ਬਣੇ ਹਾਲਾਤ, ਪੰਜਾਬ ਵਿੱਚ ਡਾ. ਸੈਫ-ਉਦ-ਦੀਨ ਕਿਚਲੂ ਅਤੇ ਸਤਿਆਪਾਲ ਨੂੰ ਗੁਪਤ ਢੰਗ ਨਾਲ ਪੰਜਾਬ ਵਿੱਚੋਂ ਬਾਹਰ ਕੱਢ ਦੇਣ ਤੇ ਰੋਸ ਵਜੋਂ ਅੰਮ੍ਰਿਤਸਰ ਵਿੱਚ ਭੜਕੀ ਭੀੜ ਵੱਲੋਂ 5 ਅੰਗਰੇਜ਼ ਵਿਅਕਤੀਆਂ ਦਾ ਕਤਲ ਅਤੇ ਵੱਡੀ ਪੱਧਰ ਤੇ ਹੋਈ ਸਾੜ-ਫੂਕ ਅਤੇ ਪੰਜਾਬ ਵਿੱਚ ਲਗਾ ਦਿੱਤੇ ਗਏ ਮਾਰਸ਼ਲ-ਲਾਅ ਨੂੰ ਅਣਡਿੱਠ ਕਰਕੇ ਹੋਏ ਲੋਕਾਂ ਦਾ ਇਕੱਠ ਹੀ ਜਲ੍ਹਿਆਂਵਾਲੇ ਬਾਗ਼ ਵਿੱਚ ਹੋਏ ਸਾਕੇ ਦੇ ਮੁੱਖ ਕਾਰਣ ਬਣੇ ਸਨ। ਹੰਟਰ ਕਮਿਸ਼ਨ ਦੇ ਸਾਹਮਣੇ ਬੇਸ਼ਰਮੀ ਨਾਲ ਪੇਸ਼ ਹੋਏ ਜਨਰਲ ਡਾਇਰ ਦੀ ਫੌਜ ਵਿੱਚੋਂ ਛੁੱਟੀ ਕਰਨ ਅਤੇ ਉਸ ਨੂੰ ਇੰਗਲੈਂਡ ਵਿੱਚ ਮਿਲੇ ਸਨਮਾਨ ਦੇ ਨਾਲ ਨਾਲ ਉਸ ਦੇ ਅੰਤਲੇ ਦਿਨਾਂ ਦਾ ਵੀ ਜ਼ਿਕਰ ਰਿਸ਼ੀ ਨਾਗਰ ਨੇ ਕੀਤਾ। ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਤੋਂ ਅਗਲੇ ਦਿਨ ਹੀ ਅੰਮ੍ਰਿਤਸਰ ਦੇ ਲੋਕਾਂ ਨੂੰ ਕੂਹਣੀਆਂ ਤੇ ਗੋਡਿਆਂ ਭਾਰ ਚੱਲਣ, ਅੰਗਰੇਜ਼ਾਂ ਨੂੰ ਸੈਲਿਊਟ ਮਾਰਨ ਅਤੇ ਕਿਸੇ ਅੰਗਰੇਜ਼ ਨੂੰ ਵੇਖਦਿਆਂ ਹੀ ਸਵਾਰੀ ਤੋਂ ਹੇਠਾਂ ਉਤਰ ਜਾਣ ਦੇ ਹੁਕਮ ਜਾਰੀ ਕੀਤੇ ਜਾਣ ਦਾ ਵੀ ਖ਼ੁਲਾਸਾ ਕੀਤਾ।

ਗੁਰਬਚਨ ਬਰਾੜ ਨੇ ਦੱਸਿਆ ਕਿ ਕਾਲ਼ਿਆਂਵਾਲਾ 'ਚੋਂ ਉਥੇ ਬਣੇ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਖੋਜੀ ਵਿਦਵਾਨ ਸੁਰਿੰਦਰ ਕੋਛੜ ਦੇ ਉਪਰਾਲਿਆਂ ਨਾਲ 90 ਮਨੁੱਖੀ ਪਿੰਜਰ ਕੱਢੇ ਗਏ ਹਨ। ਯਾਦ ਰਹੇ ਕਿ 1857 ਦੇ ਗਦਰ ਸਮੇਂ ਅੰਗਰੇਜ਼ ਹਕੂਮਤ ਦੇ ਜੁਲਮਾਂ ਵਿਰੁੱਧ ਬਗਾਵਤ ਕਰਕੇ 500 ਦੇ ਕਰੀਬ ਫੌਜੀ ਲਾਹੌਰ ਛਾਉਣੀ ਤੋਂ ਬੈਰਕਾਂ ਛੱਡ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਰਾਵੀ ਕੰਢੇ ਪੈਦਲ ਅੰਮ੍ਰਿਤਸਰ ਨੂੰ ਚੱਲ ਪਏ ਸਨ। ਅਜਨਾਲ਼ੇ ਗ੍ਰਿਫਤਾਰੀ ਉਪਰੰਤ 217 ਨੂੰ ਸ਼ਹੀਦ ਕਰਕੇ ਰਾਵੀ ਦਰਿਆ ਵਿੱਚ ਸੁੱਟ ਦਿੱਤਾ ਗਿਆ ਅਤੇ 282 ਨੂੰ ਕਤਲ ਕਰਕੇ ਕਾਲ਼ਿਆਂਵਾਲਾ ਵਿਖੇ ਸੁੱਟ ਦਿੱਤਾ ਗਿਆ। ਇਹ ਖ਼ੁਲਾਸਾ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਫਰੈਡਰਿਕ ਕੂਪਰ ਨੇ ਅਪਣੀ ਕਿਤਾਬ 'ਦਾ ਕਰਾਈਸਿਸ ਆਫ ਪੰਜਾਬ' ਵਿੱਚ ਕੀਤਾ। ਸਰਕਾਰ ਦਾ ਪੁਰਾਤਵ ਵਿਭਾਗ ਕੋਈ ਸਹਿਯੋਗ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਕਿ ਸਾਨੂੰ ਦੇਸ਼ ਭਗਤ ਯਾਦਗਾਰੀ ਕਮੇਟੀ ਜਲੰਧਰ, ਜਮਹੂਰੀ ਅਧਿਕਾਰ ਸਭਾ ਪੰਜਾਬ ਆਦਿ ਜਥੇਬੰਦੀਆਂ ਵੱਲੋਂ ਸ਼ਹੀਦਾਂ ਦੀ ਲਿਸਟ ਬਰਤਾਨਵੀ ਸਰਕਾਰ ਤੋਂ ਮੰਗਵਾਉਣ ਅਤੇ ਸ਼ਹੀਦਾਂ ਦੀ ਢੁਕਵੀਂ ਯਾਦਗਾਰ ਬਣਾਉਣ ਲਈ ਭਾਰਤ ਸਰਕਾਰ ਤੇ ਦਬਾਅ ਪਾਉਣ ਦੀ ਮੁਹਿੰਮ 'ਚ ਹਰ ਪੱਖੋਂ ਸਹਿਯੋਗ ਦੇਣਾ ਚਾਹੀਦਾ ਹੈ ।

ਮਾਸਟਰ ਭਜਨ ਸਿੰਘ ਨੇ ਆਮ ਇਜਲਾਸ ਤੋਂ ਆਗੂ ਟੀਮ ਦੀ ਪਰਵਾਨਗੀ ਲਈ। ਪ੍ਰਤੀਬੱਧ ਅਤੇ ਸੁਹਿਰਦ ਨੌਜਵਾਨ ਜਤਿੰਦਰ ਸਵੈਚ ਦੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਐਗਜ਼ੈਕਟਿਵ ਕਮੇਟੀ ਮੈਂਬਰ ਲੈ ਕੇ ਆਗੂ ਟੀਮ 'ਚ ਸ਼ਾਮਲ ਕੀਤਾ ਗਿਆ। ਵਿੱਤ ਸਕੱਤਰ ਜੀਤ ਇੰਦਰਪਾਲ ਨੇ ਸਲਾਨਾ ਵਿੱਤ ਰੀਪੋਰਟ ਪੇਸ਼ ਕੀਤੀ ।

ਤਰਲੋਚਨ ਦੂਹਰਾ ਨੇ ਦੱਸਿਆ ਕਿ ਜਗੀਰਦਾਰਾਂ ਅਤੇ ਫੌਜ ਦੇ ਗੱਠਜੋੜ ਅੱਗੇ ਸਿੰਥਾਲ ਦੇ ਹਜ਼ਾਰਾਂ ਲੋਕਾਂ ਨੇ ਸ਼ਹੀਦੀਆਂ ਪਾਈਆਂ। ਕਮਾਲ ਦੀ ਉਦਾਹਰਣ ਪੇਸ਼ ਕਰਦਿਆਂ ਉਹਨਾਂ ਕਿਹਾ ਕਿ ਇੱਕ ਬਜ਼ੁਰਗ ਝੁੱਗੀ ਵਿੱਚ ਬੈਠਾ ਸੀ ਤਾਂ ਫੌਜ ਨੇ ਉਸਨੂੰ ਆਤਮ ਸਮਰਪਣ ਕਰਨ ਲਈ ਕਿਹਾ ਤਾਂ ਉਸਨੇ ਕੋਲ ਪਈ ਕੁਹਾੜੀ ਨਾਲ ਫੌਜ ਉੱਪਰ ਹਮਲਾ ਕਰ ਦਿੱਤਾ । ਉਨ੍ਹਾਂ ਕਿਹਾ ਕਿ ਇਹ ਲੜਾਈ ਅੱਜ ਵੀ ਜਾਰੀ ਹੈ। ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਹਰੀਪਾਲ ਨੇ ਸੰਤ ਰਾਮ ਉਦਾਸੀ ਅਤੇ ਅਵਤਾਰ ਪਾਸ਼ ਬਾਰੇ ਦੱਸਿਆ ਕਿ ਦੋਵੇਂ ਦੱਬੇ ਕੁਚਲੇ ਲੋਕਾਂ ਦੇ ਕਵੀ ਸਨ। ਸੰਤ ਰਾਮ ਉਦਾਸੀ ਨੂੰ ਆਮ ਲੋਕਾਂ ਵਿੱਚ ਅਤੇ ਪਾਸ਼ ਨੂੰ ਬੁੱਧੀਜੀਵੀਆਂ ਵਿੱਚ ਜ਼ਿਆਦਾ ਮਕਬੂਲਤਾ ਮਿਲੀ।

ਤਰਲੋਚਨ ਸੈਂਬੀ, ਰਵੀ ਜਨਾਗਲ, ਹਰਨੇਕ ਬੱਧਨੀ, ਸੁਰਜੀਤ ਪੰਨੂੰ, ਜਗਵੰਤ ਗਿੱਲ, ਅਵੀ ਜਸਵਾਲ ਨੇ ਉਦਾਸੀ ਅਤੇ ਪਾਸ਼ ਦੇ ਇਨਕਲਾਬੀ ਗੀਤਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਹਰਚਰਨ ਪਰਿਹਾਰ ਸੰਪਾਦਕ ਸਿੱਖ ਵਿਰਸਾ, ਪ੍ਰਸ਼ੋਤਮ ਭਾਰਦਵਾਜ, ਜਸਵੀਰ ਸਿਹੋਤਾ ਆਦਿ ਤੋਂ ਸਮੇਂ ਦੀ ਘਾਟ ਕਾਰਨ ਮੁਆਫੀ ਮੰਗਣੀ ਪਈ। ਤਿੰਨ ਘੰਟੇ ਨਿੱਠ ਕੇ ਸੁਣਨ ਵਾਲੇ ਭਾਰੀ ਗਿਣਤੀ ਵਿੱਚ ਪੁੱਜੇ ਸਾਰੇ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਮਾ: ਭਜਨ ਗਿੱਲ ਨੇ ਦੱਸਿਆ ਕਿ ਅਗਲੇ ਮਹੀਨੇ ਦੀ ਮੀਟਿੰਗ ਮਈ ਦੇ ਪਹਿਲੇ ਐਤਵਾਰ ਨੂੰ ਮਈ ਦਿਵਸ ਸਬੰਧੀ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾ: ਭਜਨ ਗਿੱਲ ਨਾਲ 403 455 4220 ਤੇ ਸੰਪਰਕ ਕੀਤਾ ਜਾ ਸਕਦਾ ਹੈ ।




Commitment to Excellent Services

Punjab Insurance Inc

Your Financial Expert

Super Visa Insurance

Disability Insurance | Life Insurance |

Critical Illness Insurance | Mortgage Insurance |

Segregated Funds | RRSP & TFSA | RESP |



Harbans Singh

416-817-7142

Email: dharbans@hotmail.com

www.numberoneinsurance.ca

# Comment on the Fair Elections Act (Bill C-23)

Patti Tamara Lenard

**The CCPA was invited to appear before The House of Commons' Standing Committee on Procedure and House Affairs to present on Bill C-23, the Fair Elections Act. Patti Tamara Lenard, an Assistant Professor at the University of Ottawa Graduate School of Public and International Affairs and CCPA Research Associate, presented to the Committee. Her remarks are below.**

—




Thank you very much for inviting the Canadian Centre for Policy Alternatives to speak to the Committee this evening. I am Assistant Professor of applied ethics at the University of Ottawa's Graduate School of Public and International Affairs and I am a research associate with the CCPA.

I am also a co-author of an open letter concerning Bill C-23, co-authored with several Canadian professors, published in the National Post in March. The views I express today are my own and do not necessarily represent my co-authors' views or the views of the 180 signatories to that letter.

Of the many difficulties presented by the Fair Elections Act, I'd like to focus on just one: the way in which it would undermine political equality in Canada, by making the right to vote more difficult to access in general, and most particularly, for vulnerable Canadians. It does this by proposing to eliminate vouching and by imposing stricter voter identification requirements.

Let me begin by pointing out that Canada's voter ID requirements are already more restrictive than in many countries. Indeed, in leading Westminster democracies, including the UK, Australia and New Zealand, all that is required is that one be on the voter registry; no identification is required. In other democracies, vulnerable citizens are exempt from identification requirements. According to international best practices, governments that require identification should ensure that these are provided to citizens free of cost, as with the VICs that this bill would disallow.

The purpose of beginning here is simply to highlight that the proposals to eliminate vouching and to impose stricter voter identification requirements will move us away from widely accepted international practices by which states protect the right to vote of their citizens.

In Canada, the right to vote is protected in Article 3 of the Canadian Charter of Rights and Freedoms. The constitutional protection of this right imposes a duty on all of us, particularly our government, to protect that right for each and every one of us.

The proposed Fair Elections Act is anything but fair. It risks excluding some of Canada's most vulnerable citizens, including seniors and students, First Nations citizens, low-income Canadians, and homeless Canadians. We know from Elections Canada that these groups relied on vouching most frequently in recent elections. It should go without saying that in our Constitution, these citizens' right to vote is no less important than that of any other Canadian. Regrettably this Bill makes it necessary to underline this point.

In its recent decision in the Etobicoke Centre Case, the Supreme Court acknowledged the multiple values at stake in elections, including integrity, transparency, efficiency, but then gave pride of place to the constitutionally protected right to vote. I quote from the decision: "the Act seeks to enfranchise all entitled persons, including those without paper documentation, and to encourage them to come forward to vote on Election Day, regardless of prior enumeration. The system strives to achieve accessibility for all voters, making special provision for those without identification to vote by vouching…The goal of accessibility can only be achieved if we are prepared to accept some degree of uncertainty that all who voted were entitled to do so." In other words, our electoral system relies on a certain amount of trust in our fellow citizens not to abuse our most basic democratic right. This Bill rests on the false premise that we should distrust one another.

Bill C-23 will effectively take away the right to vote from some Canadians. How then can Canada claim to be democratic? The right to vote is not something the government grants us permission to do, like driving, or hunting, or practicing medicine. It belongs to each of us, in virtue of our citizenship status. The job of a truly democratic government is to protect our right to vote by securing the conditions that make it possible. This Act does the opposite.

The government's reason for restricting the right to vote rests on the importance of eliminating fraud from our electoral system. As has been said repeatedly in the media and before this committee, there is no evidence of fraud, only of record-keeping errors which can be dealt with in ways that do not threaten the integrity of Canada's democracy.

Let there be no mistake: the government proposes to protect against imaginary dangers by creating real and significant harms. There is something gravely wrong when we actually turn away citizens at the voting booth because we imagine that they are trying to cheat the system. There is something wrong with a policy that slanders hundreds of thousands of Canadian citizens as potential fraudsters because they are vulnerable in ways that make it difficult to get a driver's license or to have a stable address.

The so-called Fair Elections Act is inconsistent with a commitment to political equality – the equal right of every citizen to cast a vote – on which Canada's democracy is built. Bill C-23 should be rejected.

**Courtesy : Canadian Centre for Policy Alternatives**

SIKH LEHAR CENTER
Mission: To organize and provide religious, social and educational programs for the awareness and enhancement of society as a whole based on the universal message of Guru Granth Sahib
79 Bramsteele Rd.
Brampton, ON L6W 3K6
www.sikhlehar.com
Tel: (905) 451-3335
Fax: (905) 451-2335
info@sikhlehar.com

# ਸੰਘਰਸ਼ ਭਰੀ ਜ਼ਿੰਦਗੀ ਦਾ ਨਾਂ ਹੈ ਬਾਬਾ ਭਗਤ ਸਿੰਘ ਬਿਲਗਾ



ਪ੍ਰੋ. ਗੋਪਾਲ ਸਿੰਘ ਬੁੱਟਰ

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਸਨ। ਉਹਨਾਂ ਦਾ ਜਨਮ ਇਸੇ ਪਿੰਡ ਵਿੱਚ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਪੱਤੀ ਭਲਾਈ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਿਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਿਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ ਪਰ ਫੇਰ ਵੀ ਪੂਰੀ ਨਾ ਪਈ ਅਤੇ ਅਖੀਰ ਘਰ ਘਾਟ ਤਕ ਵੀ ਗਰਵੀ ਰੱਖਣਾ ਪਿਆ। ਭਗਤ ਸਿੰਘ ਬਿਲਗਾ ਬਚਪਨ ਵਿੱਚ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜ ਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਪਾਸ ਕਰਕੇ ਉਹਨਾਂ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।


ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤੱਕ ਦੀ ਲੰਮੀ ਸਰਗਰਮ ਜਿੰਦਗੀ ਜੀਉ ਕੇ ਗੁਜ਼ਰੇ ਹਨ। ਬਾਬਾ ਜੀ ਦੇ ਬਰਤਾਨਵੀ ਸਾਮਰਾਜ ਖਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ 'ਤੇ ਇਹਨਾਂ ਨੇ ਫਤਹਿ ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗਰੀਬੀ ਧੋਣ ਲਈ ਕਮਾਈ ਕਰਨ ਲਈ ਉਹ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕਾਰੀਆਂ ਦਾ ਗਰੁੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। ਉਹਨਾਂ ਨੇ 1934 ਤੋਂ 1936 ਤੱਕ ਕਲੱਕਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਤਨਦੇਹੀ ਨਾਲ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫਤਾਰੀ ਤੋਂ ਬਾਅਦ ਲਾਹੌਰ ਦੇ ਕਿਲੇ ਵਿੱਚ ਦੋ ਮਹੀਨੇ ਅਣ ਮਨੁੱਖੀ ਤਸੀਹੇ ਦਿੱਤੇ ਗਏ ਅਤੇ ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਉਹਨਾਂ ਨੂੰ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ ਗਿਆ। ਉਹਨਾਂ ਦੇ ਆਖਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੇ ਨਾਲ ਨਾਲ ਉਮਰ ਭਰ ਰੰਗ, ਨਸਲ, ਧਰਮ ਤੇ ਜਾਤੀ ਵਿਤਰਕੇ ਦੇ ਖਿਲਾਫ਼ ਵੀ ਨਿਰੰਤਰ ਅਤੇ ਪੂਰੀ ਤਨਦੇਹੀ ਨਾਲ ਜੱਦੋ-ਜਹਿਦ ਕੀਤੀ।ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਖਾਤਿਰ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਮੁੱਚੇ ਮਾਨਵੀ ਸਮਾਜ ਪ੍ਰਤੀ ਦਿੱਤੀਆਂ ਵੱਡਮੁਲੀਆਂ ਸੇਵਾਵਾਂ ਦੇ ਇਵਜ਼ ਵਿੱਚ ਕੋਈ ਵੀ ਸਰਕਾਰੀ ਪੈਨਸ਼ਨ ਜਾਂ ਕੋਈ ਹੋਰ ਸੁਵਿਧਾ ਪ੍ਰਵਾਨ ਨਹੀਂ ਕੀਤੀ ਪਰ ਉਹਨਾਂ ਨੂੰ ਦੁਨੀਆਂ ਭਰ ਵਿੱਚੋਂ ਕਈ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਅਤੇ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਹਨਾਂ ਨੇ ਇੱਕ ਰਾਸ਼ਟਰੀ ਅਵਾਰਡ 'ਸਦੀ ਦਾ ਹੌਂਸਲਾ ਅਤੇ ਬਹਾਦੁਰੀ ਦਾ ਸਨਮਾਨ' ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਹਨਾਂ ਨੂੰ ਮਰਨ ਉਪਰਾਂਤ 'ਪੰਜਾਬ ਰਤਨ' ਦਾ ਖਿਤਾਬ ਦੇਕੇ ਸਨਮਾਨਿਤ ਕੀਤਾ। ਇਸ ਵਿੱਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਿਲ ਹੋਣ ਕਰਕੇ ਹੀ ਉਹਨਾਂ ਦੇ ਪਰਿਵਾਰ ਨੇ ਇਸ ਨੂੰ ਸਵੀਕਾਰ ਕੀਤਾ।

ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕਰ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਆਪਣੀ ਨਿਗਰਾਨੀ ਹੇਠ ਇਸ ਵਿਸ਼ਾਲ ਯਾਦਗਾਰ ਦਾ ਨਿਰਮਾਣ ਕਰਵਾਇਆ ਤੇ ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ।

ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਲਈ ਸੁਹਿਰਦਤਾ ਨਾਲ ਕੰਮ ਕੀਤਾ ਉੱਥੇ ਉਹਨਾਂ ਨੇ ਆਪਣੇ ਆਲੇ-ਦੁਆਲੇ ਦੇ ਸਰਵਪੱਖੀ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਉਹਨਾਂ ਨੇ ਆਪਣੀ ਜਵਾਨੀ ਵਿੱਚ ਹੀ ਭਾਵ 1935-36 ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ ਖੁੱਲ੍ਹਵਾਇਆ ਅਤੇ ਖੁਦ ਉਸਦੀ ਨਿਗਰਾਨੀ ਕੀਤੀ।ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁੱਲ੍ਹਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ ਉਹਨਾਂ ਨੇ ਇਲਾਕੇ ਵਿੱਚ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ 'ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਤੇ ਗੁਰੂ ਗੋਬਿੰਦ ਸਿੰਘ ਕਾਲਜ, ਜੰਡਿਆਲਾ, ਮੰਜਕੀ ਦੇ ਨਿਰਮਾਣ ਤੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਕਰੋੜਾਂ ਰੁਪਇਆਂ ਦੀ ਲਾਗਤ ਵਾਲਾ ਵੱਡ ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ।

ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਦੀ ਲੜਾਈ ਅਤੇ ਲੋਕ ਹਿਤਾਇਸ਼ੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਉਹਨਾਂ ਨੇ ਲੋਕ ਹਿਤਾਇਸ਼ੀ ਲਹਿਰ ਅਤੇ ਇਸਦੇ ਨਾਇਕਾਂ ਨਾਲ ਸੰਬੰਧਿਤ ਇਤਿਹਾਸਿਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ। ਉਹਨਾਂ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ' ਅਤੇ ਅਖ਼ਬਾਰਾਂ ਰਸਾਲਿਆਂ ਵਿੱਚ ਛੱਪਣ ਵਾਲੇ ਉਹਨਾਂ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸੰਬੰਧਿਤ ਮਹੱਤਵਪੂਰਨ ਦਸਤਾਵੇਜ਼ ਹਨ। ਆਪਣੇ ਲੋਕਾਂ ਦੇ ਬਿਹਤਰ ਭਵਿੱਖ ਲਈ ਇੱਕ ਸਦੀ ਲੰਬਾ ਸੰਘਰਸ਼ ਕਰਨ ਵਾਲੇ ਮਹਾਂ ਨਾਇਕ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਅਸੀਂ ਉਨ੍ਹਾਂ ਦੇ ਇੱਕ ਸੌ 6ਵੇ ਜਨਮ ਦਿਨ ਦੇ ਅਵਸਰ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

ਪੋਸਟ ਗਰੈਜੂਏਟ, ਪੰਜਾਬੀ ਵਿਭਾਗ
ਲਾਇਲਪੁਰ ਖਾਲਸਾ ਕਾਲਜ,
ਜਲੰਧਰ

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

ਸੱਤਾ ਤੇ ਸਿਆਸਤ

# ਇਤਿਹਾਸ ਦੇ ਆਰ-ਪਾਰ ਵਿਚਰਦਿਆਂ ਕਾਲੇ ਸਮਿਆਂ ਦੀ ਦਾਸਤਾਨ ਦਾ ਸਫ਼ਰ

ਪ੍ਰਿਤਪਾਲ ਸਿੰਘ

ਜੇਕਰ ਨਿਊਰਮਬਰਗ ਦੇ ਨਿਯਮ ਲਾਗੂ ਕੀਤੇ ਗਏ ਹੁੰਦੇ ਤਾਂ ਦੂਸਰੀ ਸੰਸਾਰ ਜੰਗ ਤੋਂ ਬਾਅਦ ਦੇ ਸਾਰੇ ਅਮਰੀਕੀ ਰਾਸ਼ਟਰਪਤੀ ਫਾਹੇ ਲੱਗ ਜਾਂਦੇ। ਇਹ ਵਿਚਾਰ ਪ੍ਰਸਿੱਧ ਅਮਰੀਕੀ ਇਤਿਹਾਸਕਾਰ ਪ੍ਰੋ. ਨੌਮ ਚੌਮਸਕੀ ਨੇ ਪ੍ਰਗਟ ਕੀਤੇ ਹਨ। ਜਰਮਨ ਫਾਸ਼ੀਵਾਦੀਆਂ ਖਿਲਾਫ ਚਲਾਏ ਗਏ ਮੁਕੱਦਮਿਆਂ ਦੌਰਾਨ ਮੁੱਖ ਅਮਰੀਕੀ ਵਕੀਲ ਰੋਬਰਟ ਜੈਕਸਨ ਨੇ ਨੁਕਤਾ ਉਭਾਰਦੇ ਕਿਹਾ ਸੀ ਕਿ ਇਹ ਨਿਯਮ ਕੇਵਲ ਜਰਮਨਾਂ ਉਪਰ ਹੀ ਨਹੀਂ ਸਗੋ ਅਮਰੀਕਨਾਂ ਸਮੇਤ ਪੂਰੀ ਦੂਨੀਆਂ ਲਈ ਹਨ। ਇਸ ਦੇ ਪਹਿਲੇ ਨਿਯਮ ਅਨੁਸਾਰ, ਕੌਮਾਂਤਰੀ ਕਾਇਦੇ ਮੁਤਾਬਕ ਜੁਰਮ ਮੰਨੀ ਗਈ ਕਾਰਵਾਈ ਕਰਨ ਵਾਲਾ ਹਰ ਵਿਅਕਤੀ ਸਜ਼ਾ ਦਾ ਹੱਕਦਾਰ ਹੈ। ਦੂਸਰੇ ਨਿਯਮ ਅਨੁਸਾਰ ਕੌਮਾਂਤਰੀ ਨਿਯਮਾਂ ਹੇਠ ਜੁਰਮ ਐਲਾਨੀ ਗਈ ਕਾਰਵਾਈ ਦਾ ਦੋਸ਼ੀ ਵਿਅਕਤੀ ਇਸ ਕਰਕੇ ਬੱਚ ਨਹੀਂ ਸਕਦਾ ਕਿ ਅਜਿਹੀ ਕਾਰਵਾਈ ਉਸਦੇ ਮੁਲਕ ਦੇ ਨਿਯਮਾਂ ਅਨੁਸਾਰ ਜੁਰਮ ਨਹੀਂ ਮੰਨੀ ਜਾਂਦੀ। ਇਸਦੇ ਤੀਸਰੇ ਨਿਯਮ ਅਨੁਸਾਰ ਕੌਮਾਂਤਰੀ ਨਿਯਮਾਂ ਅਧੀਨ ਜੁਰਮ ਸਮਝੀ ਜਾਣ ਵਾਲੀ ਕਾਰਵਾਈ ਦੀ ਜ਼ਿੰਮੇਵਾਰੀ ਤੋਂ ਕੋਈ ਵਿਅਕਤੀ ਵੱਲੋਂ ਇਸ ਕਰਕੇ ਨਹੀਂ ਬੱਚ ਸਕਦਾ ਕਿ ਉਸਨੇ ਅਜਿਹੀ ਕਾਰਵਾਈ ਰਾਜ ਦਾ ਮੁੱਖੀ ਹੋਣ ਜਾਂ ਇੱਕ ਜ਼ਿੰਮੇਵਾਰ ਅਧਿਕਾਰੀ ਹੋਣ ਦੇ ਨਾਤੇ ਕੀਤੀ ਹੈ। ਨਿਯਮ ਚਾਰ ਅਨੁਸਾਰ ਕੋਈ ਵੀ ਵਿਅਕਤੀ ਜੋ ਆਪਣੀ ਸਰਕਾਰ ਜਾਂ ਉੱਚ ਅਧਿਕਾਰੀ ਦੇ ਹੁਕਮਾਂ ਹੇਠ ਅਜਿਹੀ ਕਾਰਵਾਈ ਕਰ ਰਿਹਾ ਹੈ ਜੋ ਕੌਮਾਂਤਰੀ ਨਿਯਮਾਂ ਅਧੀਨ ਜੁਰਮ ਮੰਨੀ ਗਈ ਹੈ, ਆਪਣੀ ਜ਼ਿੰਮੇਵਾਰੀ ਤੋਂ ਬੱਚ ਨਹੀਂ ਸਕਦਾ ਹੈ ਕਿਉਂਕਿ ਕਾਰਵਾਈ ਕਰਨ ਵੇਲੇ ਉਸਨੇ ਆਪਣੀ ਆਤਮਾ ਤੋਂ ਕੰਮ ਲੈਣਾ ਹੈ। ਇਹ ਕਹਿ ਕੇ ਬਰੀ ਨਹੀਂ ਹੋ ਸਕਦਾ ਕਿ ਮੈਂ ਤਾਂ ਹੁਕਮਾਂ ਦੀ ਤਾਮੀਲ ਕਰ ਰਿਹਾ ਸੀ। ਪੰਜਵੇ ਨਿਯਮ ਅਨੁਸਾਰ ਕੌਮਾਂਤਰੀ ਨਿਯਮਾ ਤਹਿਤ ਦੋਸ਼ੀ ਠਹਿਰਾਇਆ ਗਿਆ ਵਿਅਕਤੀ ਤੱਥਾਂ ਅਤੇ ਕਾਨੂੰਨ ਅਨੁਸਾਰ ਯੋਗ ਸੁਣਵਾਈ ਦਾ ਹੱਕਦਾਰ ਹੈ। ਛੇਵੇਂ ਪਿੰਸੀਪਲ ਅਨੁਸਾਰ ਮਨੁੱਖਤਾ ਵਿਰੁੱਧ ਜੁਰਮਾਂ ਦੀ ਵਿਆਖਿਆ ਕਰਦਾ ਹੈ (ੳ) ਸਾਂਤੀ ਵਿਰੁੱਧ ਜੁਰਮ (੧) ਧਾੜਵੀ ਯੁੱਧ ਲਈ ਸਕੀਮ ਬਣਾਉਣੀ, ਤਿਆਰੀ ਕਰਨੀ, ਯੁੱਧ ਸ਼ੁਰੂ ਕਰਨਾ, ਯੁੱਧ ਕਰਨਾ ਜਾਂ ਕੌਮਾਂਤਰੀ ਇਕਰਾਰਨਾਮਿਆਂ, ਸਮਝੌਤਿਆਂ ਅਤੇ ਭਰੋਸਿਆਂ ਨੂੰ ਤੋੜ ਕੇ ਯੁੱਧ ਕਰਨਾ (੨) ਨੰਬਰ ਇੱਕ ਵਿੱਚ ਵਰਨਣ ਕੀਤੀਆਂ ਕਾਰਵਾਈਆਂ ਚੋਂ ਕਿਸੇ ਇੱਕ ਦੀ ਪ੍ਰਾਪਤੀ ਲਈ ਸਾਂਝੀ ਸਕੀਮ ਜਾਂ ਸਾਜਿਸ਼ ਵਿੱਚ ਹਿੱਸਾ ਲੈਣਾ (ਅ) ਜੰਗੀ ਅਪਰਾਧਾਂ ਬਾਰੇ ਹੈ , ਪਰ ਕਿਉਂਕਿ ਜੰਗ ਐਲਾਨੀ ਹੀ ਨਹੀਂ ਗਈ, ਇਸ ਕਰਕੇ ਇਹਨਾਂ ਦਾ ਵਿਸਥਾਰ ਅਸੀਂ ਨਹੀਂ ਦੇ ਰਹੇ। (ਅ) ਮਨੁੱਖਤਾ ਵਿਰੁੱਧ ਜੁਰਮ, ਜਿਵੇਂ ਕਿ ਸਿਵਲੀਅਨ ਆਬਾਦੀ ਦਾ ਕਤਲ, ਖਤਮ ਕਰ ਦੇਣਾ, ਗੁਲਾਮ ਬਣਾਉਣਾ, ਜਲ ਵਤਨ ਕਰਨਾ, ਜਾਂ ਹੋਰ ਅਣਮਨੁੱਖੀ ਕਾਰਵਾਈ; ਜਾਂ ਰਾਜਨੀਤਕ, ਨਸਲੀ ਜਾਂ ਧਾਰਮਕ ਆਧਾਰ ਉਪਰ ਮਕੱਦਮਾ ਚਲਾਉਣਾ; ਜਾਂ ਕੋਈ ਅਮਨ ਵਿਰੁੱਧ ਜਾਂ ਜੰਗੀ ਕਾਰਵਾਈ ਨਾਲ ਸਬੰਧਤ ਲੋਕਾਂ ਖਿਲਾਫ ਅਜਿਹੀਆਂ ਕਾਰਵਾਈਆ ਕਰਨਾ ਜਾਂ ਅਜਿਹੇ ਢੰਗ ਨਾਲ ਮਕੱਦਮੇ ਚਲਾਉਣਾ ਜਾਂ ਸਜ਼ਾਵਾਂ ਦੇਣੀਆਂ ਮਨੁੱਖਤਾ ਵਿਰੁੱਧ ਜੁਰਮ ਹਨ।

ਇਹਨਾਂ ਨਿਯਮਾਂ ਤਹਿਤ ਹੀ ਨਾਜੀਆਂ ਉਪਰ ਮੁਕੱਦਮੇ ਚਲਾਏ ਗਏ, ਸਜ਼ਾਵਾਂ ਦਿੱਤੀਆਂ ਗਈਆਂ। ਇਹਨਾਂ ਨਿਯਮਾਂ ਉਪਰ ਸਾਰੇ ਦੇਸ਼ਾਂ ਨੇ ਸਹਿਮਤੀ ਪਾਈ। ਇਹ ਨਿਯਮ ਧਾਰਾ ੬ ਤਹਿਤ ਅਮਰੀਕੀ ਸੰਵਿਧਾਨ ਦਾ ਹਿੱਸਾ ਬਣ ਗਏ। ਆਉ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਬਣੇ ਸਾਰੇ ਅਮਰੀਕੀ ਰਾਸ਼ਟਰਪਤੀਆਂ ਵੱਲੋਂ ਕੌਮਾਂਤਰੀ ਕਾਨੂੰਨਾਂ ਅਨੁਸਾਰ ਕੀਤੇ ਜੁਰਮਾਂ ਦਾ ਕੱਚਾ ਚਿੱਠਾ ਫਰੋਲੀਏ।

ਹੈਰੀ ਟਰੂਮੈਨ: ਟਰੂਮੈਨ ਨੇ ਜਾਪਾਨੀਆਂ ਦੀ ਹਾਰ ਦੇ ਬਾਵਜੂਦ ਜਾਪਾਨ ਦੇ ੬੦ ਸ਼ਹਿਰਾਂ ਉਪਰ ਭਿਆਨਕ ਬੰਬਾਰੀ ਕਰਨ ਅਤੇ ਦੋ ਸ਼ਹਿਰਾਂ ਉਪਰ ਪ੍ਰਮਾਣੂ ਬੰਬ ਸੁੱਟਣ ਦੇ ਹੁਕਮ ਦਿੱਤੇ। ਜਾਪਾਨੀਆਂ ਵੱਲੋਂ ਕੋਰੀਆ ਚੋਂ ਪਿੱਛੇ ਹੱਟਣ ਤੋਂ ਬਾਅਦ ਟਰੂਮੈਨ ਨੇ ਚੁਣੀ ਹੋਈ ਜਮਹੂਰੀ ਸਰਕਾਰ ਨੂੰ ਉਲਟਾ ਕੇ, ਕੋਰੀਆ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਦੱਖਣੀ ਕੋਰੀਆ ਵਿੱਚ ਤਾਨਾਸ਼ਾਹ ਸਰਕਾਰ ਮੜ੍ਹ ਦਿੱਤੀ। ਇਸ ਤਾਨਾਸ਼ਾਹ ਸਰਕਾਰ ਨੇ ਵੰਡ ਖਿਲਾਫ ਲੜ ਰਹੇ ਲੱਗਭੱਗ ੨ ਲੱਖ ਕਮਿਊਨਿਸਟ, ਸਮਾਜਵਾਦੀ, ਕਿਸਾਨ ਅਤੇ ਹੋਰ ਸ਼ਹਿਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਤਰੀ ਕੋਰੀਆ ਦੀ ਫੌਜ ਵੱਲੋਂ ਕੋਰੀਆ ਦਾ ਏਕੀਕਰਨ ਕਰਨ ਦੇ ਪੰਜ ਹਫਤਿਆਂ ਅੰਦਰ ਹੀ ਇਸਦੀ ਦੁਬਾਰਾ ਵੰਡ ਕਰ ਦਿੱਤੀ ਗਈ। ਲੱਗਭੱਗ ੩੦ ਲੱਖ ਕੋਰੀਆਈ ਮਰਦ, ਔਰਤਾਂ ਅਤੇ ਬੱਚੇ ਮਾਰ ਦਿੱਤੇ ਗਏ। ਜਦੋਂ ਟਰੂਮੈਨ ਨੂੰ ਮਹਿਸੂਸ ਹੋਇਆ ਕਿ ਵੀਅਤਨਾਮ ਆਜ਼ਾਦ ਹੋ ਰਿਹਾ ਹੈ ਤਾਂ ਉਸਦੀ ਫੌਜ ਨੇ ਸਮੁੰਦਰੀ ਬੇੜਿਆਂ ਰਾਹੀ ਬਸਤੀਵਾਦੀ ਫਰਾਂਸੀਸੀ ਫੌਜਾਂ ਢੋਹ ਦਿੱਤੀਆਂ ਅਤੇ ਲਗਾਤਾਰ ਅੱਠ ਸਾਲ ਚੱਲੇ ਇਸ ਯੁੱਧ ਦੀ ਮਾਲੀ ਮੱਦਦ ਵੀ ਕੀਤੀ। ਗਰੀਸ ਵਿੱਚ ਨਾਜੀਆਂ ਵਿਰੁੱਧ ਲੜਨ ਵਾਲਿਆਂ ਨਾਲ ਗਦਾਰੀ ਕਰਕੇ ਫੌਜੀ ਅਤੇ ਆਰਥਿਕ ਮੱਦਦ ਨਾਲ ਉੱਥੇ ਤਾਨਾਸ਼ਾਹ ਹਕੂਮਤ ਕਾਇਮ ਕੀਤੀ ਗਈ।

ਡੈਵਿਡ ਆਇਜਨਹਾਵਰ: ਗੁਆਟੇਮਾਲਾ ਵਿੱਚ ਯੂਨਾਇਟਡ ਫਰੂਟ ਕੰਪਨੀ ਜਿਸ ਦੀ ਪੂਰੇ ਦੇਸ਼ ਵਿੱਚ ਮਾਲਕੀ ਜਾਂ ਕਬਜ਼ਾ ਸੀ ਅਤੇ ਜਿਸ ਵਿੱਚ ਸੈਕਟਰੀ ਆਫ ਸਟੇਟ ਡਿਊਲਜ਼ ਅਤੇ ਉਸਦੇ ਭਰਾ (ਸੀਆਈਏ ਦੇ ਮੁੱਖੀ) ਨਿਵੇਸ਼ਕਾਰ ਸਨ, ਦੇ ਫਾਇਦੇ ਲਈ ਜਮਹੂਰੀ ਢੰਗ ਨਾਲ ਚੁਣੀ ਪਹਿਲੀ ਹਰਮਨ ਪਿਆਰੀ ਸਰਕਾਰ ਨੂੰ ਅਮਰੀਕੀ ਖੁਫੀਆ ਏਜੰਸੀ ਸੀਆਈਏ ਦੀ ਮੱਦਦ ਅਤੇ ਬੰਬਾਰੀ ਨਾਲ ਉਲਟਾ ਦਿੱਤਾ। ਇਸ ਰਾਸ਼ਟਰਪਤੀ ਨੇ ਸੀਆਈਏ ਰਾਹੀ ਆਜ਼ਾਦ ਕਾਂਗੋ ਦੇ ਪਹਿਲੇ ਅਤੇ ਪ੍ਰਸਿੱਧ ਰਾਸ਼ਟਰਪਤੀ ਪੈਟਰਿਕ ਲਾਮੂੰਬਾ ਦਾ ਕਤਲ ਕਰਵਾਇਆ। ਇਸ ਵਿੱਚ ਬੈਲਜੀਅਮ ਅਤੇ ਹੋਰ ਯੂਰਪੀ ਹਿੱਤਾਂ ਦੀ ਰਖਵਾਲੀ ਲਈ ਅਮਰੀਕੀ ਜਹਾਜ਼ਾਂ ਦੀ ਵਰਤੋਂ ਕੀਤੀ ਗਈ। ਇਹ ਨਸ਼ਲਕੁਸ਼ੀ, ਜੋ ਅੱਜ ਵੀ ਜਾਰੀ ਹੈ, ਵਿੱਚ ੬੦ ਲੱਖ ਲੋਕ ਮਾਰੇ ਗਏ। ਇਰਾਨ ਦੀ ਚੁਣੀ ਹੋਈ ਸਰਕਾਰ ਦਾ ਤਖਤਾ ਉਲਟਾ ਕੇ ਡਿਕਟੇਟਰ ਰਜਾ ਸ਼ਾਹ ਪੇਹਲਵੀ ਨੂੰ ਗੱਦੀ ਉਪਰ ਬਿਠਾਇਆ ਗਿਆ। ਇਸ ਵਿੱਚ ਸੀਆਈਏ ਦੇ ਏਜੰਟ ਕਰਮਿਟ ਰੂਜ਼ਵੈਲਟ ਨੇ ਬਰਤਾਨਵੀ ਐਮ ੧੬ ਦੀ ਮੱਦਦ ਵੀ ਲਈ। ਸ਼ਾਹ ਇਰਾਨ ਨੇ ਅਮਰੀਕੀ ਮੱਦਦ ਨਾਲ ਇੱਕ ਖੂਫੀਆ ਪੁਲਸ ਤਿਆਰ ਕੀਤੀ ਜਿਸ ਨੇ ਇਰਾਨੀ ਲੋਕਾਂ ਉਪਰ ਅਥਾਹ ਤਸ਼ਦੱਤ ਕੀਤੇ ਅਤੇ



ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਦੁਨੀਆਂ ਦੇ ਇਤਿਹਾਸ ਵਿੱਚ ਸੱਭ ਤੋਂ ਵੱਧ ਬੰਬਾਰੀ ਨਿੱਕੇ ਜਿਹੇ ਦੇਸ਼ ਲਾਊਸ ਉਪਰ ਇਸੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਹੋਈ ਹੈ। ਆਈਜਨਹਾਵਰ ਦੁਆਰਾ ਕਿਊਬਾ ਉਪਰ ਕਬਜ਼ੇ ਲਈ ਬਣਾਈ ਗਈ ਯੋਜਨਾ ਉਪਰ ਰਾਸ਼ਟਰਪਤੀ ਕਨੇਡੀ ਨੇ ਅਮਲ ਕੀਤਾ ਜਿਸ ਵਿੱਚ ਕਿਊਬਾ ਦੇ ੯੦੦ ਲੋਕ ਮਾਰੇ ਗਏ।ਆਈਜਨਹਾਵਰ ਵੱਲੋਂ ਵੀਅਤਨਾਮ ਦੀ ਪੱਕੀ ਵੰਡ ਕਰਨ ਨਾਲ ਵੀਅਤਨਾਮੀ ਲੋਕਾਂ ਉਪਰ ਅਥਾਹ ਮਸ਼ੀਬਤਾਂ ਟੁੱਟ ਪਈਆਂ। ਵੀਅਤਨਾਮੀਆਂ ਵੱਲੋਂ ਫਰਾਂਸੀਸੀ ਬਸਤੀਵਾਦੀਆਂ ਨੂੰ ਹਰਾਉਣ ਮਗਰੋਂ ਹੋਣ ਵਾਲੀਆਂ ਚੋਣਾਂ ਨਹੀਂ ਹੋਣ ਦਿੱਤੀਆਂ । ਰਾਸ਼ਟਰਪਤੀ ਨੇ ਆਪਣੇ ਕਾਰਜਕਾਲ ਦੇ ਆਖਰੀ ਦਿਨਾਂ ਵਿੱਚ ਮੰਨਿਆ ਸੀ ਕਿ ਉਸਨੇ ਅਜਿਹਾ ਫੌਜੀ ਸਨਅਤੀ ਗੱਠਜੋੜ ਦੇ ਦਬਾਅ ਹੇਠ ਕੀਤਾ ਸੀ।

ਜੋਹਨ ਕਨੇਡੀ: ਜਾਬਰ ਅਤੇ ਕਾਤਲ ਮੋਬੂਟੂ ਨੂੰ ਕਾਗੋਂ ਦੀ ਸੱਤਾ ਸੰਭਾਲਣ ਵਿੱਚ ਮੱਦਦ ਕੀਤੀ। ਇਹ ਖੂਨੀ ਰਾਜ ਕਈ ਦਹਾਕੇ ਕਾਇਮ ਰਿਹਾ। ਕਨੇਡੀ ਨੇ ਵੀਅਤਨਾਮ ਵਿੱਚ ਫੌਜੀ ਸਲਾਹਕਾਰ ਭੇਜੇ, ਦੱਖਣੀ ਵੀਅਤਨਾਮ ਵਿੱਚ ਬੰਬਾਰੀ ਕੀਤੀ ਅਤੇ ਹਥਿਆਰਬੰਦ ਫੌਜਾਂ ਭੇਜੀਆਂ। ਉਸਦੀ ਕੈਬਨਿਟ ਅਤੇ ਜਰਨੈਲਾਂ ਦੀ ਸਹਿਮਤੀ ਨਾਲ ਵੀਅਤਨਾਮ ਦੇ ਅਮਰੀਕੀ ਹਿੱਤਾਂ ਲਈ ਨਿਕੰਮੇ ਸਾਬਤ ਹੋ ਰਹੇ ਜਰਨੈਲ ਡਾਈਮ ਦਾ ਕਤਲ ਕਰਕੇ ਫੌਜੀ ਰਾਜ ਸਥਾਪਤ ਕੀਤਾ ਗਿਆ। ਅਟਾਰਨੀ ਜਨਰਲ ਰੋਬਰਟ ਰਾਹੀ ਕਿਊਬਾ ਵਿੱਚ ਭੰਨਤੋੜ ਦੀਆਂ ਕਾਰਵਾਈਆ ਕਰਵਾਈਆਂ ਅਤੇ ਕਿਊਬਾ ਦੇ ਰਾਸ਼ਟਰਪਤੀ ਫੀਡਲ ਕਾਸਟਰੋ ਦਾ ਕਤਲ ਕਰਨ ਦਾ ਯਤਨ ਕੀਤਾ ਗਿਆ।

ਲਾਈਂਡੋਨ ਜੋਹਨਸਨ: ਇਸ ਰਾਸ਼ਟਰਪਤੀ ਨੇ ਲਾਊਸ, ਕੰਬੋਡੀਆ ਅਤੇ ਵੀਅਤਨਾਮ ਵਿੱਚ ਨਰਸੰਹਾਰ ਦਾ ਹੁਕਮ ਦਿੱਤਾ। ਇਸ ਤੋਂ ਵੱਧ ਕਤਲੇਆਮ ਕੇਵਲ ਦੂਸਰੇ ਵਿਸਵ ਯੁੱਧ ਵਿੱਚ ਹੀ ਹੋਇਆ ਹੈ। ਪੰਜ ਲੱਖ ਅਮਰੀਕੀ ਫੌਜੀਆਂ ਨੇ ਹਵਾਈ ਅਤੇ ਸਮੁੰਦਰੀ ਫੌਜ ਦੀ ਮੱਦਦ ਨਾਲ ਵੀਅਤਨਾਮ ਦੇ ੩੦ ਲੱਖ ਨਿਰਦੋਸ਼ ਮਰਦ, ਔਰਤਾਂ ਅਤੇ ਬੱਚਿਆਂ ਨੂੰ ਮਾਰ ਮੁਕਾਇਆ। ਨਾਜੀਆਂ ਦੇ ਮੁਕੱਦਮਿਆਂ ਦੀ ਪੈਰਵਾਈ ਕਰਨ ਵਾਲਾ ਅਮਰੀਕੀ ਪਰਾਸੀਕਿਊਟਰ ਜਨਰਲ ਟੇਲਫੋਰਡ ਟੇਲਰ ਨੇ ਸੀਬੀਐਸ ਨੂੰ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਉਹ ਬੰਬਾਰੀ ਦੌਰਾਨ ਵੀਅਤਨਾਮੀਆਂ ਵੱਲੋਂ ਫੜੇ ਗਏ ਅਮਰੀਕੀ ਹਵਾਈ ਸੈਨਾ ਦੇ ਅਧਿਕਾਰੀਆਂ ਉਪਰ ਨਿਊਰਮਵਰਗ ਦੇ ਨਮੂਨੇ ਤਹਿਤ ਮੁਕੱਦਮੇ ਚਲਾਉਣਾ ਬਿਲਕੁਲ ਹੀ ਜਾਇਜ਼ ਸਮਝਦਾ ਹੈ ਕਿਉਂਕਿ ਇਹ ਹਮਲੇ ਰਿਹਾਇਸ਼ੀ ਥਾਵਾਂ, ਹਸਪਤਾਲਾਂ ਉਪਰ ਜਾਣ ਬੁੱਝਕੇ ਕੀਤੇ ਜਾ ਰਹੇ ਸਨ। ਅਮਰੀਕੀ ਨੇਵੀ ਲੈਫਟੀਨੈਂਟ ਕਮਾਂਡਰ ਜੋਹਨ ਮੈਕਨ ਨੇ ਆਪਣੀ ਸਵੈ ਜੀਵਨੀ ਵਿੱਚ ਲਿਖਿਆ ਕਿ ਜਦੋਂ ਉਸਦੇ ਬੰਬਾਰ ਜਹਾਜ਼ ਨੂੰ ਡੇਗਿਆ ਗਿਆ ਤਾ ਉਹ ਇੱਕ ਸੰਘਣੀ ਰਹਾਇਸ਼ੀ ਇਲਾਏ 'ਚ ਸਥਿਤ ਬਿਜਲੀ ਘਰ ਉਪਰ ਬੰਬਾਰੀ ਕਰਨ ਚੱਲਿਆ ਸੀ। ਜੋਹਨਸਨ ਦੇ ਕਾਰਜਕਾਲ ਦੌਰਾਨ ਡੋਮੀਨੀਕਾ ਗਣਰਾਜ ਉਪਰ ਹਮਲਾ ਕਰਕੇ ਪਾਪੂਲਰ ਰਾਸ਼ਟਰਪਤੀ ਨੂੰ ਗੱਦੀਉਂ ਲਾਹ ਦਿੱਤਾ ਅਤੇ ਦੋ ਸਾਲ ਕਬਜ਼ਾ ਜਮਾਈ ਰੱਖਿਆ। ਇਸ ਦੌਰਾਨ ਹਜ਼ਾਰਾਂ ਲੋਕ ਮਾਰੇ ਗਏ। ਬਰਾਜ਼ੀਲੀ ਫੌਜ ਅਤੇ ਫਾਸ਼ੀਵਾਦੀਆਂ ਵੱਲੋਂ ਪਾਪੂਲਰ ਜਮਹੂਰੀ ਸਰਕਾਰ ਦਾ ਤਖਤਾ ਉਲਟਾਉਣ ਵਿੱਚ ਅਮਰੀਕਾ ਨੇ ਹਵਾਈ ਅਤੇ ਸਮੁੰਦਰੀ ਸੈਨਾ ਭੇਜ ਕੇ ਮੱਦਦ ਕੀਤੀ। ਇਸ ਸਮੇਂ ਦੌਰਾਨ ਕਮਿਊਨਿਜ਼ਮ ਦੇ ਵਿਰੋਧ ਦੇ ਨਾਮ ਹੇਠ ਇੰਡੋਨੇਸ਼ੀਆ ਦੇ ਸੁਹਾਰਤੋ ਵੱਲੋਂ ਕੀਤੇ ਕਤਲੇਆਮ ਵਿੱਚ ੫ ਲੱਖ ਲੋਕ ਮਾਰੇ ਜਾਣ ਵਿੱਚ ਸੀਆਈਏ ਨੂੰ ਆਪਰਾਧੀ ਸਿੱਧ ਕਰਨ ਦੇ ਦਸਤਾਵੇਜ਼ ਮੌਜੂਦ ਹਨ।

ਰਿਚਰਡ ਨਿਕਸਨ: ਇਸ ਦੇ ਕਾਰਜਕਾਲ ਦੌਰਾਨ ਫਰੈਂਚ ਇੰਡੋ ਚਾਈਨਾ, ਉਤਰੀ ਵੀਅਤਨਾਮ ਅਤੇ ਕੰਬੋਡੀਆ ਵਿੱਚ ਬੰਬਾਰੀ ਵਿੱਚ ਵੱਡੀ ਪੱਧਰ 'ਤੇ ਤੇਜ਼ੀ ਲ਼ਿਆਕੇ ਨਸ਼ਲਕੁਸੀ ਜਾਰੀ ਰੱਖੀ ਗਈ ਜਿਸ ਵਿੱਚ ੫ ਲੱਖ ਲੋਕਾਂ ਨੂੰ ਉਹਨਾਂ ਦੇ ਆਪਣੇ ਹੀ ਮੁਲਕ ਵਿੱਚ ਮਾਰ ਮੁਕਾਇਆ ਗਿਆ। ਇੱਕ ਟੇਪ ਵਿੱਚ ਆਪਣੇ ਚੀਫ ਆ ਸਟਾਫ ਨੂੰ ਯੁੱਧਨੀਤੀ ਦੀ ਵਿਆਖਿਆ ਕਰਦਾ ਨਿਕਸਨ ਕਹਿੰਦਾ ਹੈ ਕਿ, "ਬਾਬ, ਇਸਨੂੰ ਮੈਂ ਪਾਗਲਆਦਮੀ ਦੀ ਥਿਊਰੀ ਕਹਿੰਦਾ ਹਾਂ, ਉਤਰੀ ਵੀਅਤਨਾਮੀਆਂ ਨੂੰ ਦੱਸ ਦਿਉ ਕਿ ਯੁੱਧ ਨੂੰ ਜਿੱਤਣ ਲਈ ਮੈਂ ਸੱਭ ਹੱਦਾਂ/ ਨਿਯਮ ਤੋੜਨ ਵਾਲਾ ਹਾਂ, ਨਿਕਸਨ ਨੂੰ ਕਮਿਊਨਿਜਮ ਨਾਲ ਘੋਰ ਨਫ਼ਰਤ ਹੈ, ਨਿਕਸਨ ਦੇ ਗੁੱਸੇ ਨੂੰ ਰੋਕਣਾ ਮੁਸ਼ਕਲ ਹੈ ਅਤੇ ਉਸਦੇ ਹੱਥ ਪ੍ਰਮਾਣੂ ਬੰਬਾਂ ਉਪਰ ਹਨ"। ਇੱਕ ਹੋਰ ਟੇਪ ਵਿੱਚ ਸੈਕਟਰੀ ਆਫ ਸਟੇਟ ਨੂੰ ਨਿਕਸਨ ਕਹਿੰਦਾ ਹੈ ਕਿ ਚਿੱਲੀ ਦੀ ਆਰਥਿਕਤਾ ਦਾ ਮਲੀਆਮੇਟ ਕਰ ਦਿਉ। ੧੯੬੯ ਵਿੱਚ ਨਿਕਸਨ ਨੇ ਦੁਨੀਆਂ ਨੂੰ ਤਬਾਹ ਕਰਨ ਦੇ ਕਗਾਰ ਉਪਰ ਪਹੁੰਚਾ ਦਿੱਤਾ ਸੀ।

ਜਿਰਾਲਡ ਫੋਰਡ: ਵੀਅਤਨਾਮ ਵਿੱਚੋਂ ਅਮਰੀਕੀ ਫੌਜਾਂ ਨੂੰ ਹਟਾ ਲੈਣ ਦੇ ਬਾਵਜੂਦ ਫੌਰਡ ਦੇ ਅਮਰੀਕਨ ਫੌਜੀ ਸਲਾਹਕਾਰਾਂ ਨੇ ਵੀਅਤਕੌਂਗ ਵਿਰੁੱਧ ਲੜਨ ਦੇ ਮਸ਼ਵਰੇ ਦੇਣੇ ਜਾਰੀ ਰੱਖੇ। ਬਸਤੀਵਾਦੀ ਫਰਾਂਸੀਸੀਆਂ ਵਾਂਗ ਦੱਖਣੀ ਵੀਅਤਨਾਮ ਵਿੱਚ ਲੋਕਾਂ ਦੇ ਕਤਲੇਆਮ ਜਾਰੀ ਰੱਖਕੇ ਇੱਕ ਤਾਨਾਸ਼ਾਹ ਸਰਕਾਰ ਕਾਇਮ ਰੱਖੀ। ਕੰਬੋਡੀਆ ਵੱਲੋਂ

ਫੜੇ ਗਏ ਇੱਕ ਅਮਰੀਕੀ ਵਪਾਰਕ ਜਹਾਜ਼ ਨੂੰ ਛੱਡੇ ਜਾਣ ਦੇ ਬਾਵਜੂਦ ਫੋਰਡ ਨੇ ਹਵਾਈ ਬੰਬਾਰੀ ਕਰਵਾਈ ਜਿਸ ਵਿੱਚ ਅਨੇਕਾਂ ਕੰਬੋਡਆਈ ਅਤੇ ਜਹਾਜ਼ੀ ਅਮਲੇ ਦੇ ਲੋਕ ਮਾਰੇ ਗਏ।

ਜਿਮੀ ਕਾਰਟਰ: ਅਫਗਾਨਿਤਾਨ ਵਿੱਚ ਅਮਰੀਕੀ ਮਿੱਤਰ ਸਰਕਾਰ ਉਪਰ ਸੀਆਈਏ ਰਾਹੀ ਗੁਪਤ ਹਮਲਾ ਕਰਨ ਦਾ ਹੁਕਮ ਦਿੱਤਾ ਜਿਸ ਨਾਲ ਉਥੇ ਅਗਲੇ ੩੫ ਸਾਲ ਮੌਤ ਅਤੇ ਤਬਾਹੀ ਦਾ ਤਾਂਡਵ ਨਾਚ ਨੱਚਿਆ ਗਿਆ ਅਤੇ ਜਿਹੜਾ ਹਾਲੇ ਵੀ ਜਾਰੀ ਹੈ। ਸਮੇਂ ਦੀ ਕਾਬਲ ਸਰਕਾਰ ਔਰਤਾਂ ਦੀ ਮੁਕਤੀ ਲਈ ਸਕੂਲ ਉਸਾਰ ਰਹੀ ਸੀ ਜਿਸ ਵਿੱਚ ਲੜਕੀਆਂ ਅਤੇ ਔਰਤਾਂ ਨੂੰ ਵਿਦਿਆ ਦਿੱਤੀ ਜਾਣੀ ਸੀ। ਕਾਰਟਰ ਨੇ ਸੀਆਈਏ ਰਾਹੀਂ ਇਹਨਾ ਸਕੂਲਾਂ ਅਤੇ ਅਧਿਆਪਕਾਂ ਵਿਰੁੱਧ ਦਹਿਸ਼ਤਗਰਦੀ ਮਹਿਮ ਵਿੱਚ ਟੀਚਰਾਂ ਨੂੰ ਮਾਰਨ ਲਈ ਇਸਲਾਮਿਕ ਰੂੜੀਵਾਦੀਆਂ ਨੂੰ ਵਰਤਿਆ। ਇਸ ਵਿੱਚ ਔਰਤਾਂ ਵਿਰੋਧੀ ਜੰਗੀ ਸਰਦਾਰਾਂ ਨੂੰ ਆਰਥਿਕ, ਅਤੇ ਫੌਜੀ ਮੱਦਦ ਦਿੱਤੀ। ਇੱਕ ਜੰਗੀ ਸਰਦਾਰ ਨੇ ਔਰਤ ਉਪਰ ਤੇਜ਼ਾਬ ਸਿੱਟਕੇ ਮਸ਼ਹੂਰੀ ਖੱਟੀ। ਸੀਆਈ ਨੇ ਪਾਕਿਸਤਾਨ ਅਤੇ ਸਾਊਦੀ ਅਰਬ ਦੀਆਂ ਖੁਫੀਆ ਏਜੰਸੀਆਂ ਰਾਹੀ ਘਰੇਲੂ ਯੁੱਧ ਚਲਾਇਆ। ਡੇਵਿਡ ਰੌਕਫੈਲਰ ਦੀ ਸਲਾਹ ਨਾਲ ਕਾਰਟਰ ਆਪਣੀਆਂ ਕਾਰਵਾਈਆਂ ਨਾਲ ਇਸ ਜੰਗ ਵਿੱਚ ਸੋਵੀਅਤ ਰੂਸ ਨੂੰ ਖਿਚਣ ਲਈ ਕਾਮਯਾਬ ਹੋਇਆ। ਕਾਰਟਰ ਅਮਰੀਕਾ ਪੱਖੀ ਨਿਕਾਰਾਗੂਆ ਅਤੇ ਅਲਸਲਵਾਡੋਰ ਸਰਕਾਰਾਂ ਨੂੰ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਰੂਦ ਸਪਲਾਈ ਕਰਦਾ ਰਿਹਾ ਜਿਸਨੂੰ ਉਥੋਂ ਦੇ ਲੋਕਾਂ ਉਪਰ ਅੱਤਿਆਚਾਰ ਕਰਨ ਲਈ ਹੀ ਵਰਤਿਆ ਗਿਆ। ਹਥਿਆਰਾਂ ਅਤੇ ਬੰਬਾਰ ਜਹਾਜ਼ ਸਪਲਾਈ ਕਰਕੇ ਪੂਰਬੀ ਤਿਮੋਰ ਵਿੱਚ ਕਤਲੇਆਮ ਅਤੇ ਉਸ ਉਪਰ ਕਬਜ਼ਾ ਕਰਨ ਵਿੱਚ ਤਾਨਾਸ਼ਾਹ ਸੁਹਾਰਤੋ, ਅਤੇ ਦੱਖਣੀ ਕੋਰੀਆ ਦੇ ਕਵਾਗਜੂ ਇਲਾਕੇ ਵਿੱਚ ਜਮਹੂਰੀ ਲਹਿਰ ਨੂੰ ਕੁਚਲਣ ਲਈ ਫੌਜੀ ਡਿਕਟੇਟਰ ਚੂਨ ਦੀ ਮੱਦਦ ਕੀਤੀ ਗਈ। ਕਵਾਗਜੂ ਵਿੱਚ ਹਜ਼ਾਰਾਂ ਲੋਕਾਂ ਨੂੰ ਕਤਲ ਕਰਨ ਦੀ ਕਾਰਵਾਈ ਤਿੰਨ ਦਿਨ ਜਾਰੀ ਰਹੀ। ਕਾਰਟਰ ਪ੍ਰਸ਼ਾਸਨ ਨੇ ਜਮਹੂਰੀਅਤ ਲਈ ਸਮਝੌਤਾ ਵਾਰਤਾ ਲਈ ਸਿਟੀਜਨ ਕਮੇਟੀ ਦੀ ਅਪੀਲ ਠੁਕਰਾਕੇ ਉਲਟਾ ਫੌਜੀ ਜਰਨੈਲ ਚੂਨ ਜਿਸਨੂੰ ਪਿਛੋਂ ਲੋਕਾਂ ਨੇ ਮੌਤ ਦੀ ਸਜ਼ਾ ਦਿੱਤੀ ਸੀ, ਦੀ ਮੱਦਦ ਕੀਤੀ।

ਕਾਰਟਰ ਨੇ ਇੱਕ ਬੇਰਹਿਮ ਬਿਆਨ ਦਿੱਤਾ ਕਿ ਵੀਅਤਨਾਮ ਵਿੱਚ ਨੁਕਸਾਨ ਅਤੇ ਤਬਾਹੀ ਘਰੇਲੂ ਜੰਗ ਵਿੱਚ ਹੋਈ ਹੈ, ਇਸ ਕਰਕੇ ਵੀਅਤਨਾਮ ਕਿਸੇ ਵੀ ਸਹਾਇਤਾ ਦਾ ਹੱਕਦਾਰ ਨਹੀਂ ਹੈ। ਕਾਰਟਰ ਦੇ ਕੌਮੀ ਸੁਰੱਖਿਆ ਸਲਾਹਕਾਰ ਜਿਗਨਿਊ ਬਰੇਜਿੰਸਕੀ ਨੇ ਇਰਾਨ ਦੇ ਆਇਓਤੁਲਾ ਖੁਮੈਨੀ ਖਿਲਾਫ ਅਤੇ ਇਸ ਖਿੱਤੇ ਵਿੱਚ ਵਧਦੇ ਰੂਸੀ ਪ੍ਰਭਾਵ ਨੂੰ ਰੋਕਣ ਲਈ ਇਰਾਕ ਦੇ ਰਾਸ਼ਟਰਪਤੀ ਸੁਦਾਮ ਹੁਸੈਨ ਨੂੰ ਵਰਤਣ ਦੀ ਨੀਤੀ ਤਿਆਰ ਕੀਤੀ। ਜੇ ਦਸਤਾਵੇਜ਼ ਫਰੋਲੇ ਜਾਣ ਤਾਂ ਇਹ ਲਾਜ਼ਮੀ ਸਿੱਧ ਹੋਵੇਗਾ ਕਿ ਇਰਾਕ ਵੱਲੋਂ ਇਰਾਨ ਉਪਰ ਹਮਲੇ ਦੀ ਹਰੀ ਝੰਡੀ ਕਾਰਟਰ ਵੱਲੋਂ ਦਿੱਤੀ ਗਈ ਸੀ।

ਰੋਨਾਲਡ ਰੀਗਨ: ਗਰੈਨੇਡਾ ਇੱਕ ਛੋਟਾ ਜਿਹਾ ਟਾਪੂ ਦੇਸ਼ ਹੈ । ਇਸ ਦੀ ਕੁੱਲ ਆਬਦੀ ਇੱਕ ਲੱਖ ਹੈ। ਰੀਗਨ ਵੱਲੋਂ ਇਸ ਉਪਰ ਕਬਜ਼ੇ ਲਈ ੮੦੦੦ ਫੌਜੀਆਂ ਸਮੇਤ ਸਮੁੰਦਰੀ ਅਤੇ ਹਵਾਈ ਸੈਨਾ ਭੇਜੀ ਗਈ। ਇਸ ਕਾਰਵਾਈ ਵਿੱਚ ੯੪ ਲੋਕ ਮਾਰੇ ਗਏ ਜਿਹਨਾਂ ਵਿੱਚ ਇੱਕ ਮਾਨਸਿਕ ਰੋਗਾਂ ਦੇ ਹਸਪਤਾਲ ਵਿੱਚ ਦਾਖਲ ੧੯ ਮਰੀਜ਼ ਵੀ ਮਾਰੇ ਗਏ ਸਨ। ਕਰਨਲ ਗਦਾਫੀ ਨੂੰ ਖਤਮ ਕਰਨ ਲਈ ਲਿਬੀਆ ਉਪਰ ਮਿਜਾਈਲੀ ਹਮਲਾ ਕੀਤਾ ਗਿਆ ਜਿਸ ਵਿੱਚ ਕਰਨਲ ਗਦਾਫੀ ਦੀ ਲੜਕੀ ਮਾਰੀ ਗਈ। ਅਮਰੀਕੀ ਜੰਗੀ ਜਹਾਜ਼ਾਂ ਵੱਲੋਂ ਬੈਰੂਤ (ਲਿਬਨਾਨ) ਦੇ ਪਹਾੜੀ ਇਲਾਕਿਆਂ ਵਿੱਚ ਕੀਤੀ ਬੰਬਾਰੀ ਨਾਲ ਬੇਸ਼ੁਮਾਰ ਮਨੁੱਖੀ ਜਾਨਾਂ ਗਈਆਂ। ਕੌਮਾਂਤਰੀ ਅਦਾਲਤ ਨੇ ਨਿਕਾਰਾਗੁਆ ਵਿੱਚ ਜੰਗੀ ਅਪਰਾਧਾਂ ਲਈ ਰੀਗਨ ਪ੍ਰਸ਼ਾਸਨ ਨੂੰ ਜਿੰਮੇਵਾਰ ਠਹਿਰਾਇਆ। ਇਹ ਫੈਸਲਾ ਨਿਕਾਰਨ ਕਰਕੇ ਵੀ ਰੀਗਨ ਕੌਮਾਂਤਰੀ ਅਦਾਲਤ ਦਾ ਦੋਸ਼ੀ ਹੈ। ਰੀਗਨ ਪ੍ਰਸ਼ਾਸ਼ਨ ਵੱਲੋਂ ਤਿਆਰ ਕੀਤੇ ਗੁਰੀਲੇ, ਨਿਕਾਰਾਗੂਆ ਉਪਰ ਹਮਲਾ ਕਰਨ ਲਈ ਹੌਂਡੂਰਸ ਨੂੰ ਆਧਾਰ ਇਲਾਕੇ ਵਜੋਂ ਵਰਤਦੇ ਰਹੇ। ਮੁਕੱਦਮੇ ਸੁਨਣ ਵਾਲੇ ਜੱਜ ਨੇ ਰੀਗਨ ਦੇ ਚਹੇਤੇ ਗੁਆਟੇਮਾਲਾ ਦੇ ਡਿਕਟੇਟਰ ਰਿਊਸ ਮੌਂਟ ਨੂੰ ਦੋਸ਼ੀ ਠਹਿਰਾਉਂਦੇ ਹੋਏ ਕਿਹਾ ਕਿ ਡਿਕਟੇਟਰ ਨੂੰ ਮਨੁੱਖਤਾ ਵਿਰੁਧ ਹੋ ਰਹੀਆ ਕਾਰਵਈਆਂ ਦੀ ਪੂਰੀ ਜਾਣਕਾਰੀ ਸੀ ਜਿਹਨਾਂ ਨੂੰ ਰੋਕਣ ਦੇ ਸਮਰੱਥ ਹੋਣ ਦੇ ਬਾਵਜੂਦ ਉਸਨੇ ਕੁੱਝ ਨਹੀਂ ਕੀਤਾ। ਪਰ ਰੀਗਨ ਕੋਲ ਤਾਂ ਇਸ ਤੋਂ ਵੱਧ ਸਮਰੱਥਾ ਸੀ। ੧੯ ਮਹੀਨਿਆਂ ਦੇ ਇਸ ਖੌਫਨਾਕ ਕਤਲੇਆਮ ਦੌਰਾਨ ਰੀਗਨ ਨੇ ਗੁਆਟੇਮਾਲਾ ਸ਼ਹਿਰ ਜਾ ਕੇ ਡਿਕਟੇਟਰ ਰਿਊਸ ਮੌਂਟ ਨੂੰ ਇੱਕ ਮਹਾਨ ਅਤੇ ਸਮੱਰਪਤ ਸਖਸ਼ੀਅਤ ਕਹਿਕੇ ਉਸਦੀ ਤਾਰੀਫ ਕੀਤੀ। ਫਿਰ ਵੱਧ ਕਸੂਰਵਾਰ ਕੌਣ ਹੋਇਆ ? ਭਾਵੇਂ ਕਤਲੇਆਮ ਲਈ ਮੌਂਟ ਨੂੰ ਦੋਸ਼ੀ ਪਾਇਆ ਗਿਆ, ਪਰ ਰੀਗਨ ਦੇ ਦੋਸ਼ੀ ਹੋਣ ਦੇ ਦਸਤਾਵੇਜ਼ੀ ਸਬੂਤ ਮੌਜੂਦ ਹਨ। ਅਲਸਲਵਾਡੋਰ ਦੇ ਨੈਸ਼ਨਲ ਗਾਰਡਾਂ ਅਤੇ ਸੱਜੇ ਪੱਖੀ ਨੀਮ ਫੌਜੀ ਦਸਤਿਆਂ ਵੱਲੋਂ ੧੯੮੪ ਵਿੱਚ ੬੫੦੦੦ ਨਾਗਰਿਕਾਂ ਨੂੰ ਕਤਲ ਕਰਨ ਦੇ ਸਬੂਤ ਹੋਣ ਦੇ ਬਾਵਜੂਦ ਕੇਂਦਰੀ ਅਮਰੀਕਾ ਉਪਰ ਰੀਗਨ ਵੱਲੋਂ ਬਣਾਏ ਬਾਈਪਾਰਟੀਸਨ ਕਮਿਸ਼ਨ ਨੇ ਫੌਜੀ ਹਮਾਇਤ ਨੂੰ ਜਾਇਜ਼ ਠਜਿਰਾਇਆ। ਰੀਗਨ ਨੇ ਆਪਣੇ ਕਾਰਜ਼ਕਾਲ ਦੇ ਦੂਜੇ ਸਾਲ ਇਰਾਕ ਨੂੰ ਹਰ ਤਰਾਂ ਦੀ ਫੌਜੀ ਮੱਦਦ ਕਰਨ ਲਈ ਉਸਨੂੰ ਦਹਿਸਤਗਰਦ ਮੁਲਕਾਂ ਦੀ ਸੂਚੀ ਵਿੱਚੋਂ ਬਾਹਰ ਕੱਢ ਦਿੱਤਾ। ਫਿਰ ਇਰਾਨ ਖਿਲਾਫ ਭਿਆਨਕ ਜੰਗ ਵਿੱਚ ਸੁਦਾਮ ਹੁਸੈਨ ਦੀ ਹਰ ਤਰਾਂ ਮੱਦਦ ਕੀਤੀ ਜਿਸ ਵਿੱਚ ਵੱਖ ਵੱਖ ਢੰਗਾਂ ਨਾਲ, ਮਿਸਰ, ਜਾਰਡਨ ਅਤੇ ਸਾਉਦੀ ਅਰਬ ਰਾਹੀਂ ਸਿੱਧੇ ਅਤੇ ਅਸਿੱਧੇ ਹਥਿਆਰਾਂ ਦੀ ਸਪਲਾਈ, ਫੌਜੀ ਤਕਨੀਕ, ਆਰਥਕ ਸਹਾਇਤਾ ਅਤੇ ਇਰਾਨੀ ਫੌਜੀ ਗਤੀਵਿਧੀਆਂ ਦੀ ਸੂਹ ਆਦਿ ਸ਼ਾਮਲ ਹੈ। ਸੁਦਾਮ ਹੁਸੈਨ ਵੱਲੋਂ ਇਰਾਨੀ ਲੋਕਾਂ ਅਤੇ ਫੌਜ ਵਿਰੁਧ ਵਰਤੀ ਗਈ ਜਹਿਰੀਲੀ ਗੈਸ ਦੀ ਤਕਨੀਕ ਵੀ ਰੀਗਨ ਪ੍ਰਸ਼ਾਸ਼ਨ ਨੇ ਮਹੱਈਆ ਕਰਵਾਈ।

ਜਾਰਜ ਐਚ ਡਬਲਯੂ ਬੁਸ਼ (ਪਹਿਲਾ): ਕੁਵੈਤ ਤੋਂ ਵਾਪਸ ਮੁੜ ਰਹੀਆਂ ਇੱਕ ਲੱਖ ਇਰਾਕੀ ਫੌਜਾਂ ਦੇ ਪਿਛਿਉਂ ਹਮਲਾ ਕਰਨ ਲਈ ਬੁਸ਼ ਜੁੰਮੇਵਾਰ ਹੈ। ਇਹਨਾ ਵਿੱਚ ਬਹੁਤੇ ਰਿਫਿਊਜੀ ਸਨ। ਰੀਗਨ ਦੇ ਹੁਕਮਾਂ ਨਾਲ ਪਨਾਮਾ ਉਪਰ ਕੀਤੇ ਹਮਲੇ ਰਾਹੀਂ ਹਜ਼ਾਰਾ ਪਨਾਮਾ ਵਾਸੀ ਮਾਰੇ ਗਏ। ਸੁੰਦਰ ਅਤੇ ਅਮੀਰ ਸੱਭਿਅਤਾ ਦੇ ਸ਼ਹਿਰ ਉਪਰ ਬੰਬਾਰੀ ਕਰਕੇ ਇਸ ਨੂੰ ਇੱਕ ਸਦੀ ਪਿਛੇ ਧੱਕ ਦਿੱਤਾ। ਸ਼ਹਿਰ ਵਿੱਚ ਜਨਤਕ ਸਹੂਲਤਾਂ ਨੂੰ ਬੰਬਾਰੀ ਦਾ ਨਿਸ਼ਾਨਾ ਬਣਇਆ ਗਿਆ। ਰੀਗਨ ਹੇਠ ਉਪ ਰਾਸ਼ਟਰਪਤੀ ਵਜੋਂ ਕੰਮ ਕਰਦੇ ਬੁਸ਼ ਨੇ ਸਦਾਮ ਨੂੰ ਕਈ ਕਾਰਵਾਈਆਂ ਕਰਕੇ ਕਵੈਤ ਉਪਰ ਹਮਲਾ ਕਰਨ ਲਈ ਉਕਸਾਇਆ।ਦਹਿਸ਼ਤਗਰਦ ਹਮਲੇ ਨੂੰ ਇਸ ਖਿੱਤੇ ਵਿੱਚ ਆਪਣੀ ਚੌਧਰ ਕਾਇਮ ਕਰਨ ਅਤੇ ਇੱਕ ਨਵਾਂ ਫੌਜੀ ਸਮਤੋਲ ਸਥਾਪਤ ਕਰਨ ਲਈ ਵਰਤਿਆ। ਅਮਰੀਕੀ ਸਾਬਕਾ ਅਟਾਰਨੀ ਜਰਨਲ ਰੋਮਸੀ ਕਲਾਰਕ ਨੇ ਤਬਾਹ ਹੋਏ ਖਾੜੀ ਦੇਸ਼ਾਂ ਦੀ ੨੦੦੦ ਕਿਲੋਮੀਟਰ ਯਾਤਰਾ ਕਰਨ ਪਿਛੋਂ ਆਪਣੀ ਪੁਸਤਕ "ਫਾਇਰ ਦਿਸ ਟਾਈਮ, ਯੂਐਸ ਵਾਰ ਕਰਾਈਮ ਇਨ ਗਲਫ" ਵਿੱਚ ਅਮਰੀਕੀ ਵਿਦੇਸ਼ ਨੀਤੀ ਵੱਲੋਂ ਗਲਫ ਨੂੰ ਜੰਗ ਵੱਲ ਧੱਕਣ ਦੇ ਪੁਖਤਾ ਸਬੂਤ ਦਿੱਤੇ ਹਨ। ਇਰਾਕ ਉਪਰ ਹਮਲੇ ਨਾਲ ਮਨੁੱਖੀ ਜਾਨਾਂ, ਵਾਤਾਵਰਣ ਨੂੰ ਨੁਕਸਾਨ ਅਤੇ ਹੋਰ ਜੰਗੀ ਅਪਰਾਧਾਂ ਨੂੰ ਸਾਹਮਣੇ ਲਿਆਂਦਾ ਹੈ। ਬੁਸ਼ ਦੇ ਉਪ ਰਾਸ਼ਟਰਪਤੀ ਕਾਲ ਸਮੇਂ ਟੀਟੋ ਦੀ ਮੌਤ ਪਿਛੋਂ ਯੂਗੋਸਲਾਵੀਆ ਦੇ ਛੇ ਟੁਕੜੇ ਕਰਕੇ ਉਸਨੂੰ ਇੱਕ ਤੀਸਰੀ ਦੁਨੀਆਂ ਦਾ ਦੇਸ਼ ਬਣਾ ਦਿੱਤਾ ਗਿਆ। ਇਹ ਭਾਗ ਆਪਣੇ ਕੁਦਰਤੀ ਖਜ਼ਾਨਿਆਂ ਦੀ ਆਪ ਵਰਤੋਂ ਕਰਨ ਦੇ ਅਯੋਗ ਹੋਣ ਕਾਰਨ ਉਹ ਬਹੁ ਕੌਮੀ ਕਾਰਪੋਰੇਸ਼ਨਾਂ ਦੀ ਲੁੱਟ ਦਾ ਸ਼ਿਕਾਰ ਹੋਣ ਲਗੇ ਪਏ ਹਨ ਵਿਸ਼ੇਸ਼ ਕਰਕੇ ਖਣਿਜ ਖਜ਼ਾਨਿਆਂ ਨਾਲ ਭਰਭੂਰ ਕੋਸੋਵ। ਇਥੋਂ ਦੇ ਹੁਨਰਮੰਦ ਪੜ੍ਹੇ ਲਿਖੇ ਕਾਮਿਆਂ ਨੂੰ ਸਸਤੇ ਮਜ਼ਦੂਰਾਂ ਦੇ ਸੋਮਿਆਂ ਵਿੱਚ ਬਦਲ ਦਿੱਤਾ ਅਤੇ ਇਸ ਵਰਤਾਰੇ ਨੂੰ ਅਗਾਂਹ ਪੱਛਮੀ ਯੂਰਪ ਅਤੇ ਹੋਰ ਥਾਵਾਂ ਉਪਰ ਉਜਰਤਾਂ ਨੂੰ ਘਟਾਉਣ ਲਈ ਵਰਤਿਆ ਗਿਆ। ਇਥੋਂ ਦੀ ਪੈਟਰੋਲੀਅਮ, ਇੰਜਨੀਅਰਿੰਗ, ਖੁਦਾਈ, ਫਰਟੇਲਾਈਜ਼ਰ, ਦਵਾਈਆਂ, ਉਸਾਰੀ, ਆਟੋਮੋਬਾਈਲ ਅਤੇ ਖੇਤੀ ਸਨੱਅਤ ਨੂੰ ਬਰਬਾਦ ਕਰਕੇ ਪੱਛਮ ਦੇ ਮੁਕਾਬਲੇ ਚੋਂ ਬਾਹਰ ਕਰ ਦਿੱਤਾ। ਪੂਰਬੀ ਯੋਰਪ ਅਤੇ ਸੋਵੀਅਤ ਰੂਸ ਵਰਗੇ ਸਾਬਕਾ ਕਮਿਊਨਿਸਟ ਮੁਲਕਾਂ ਉਪਰ ਸ਼ਾਕ ਥਰਾਪੀ (ਸਦਮਾ ਸਿਧਾਂਤ) ਨੂੰ ਯੁਗੋਸਲਾਵੀਆ ਦੀਆਂ ਜਨਤਕ ਸੇਵਾਵਾਂ ਅਤੇ ਸਮਾਜਿਕ ਪ੍ਰੋਗਰਾਮ ਨੂੰ ਖਤਮ ਕਰਨ ਲਈ ਵਰਤਿਆ। ਸਮਾਜਿਕ ਉਜਰਤਾਂ ਦੀ ਥਾਂ ਆਜ਼ਾਦ ਉਦਾਰ ਬਾਜ਼ਾਰ ਬਹਾਲ ਕਰ ਦਿੱਤਾ, ਸਥਾਨਕ ਬੈਂਕਾ ਦੀ ਪਹੁੰਚ ਕੇਂਦਰੀ ਬੈਂਕ ਨਾਲੋਂ ਤੋੜ ਕੇ ਆਈ.ਐਮ.ਐਫ ਨੇ ਸਥਾਨਕ ਪੈਦਾਵਾਰੀ ਪ੍ਰਣਾਲੀ ਨੂੰ ਤੋੜਿਆ ਜਿਹੜੀ ਹਾਲੇ ਵੀ ਵਾਲ ਸਟਰੀਟ ਦੀ ਅਗਾਵਈ ਵਿੱਚ ਸੱਟਾ ਪੂੰਜੀ ਨੂੰ ਅਥਾਹ ਧਨ ਦੌਲਤ ਮਹੱਈਆ ਕਰੇਗੀ। ਬੁਸ਼ ਸੀਆਈਏ ਦਾ ਮੁੱਖੀ ਹੋਣ ਨਾਤੇ ਇਸ ਖੁਫੀਆ ਏਜੰਸੀ ਵੱਲੋਂ ਕੀਤੇ ਜੁਰਮਾਂ ਦਾ ਵੀ ਜੁੰਮੇਵਾਰ ਹੈ।

ਬਿਲ ਕਲਿੰਟਨ: ਕਲਿੰਟਨ ਵੱਲੋਂ ਬਗਦਾਦ ਉਪਰ ਕਰਵਾਈ ਗੋਲਾਬਾਰੀ ਨਾਲ ਮਾਰੇ ਗਏ ਨਿਰਦੋਸ਼ ਲੋਕਾਂ ਵਿੱਚ ਇੱਕ ਡੇਢ ਸਾਲ ਦੀ ਬੱਚੀ ਅਤੇ ਪ੍ਰਸਿੱਧ ਕਵੀ ਵੀ ਸ਼ਾਮਲ ਸੀ। ਕਲਿੰਟਨ ਨੇ ਇਹ ਹੁਕਮ ਕੁਵੈਤ ਵਿੱਚ ਬੁਸ਼ ਨੂੰ ਮਾਰਨ ਦੇ ਯਤਨ ਦੇ ਦੋਸ਼ ਵਿੱਚ ਕੀਤੀਆਂ ਗਈਆਂ ਗ੍ਰਿਫਤਾਰੀਆਂ ਤੋਂ ਬਾਅਦ ਦਿੱਤਾ। ਆਪਣੇ ਜੁਰਮ ਨੂੰ ਐਲਾਨੀਆਂ ਤੌਰ ਤੇ ਕਬੂਲ ਕਰਦੇ ਹੋਏ ਕਲਿੰਟਨ ਨੇ ਫਰਮਾਇਆ ਕਿ "ਉਸਨੇ ਨਿਰਦੋਸ਼ਾਂ ਦਾ ਘੱਟੋ ਘੱਟੋ ਨੁਕਸਾਨ ਕਰਨ ਲਈ ਸਾਵਧਾਨੀਆਂ ਵਰਤਣ ਲਈ ਨਿਰਦੇਸ਼ ਦਿੱਤੇ ਸਨ। ਸੰਘਣੀ ਵਸੋਂ ਵਾਲੇ ਬਗਦਾਦ ਸ਼ਹਿਰ ਵਿੱਚ ਕੀਤੇ ਗਏ ੨੪ ਮਿਜ਼ਾਇਲੀ ਹਮਲਿਆਂ ਨਾਲ ਕੇਵਲ ਅੱਠ ਲੋਕਾਂ ਦੇ ਮਾਰੇ ਜਾਣਾਂ ਵਰਤੀਆਂ ਗਈਆ ਸਾਵਧਾਨੀਆਂ ਦਾ ਸਬੂਤ ਹੈ। ਅਮਰੀਕੀ ਫੌਜ ਉਸਦੇ ਨਿਰਦੇਸ਼ਾਂ ਨੂੰ ਲਾਗੂ ਕਰਨ ਵਿੱਚ ਸਫ਼ਲ ਰਹੀ''। ਸੂਡਾਨ ਵਿੱਚ ਮਿਜਾਇਲੀ ਹਮਲੇ ਨਾਲ ਇੱਕ ਦਵਾਈਆਂ ਦੀ ਫੈਕਟਰੀ ਤਬਾਹ ਹੋ ਜਾਣ ਦੇ ਸਪੱਸ਼ਟੀਕਰਨ ਵਿੱਚ ਕਿਹਾ ਕਿ ਗਲਤ ਖੁਫੀਆ ਰਿਪੋਰਟ ਕਾਰਨ ਇਹ ਹਾਦਸਾ ਹੋਇਆ ਹੈ। ਸਰਬੀਆਂ ਉਪਰ ੭੯ ਦਿਨ ਦੀ ਲਗਾਤਾਰ ਬੰਬਾਰੀ ਨਾਲ ੫੦੦ ਲੋਕ ਮਾਰੇ ਗਏ। ਇਸ ਸਮੇਂ ਦੌਰਾਨ ੮੦੦੦-੯੦੦੦ ਹਵਾਈ ਹਮਲੇ ਕੀਤੇ ਗਏ। ਫੌਜੀ ਟਿਕਾਣਿਆਂ ਦੇ ਸ਼ੱਕ ਹੇਠ ਕੀਤੇ ਗਏ ਹਵਾਈ ਹਮਲਿਆਂ ਵਿੱਚ ਬਿਜਲੀ ਘਰ, ਆਵਾਜਾਈ ਅਤੇ ਸੰਚਾਰ ਦੇ ਸਾਧਨ, ਰੇਡੀਓ, ਟੀਵੀ, ਸਰਕਾਰੀ ਦਫਤਰ, ਸਕੂਲ, ਧਾਰਨਿਕ ਸਥਾਨ ਅਤੇ ਇਤਿਹਾਸਕ ਸਥਾਨ ਤਬਾਹ ਹੋਏ। ਉਤਰੀ ਅਮਰੀਕਾ ਮੁਕਤ ਵਪਾਰ ਸੰਘ (ਨਾਫਟਾ) ਨਾਲ ਆਰਥਕ ਲਾਹੇ ਲਈ ਲਤੀਨੀ ਅਮਰੀਕਾ ਅਤੇ ਅਮਰੀਕੀ ਕਾਮਿਆਂ ਨੂੰ ਗਰੀਬੀ ਵੱਲ ਧੱਕਣਾ, ਹੈਤੀ ਨੂੰ ਭੁੱਖਮਰੀ ਦਾ ਸ਼ਿਕਾਰ ਬਣਾਉਣਾ, ਸੀਆਈਏ ਦੀ ਕਮਾਨ ਹੇਠ ਅੱਧੀ ਸਦੀ ਤੋਂ ਅਮਨ ਚੈਨ ਨਾਲ ਵਸਦੇ ਯੂਗੋਸਲਾਵੀਆ ਨੂੰ ਤੋੜਨਾ, ਦੂਸਰੇ ਮੁਲਕਾਂ ਦਾ ਨੁਕਸਾਨ ਕਰਦੀਆਂ ਕਾਰਵਾਈਆਂ ਮਨੁੱਖਤਾ ਵਿਰੁੱਧ ਜੁਰਮਾਂ ਦੇ ਦਾਇਰੇ ਵਿੱਚ ਗਿਣਨਯੋਗ ਹਨ।

ਜ਼ਾਰਜ ਬੁਸ਼ (ਦੂਜਾ): ਬੁਸ਼ ਨੇ ਮਨੁੱਖੀ ਸੱਭਿਅਤਾ ਦੇ ਪੁਰਾਣੇ ਕੇਂਦਰ ਇਰਾਕ ਉਪਰ ਵਿਆਪਕ ਤਬਾਹੀ ਦੇ ਹਥਿਆਰ ਰੱਖਣ ਦਾ ਝੂਠਾ ਦੋਸ਼ ਲਾਕੇ ਵੱਡੀ ਪੱਧਰ ਤੇ ਤਬਾਹਕੁੰਨ ਬੰਬਾਰੀ ਕਰਕੇ ਕਬਜ਼ਾ ਕੀਤਾ। ਅਜਿਹਾ ਕਰਨ ਸਮੇਂ ਉਸਨੇ ਬਸਤੀਵਾਦੀਆਂ ਦੀ ਹੱਥਠੋਕਾ ਸਕਿਉਰਟੀ ਕੌਂਸ਼ਲ ਤੋਂ ਮਨਜ਼ੂਰੀ ਲੈਣ ਦੀ ਲੋੜ ਵੀ ਨਹੀਂ ਸਮਝੀ ਅਤੇ ਨਾਹੀ ਨਿਊਰਮਬਰਗ ਦੇ ਸਿਧਾਂਤਾਂ ਅਨੁਸਾਰ ਸਜ਼ਾ ਯੋਗ ਜੁਰਮ ਕਰਨ ਦੀ ਪ੍ਰਵਾਹ ਕੀਤੀ। ਇਸ ਸਮੇਂ ਸੀਆਈਏ ਰਾਹੀਂ ਹੈਤੀ ਉਪਰ ਹਮਲਾ ਕਰਵਾ ਕੇ ਉਥੋਂ ਦੇ ਹਰਮਨ ਪਿਆਰੇ ਰਾਸ਼ਟਰਪਤੀ ਨੂੰ ਅਗਵਾ ਕਰਕੇ ਬੰਦੀ ਬਣਾ ਲਿਆ। ਇਸ ਨਾਲ ਹਜ਼ਾਰਾਂ ਮਨੁੱਖੀ ਜਾਨਾਂ ਗਈਆਂ। ੯/੧੧ ਹਮਲਿਆਂ ਦੇ ਕਥਿਤ ਦੋਸ਼ੀ ਉਸਾਮਾ ਬਿਨ ਲਦੇਨ ਨੂੰ ਅਫਗਾਨਿਤਾਨ ਵਿੱਚੋਂ ਲਿਆ ਕੇ ਮੁੱਕਦਮਾ ਚਲਾਉਣ ਲਈ ਦੋ ਪਾਕਿਸਤਾਨੀ ਇਸਲਾਮਿਕ ਪਾਰਟੀਆਂ ਨੇ ਤਾਲਿਬਾਨਾਂ ਨਾਲ ਗਲਬਾਤ ਦਾ ਪ੍ਰਸਤਾਵ ਰੱਖਿਆ ਜਿਸਨੂੰ ਬੁਸ਼ ਨੇ ਨਾ-ਮਨਜ਼ੂਰ ਕਰ ਦਿੱਤਾ। ਅਫਗਾਨਿਤਾਨ ਉਪਰ ਬੰਬਾਰੀ, ਦਖਲ ਅੰਦਾਜ਼ੀ, ਕਬਜ਼ੇ ਅਤੇ ਰਾਜ ਕਰਨ ਲਈ ਇਸ ਝੂਠ ਦਾ ਸਹਾਰਾ ਲਿਆ ਕਿ ਅਫਗਾਨੀਆਂ ਦੀ ਸਾਉਦੀ ਅਰਬ ਨਾਲ ਗੰਢਤੁਪ ਹੈ ਜਿਸਨੇ ਹਮਲਾਵਰਾਂ ਨੂੰ ਸਿਖਲਾਈ ਮਹੱਈਆ ਕਰਵਾਈ। ਉਸਾਮਾ ਬਿਨ ਲਾਦੇਨ ਸਮੇਤ ਹੋਰ ਸਾਉਦੀ ਅਰਬ ਲੜਾਕਿਆਂ ਨੂੰ ਅਮਰੀਕੀ ਨੇ ਹੀ ਟਰੇਨਿੰਗ ਦੇ ਕੇ ਅਫਗਾਨਿਸਤਾਨ ਭੇਜਿਆ ਸੀ ਅਤੇ ਉਹਨਾਂ ਦੀ ਮਾਲੀ ਮੱਦਦ ਵੀ ਅਮਰੀਕਾ ਹੀ ਕਰ ਰਿਹਾ ਸੀ। ਬੁਸ਼ ਲੱਖਾਂ ਅਫਗਾਨੀਆਂ ਦੇ ਕਤਲ ਦਾ ਦੋਸ਼ੀ ਹੈ। ਉਸਨੇ ਅਮਰੀਕੀ ਕਾਰਪੋਰੇਟਾਂ ਦੁਆਰਾ ਅਫਗਾਨਿਸਤਾਨ ਦੇ ਕੁਦਰਤੀ ਖਜ਼ਾਨਿਆਂ ਦੀ ਲੁੱਟ ਕਰਾਉਣ, ਕਬਜ਼ੇ ਹੇਠ ਅਫਗਾਨਿਸਤਾਨ ਵਿੱਚ ਨਕਲੀ ਚੋਣਾਂ ਕਰਵਾਕੇ ਤਾਲਿਬਾਨਾਂ ਵੱਲੋਂ ਰੂਸ ਪੱਖੀ ਸਰਕਾਰ ਨੂੰ ਡੇਗਣ ਤੋਂ ਬਾਅਦ ਦੋ ਸਾਲ ਪਹਿਲਾਂ ਹੀ ਹਰਾਏ ਜੰਗੀ ਸਰਦਾਰ(ਅਮਰੀਕੀ ਸਹਾਇਤਾ ਪ੍ਰਾਪਤ) ਨੂੰ ਗੱਦੀ ਉਪਰ ਬਿਠਾਇਆ। ਇਸ ਤਰਾਂ ਇੱਕ ਡਰੱਗ ਸਰਦਾਰ ਦੁਆਰਾ ਨਿਵੇਸ਼ ਤੇ ਟਿਕੇ ਪ੍ਰਸ਼ਾਸ਼ਨ ਨੂੰ ਬਚਾਇਆ।

ਬਰਾਕ ਉਬਾਮਾ: ਉਬਾਮਾ ਨੇ ਸੀਆਈਏ ਨੂੰ ਫੰਡ ਜਾਰੀ ਕਰਕੇ ਲਿਬੀਆ ਦੀਆ ਸੁਰੱਖਿਆ ਤਾਕਤਾਂ ਦੀ ਤਬਾਹੀ ਦਾ ਹੁਕਮ ਦਿੱਤਾ। ਸੀਆਈਏ ਨੇ ਆਪਣੀ ਯੂਰਪ ਅਤੇ ਮੱਧਪੂਰਬ ਨੈੱਟਵਰਕ ਨਾਲ ਸਥਾਪਤ ਰਾਜ ਨੂੰ ਖਤਮ ਕਰਨ ਲਈ ਭਾੜੇ ਦੇ ਦਹਿਸ਼ਤਗਰਦਾਂ ਰਾਹੀ ਨਕਲੀ ਬਗਾਵਤ ਕਰਵਾਈ। ਇਥੋਂ ਦਾ ਜੀਵਨ ਪੱਧਰ ਨੂੰ ਵਿਸ਼ਵ ਪੱਧਰੀ ਜੀਵਨ ਮਿਆਰਾਂ ਦੇ ਹਿਸਾਬ ਨਾਲ ੫੩ਵਾਂ ਸਥਾਨ ਹਾਸਲ ਸੀ।ਬਰਤਾਨਵੀ ਅਤੇ ਫਰਾਸੀਸੀ ਬਸਤੀਵਾਦੀਆਂ ਨੇ ਉਬਾਮਾਂ ਦੇ ਇਸ ਝੂਠ ਦਾ ਸਾਥ ਦਿੱਤਾ ਕਿ ਲਿਬੀਆ ਦੇ ਲੋਕ ੪੦ ਸਾਲ ਤੋਂ ਗਦਾਫੀ ਹੇਠ ਤਰਾਹ ਰਹੇ ਸਨ। ਉਬਾਮਾ ਪਿਛਲੇ ਦੋ ਸਾਲਾਂ ਤੋਂ ਸੀਆਈਏ ਅਤੇ ਦਰਜ਼ਨ ਹੋਰ ਖੁਫੀਆ ਏਜੰਸੀਆਂ ਰਾਹੀਂ ਸੀਰੀਆ ਵਿੱਚ ਸੱਤਾ ਬਦਲੀ ਲਈ ਯਤਨ ਕਰ ਰਿਹਾ ਹੈ। ਉਹ ਅਫਗਾਨਿਸਤਾਨ, ਪਾਕਿਸਤਾਨ, ਯਮਨ, ਸੋਮਾਲੀਆ ਅਤੇ ਲਿਬੀਆ ਵਿੱਚ ਖੁਦ ਐਲਾਨੇ ਦਹਿਸ਼ਤਗਰਦਾਂ ਨੂੰ ਡਰੋਨ ਹਮਲਿਆਂ ਰਾਹੀ ਮਾਰਨ ਦਾ ਦੋਸ਼ੀ ਹੈ। ਪ੍ਰਧਾਨਗੀ ਦੀ ਚੋਣ ਸਮੇਂ ਕੌਮਾਂਤਰੀ ਨਿਯਮਾਂ, ਅਮਰੀਕੀ ਸੰਵਿਧਾਨ ਅਤੇ ਨਿਊਰਮਵਰਗ ਦੇ ਸਿਧਾਤ ਉਪਰ ਚਰਚਾ ਸਮੇਂ ਉਬਾਮਾ ਨੇ ਹੱਥ ਖੜ੍ਹਾ ਕਰਕੇ ਕਿਹਾ ਕਿ "ਉਹ ਆਪਣੇ ਦੁਸ਼ਮਣ ਦਾ ਸਫਾਇਆ ਕਰਨ ਲਈ ਡਰੋਨ/ਮਿਜ਼ਾਇਲ ਹਮਲੇ ਦਾ ਹੁਕਮ ਦੇਵੇਗਾ ਭਾਵੇਂ ਉਸ ਨੂੰ ਇਸ ਹਮਲੇ ਵਿੱਚ ਨਿਰਦੋਸ਼ ਲੋਕਾਂ ਦੇ ਮਾਰੇ ਜਾਣ ਦੀ ਜਾਣਕਾਰੀ ਵੀ ਹੋਵੇ" ਇਥੇ ਇਹ ਕਹਿਣ ਦੀ ਜਰੂਰਤ ਨਹੀਂ ਕਿ ਅਮਰੀਕੀ ਰਾਸ਼ਟਰਪਤੀ ਸਮੇਤ ਦੁਨੀਆਂ ਦੇ ਕਿਸੇ ਵੀ ਵਿਅਕਤੀ ਨੂੰ ਕਿਸੇ ਨੂੰ ਮਾਰਨ ਦਾ ਹੱਕ ਹਾਸਲ ਨਹੀਂ ਹੈ ਭਾਵੇਂ ਮਾਰੇ ਜਾਣ ਵਾਲਾ ਵਿਅਕਤੀ ਅਮਰੀਕਾ ਨੂੰ ਨੁਕਸਾਨ ਕਰਨ ਵਾਲਾ ਵੀ ਕਿਉਂ ਨਾ ਹੋਵੇ। ਉਬਾਮਾ ਦਾ ਹੱਥ ਹਰਇੱਕ ਦੀ ਮੌਤ ਲਈ ਖੜ੍ਹਾ ਹੈ ਭਾਵੇਂ ਉਸ ਉਪਰ ਕਿਸੇ ਵੀ ਜੁਰਮ ਦਾ ਦੋਸ਼ ਨਾ ਹੋਵੇ। ਉਸ ਵੱਲੋਂ ਇਰਾਨ, ਕੋਰੀਆ ਅਤੇ ਸੀਰੀਆ ਉਪਰ ਪ੍ਰਮਾਣੂ ਹਮਲਿਆਂ ਦੀ ਧਮਕੀਆਂ ਅਮਨ ਵਿਰੁੱਧ ਜੁਰਮਾਂ ਦੀ ਲੜੀ ਦਾ ਅਟੁੱਟ ਹਿੱਸਾ ਹਨ।

ਅਮਰੀਕਾ ਦੇ ਬਹੁਤੇ ਰਾਸ਼ਟਰਪਤੀਆਂ ਨੇ ਉਤਰੀ ਕੋਰੀਆ, ਕਿਊਬਾ, ਇਰਾਕ, ਇਰਾਨ ਉਪਰ ਮੁਜ਼ਰਮਾਨਾਂ ਅਤੇ ਜੀਵਨ ਮਾਰੂ ਬੰਦਸ਼ਾਂ ਲਾਈਆਂ। ਅਮਰੀਕੀ ਵਿਦੇਸ਼ ਨੀਤੀ ਦੇ ਇੱਕ ਜਾਂ ਦੂਜੇ ਨਿਰਦੇਸ਼ ਨੇ ਪਹਿਲਾਂ ਠੰਡੀ ਜੰਗ ਸਮੇਂ ਅਤੇ ਫੇਰ ਜੰਗੀ ਸਰਦਾਰ ਦੀ ਹਮਾਇਤ ਲਈ ਲਗਾਤਾਰ ਫੌਜੀ ਦਖਲ ਨਾਲ ਸੋਮਾਲੀਆ ਭੁੱਖਮਰੀ ਦਾ ਸ਼ਿਕਾਰ ਹੋਇਆ ਹੈ। ਇਹ ਜੰਗੀ ਅਪਰਾਧ ਨਹੀਂ ਕਿਉਂਕਿ ਜੰਗ ਐਲਾਨੀ ਹੀ ਨਹੀਂ ਗਈ । ਅਮਰੀਕੀ ਕਾਨੂੰਨ ਅਨੁਸਾਰ ਕੋਰੀਆ ਅਤੇ ਹੋਰ ਮਨੁੱਖਤਾ ਦੇ ਨਾਮ ਉਪਰ ਹੋਰ ਦਖਲ ਅੰਦਾਜ਼ੀਆਂ ਅਤੇ ਪੁਲਸੀ ਕਾਰਵਾਈਆਂ ਵਿੱਚ ਅਮਰੀਕੀ ਫੌਜ ਦੀ ਵਰਤੋਂ ਗੈਰਕਾਨੂੰਨੀ ਹੈ। ਮਾਰਟਨ ਲੂਥਰ ਕਿੰਗ ਅਨੁਸਾਰ ੧੯੪੫ ਤੋਂ ਹੀ ਤਿੰਨੇ ਮਹਾਂਦੀਪਾਂ ਉਪਰ ਅਮਰੀਕੀ ਜੰਗੀ ਕਾਰਵਈਆਂ ਅਤੇ ਨਸ਼ਲਕੁਸੀਆਂ ਅਮਰੀਕੀ ਲੋਟੂ ਨਿਵੇਸ਼ ਦੀ ਹਿਫ਼ਾਜਤ ਲਈ ਕੀਤੀਆਂ ਗਈਆਂ ਹਨ।

ਸਾਬਕਾ ਅਮਰੀਕੀ ਅਟਾਰਨੀ ਜਨਰਲ ਅਨੁਸਾਰ ਦੂਸਰੇ ਵਿਸਵ ਯੁੱਧ ਦੌਰਾਨ ਨਾਜੀਆਂ, ਜਾਪਾਨੀਆਂ ਅਤੇ ਹੋਰ ਫਾਸ਼ੀਵਾਦੀਆਂ ਵੱਲੋਂ ਢਾਹੇ ਗਏ ਮਨੁੱਖਤਾ ਉਪਰ ਜ਼ੁਲਮਾਂ ਤੋਂ ਬਾਅਦ ਸਾਰੇ ਅਮਰੀਕੀ ਰਾਸ਼ਟਰਪਤੀਆਂ ਨੇ ਮਨੁੱਖਤਾ ਉਪਰ ਸੱਭ ਤੋਂ ਵੱਧ ਜ਼ੁਲਮ ਕੀਤੇ ਹਨ। ਦੂਸਰੇ ਸਾਮਰਾਜੀ ਮੁਲਕ ਸਮੇਂ ਸਮੇਂ ਅਮਰੀਕਾ ਦੇ ਜੋਟੀਦਾਰਾਂ ਵਜੋਂ ਅਤੇ ਭਾਰਤ (ਵਿਸ਼ੇਸ਼ ਕਰਕੇ ਜੰਮੂ ਕਸ਼ਮੀਰ, ਉਤਰੀਪੂਰਬੀ ਰਾਜਾਂ, ਤਿਲੰਗਾਨਾਂ ਅਤੇ ਕੇਂਦਰੀ ਕਬਾਇਲੀ ਇਲਾਕਿਆਂ ਵਿੱਚ) ਸਮੇਤ ਤੀਸਰੀ ਦੁਨੀਆਂ ਹਾਕਮ ਵੀ ਆਪਣੇ ਆਪਣੇ ਮੁਲਕਾਂ ਵਿੱਚ ਇਹਨਾਂ ਨਿਯਮਾਂ ਤਹਿਤ ਜੁਰਮਾਂ ਲਈ ਦੋਸ਼ੀਆਂ ਦੇ ਕਟਿਹਰੇ ਵਿੱਚ ਆਉਂਦੇ ਹਨ। ਦੋਸ਼ੀਆਂ ਉਪਰ ਮਕੱਦਮਿਆਂ ਰਾਹੀਂ ਸਜ਼ਾਵਾਂ ਦੇ ਕੇ ਕਤਲੇਆਮ, ਜਖ਼ਮਾਂ, ਜਾਇਦਾਦ ਦੀ ਤਬਾਹੀ ਅਤੇ ਕੁਦਰਤੀ ਖਜਾਨਿਆਂ ਦੀ ਹੋਈ ਲੁੱਟ ਦੀ ਪੂਰਤੀ ਲਈ ਮੁਅਵਜ਼ੇ ਦੇ ਕੁੱਝ ਕੁ ਇਨਸਾਫ ਕੀਤਾ ਜਾ ਸਕਦਾ ਹੈ।

# ਚੋਣਾਂ ਦੇ ਮੌਸਮ 'ਚ ਉਤੇਜਿਤ ਹੋਇਆ ਆਮ ਆਦਮੀ

**ਸਵਰਨ ਸਿੰਘ ਭੰਗੂ**




ਸਮੁੱਚੇ ਦੇਸ਼ ਦੇ ਜਾਗਰੂਕ ਅਤੇ ਇਨਸਾਫ-ਪਸੰਦ ਲੋਕਾਂ ਦੇ ਮਨ-ਮਸਤਕ ਵਿਚ ਇਕੋ ਸਵਾਲ ਮਚਲ ਰਿਹਾ ਹੋਵੇਗਾ ਕਿ ਅਗਲੀ ਕੇਂਦਰੀ ਸਰਕਾਰ ਕਿਹੋ ਜਿਹੀ ਹੋਵੇਗੀ? ਇਕ ਤੌਖਲਾ ਵੀ ਹੋਵੇਗਾ ਕਿ ਕਿਤੇ ਇਸ ਵਾਰ ਵੀ ਪਹਿਲਾਂ ਦੀ ਤਰ੍ਹਾਂ ਭਾਰਤੀ 'ਵੋਟਰ' ਬੁਰੀ ਤਰ੍ਹਾਂ ਨਾ ਹਾਰ ਜਾਣ। ਇੱਕ ਕਾਮਨਾ ਵੀ ਹੋਵੇਗੀ ਕਿ ਬਣਨ ਵਾਲੀ ਸਰਕਾਰ ਜਨ-ਸਧਾਰਨ ਦੀਆਂ ਬੁਨਿਆਦੀ ਲੋੜਾਂ ਅਤੇ ਸਮਾਜਿਕ-ਸੁਰੱਖਿਆ ਦੀ ਜਾਮਨੀ ਕਰੇ। ਬਿਨ੍ਹਾਂ ਸ਼ੱਕ, ਨੇਕ ਲੋਕਾਂ ਦੀ ਇਸ ਕਾਮਨਾ ਵਿਚ ਸਰਬੱਤ ਦਾ ਭਲਾ ਹੈ ਪਰ ਕਾਮਨਾ ਦੇ ਇਸ ਨਿਰਮਲ-ਨੀਰ ਵਿਚ ਜਦੋਂ ਜ਼ਮੀਨੀ ਹਕੀਕਤਾਂ ਦੀ ਰਮਾਇਣ ਘੁਲਦੀ ਹੈ ਤਾਂ ਸਭ ਕੁੱਝ ਫੁੱਟੀ ਫੁੱਟੀ ਹੋਇਆ ਤੇ ਹੋ ਰਿਹਾ ਨਜ਼ਰ ਆਉਂਦਾ ਹੈ।

ਮੰਦਭਾਗੀਆਂ ਖ਼ਬਰਾਂ ਸਵੇਰੇ ਹੀ ਚਿੱਤ ਦਾ ਚੈਨ ਉਡਾ ਦਿੰਦੀਆਂ ਹਨ। ਕਿਧਰੇ ਜੀਵਨ ਹਾਦਸਿਆਂ ਕਾਰਨ ਦਮ ਤੋੜ ਰਿਹਾ ਹੁੰਦਾ ਹੈ, ਕਿਧਰੇ ਹਰ ਉਮਰ-ਵਰਗ ਦੀਆਂ ਔਰਤਾਂ ਨਾਲ ਬਦਤਮੀਜ਼ੀਆਂ ਹੁੰਦੀਆਂ ਹਨ, ਕਿਧਰੇ ਬੰਬ-ਧਮਕੇ ਕੇ ਜੀਵਨ ਖੋਹ ਰਹੇ ਹੁੰਦੇ ਹਨ, ਕਿਧਰੇ ਉਧਾਲੇ ਹਨ, ਕਿਧਰੇ ਬੇ-ਰੁਜ਼ਗਾਰਾਂ ਅਤੇ ਕਿਧਰੇ ਬਾ-ਰੁਜ਼ਗਾਰਾਂ ਵੱਲੋਂ ਸੜਕਾਂ 'ਤੇ ਆਉਣ ਦੀਆਂ ਖ਼ਬਰਾਂ ਹੁੰਦੀਆਂ ਹਨ, ਕਿਧਰੇ ਵੱਡੇ ਪੱਧਰ 'ਤੇ ਹੋ ਰਹੇ ਬਰੇਨ-ਡਰੇਨ ਦੀਆਂ ਖ਼ਬਰਾਂ ਹਨ, ਮਾਯੂਸੀ ਵਿਚੋਂ ਉਭਰੀਆਂ ਖੁਦਕਸ਼ੀਆਂ ਹਨ, ਕਿਧਰੇ ਬਣ ਰਹੇ ਗਲਿਆਰਿਆਂ ਲਈ ਗੈਰ-ਕਾਨੂੰਨੀ ਮਾਈਨਿੰਗ ਹੈ, ਕਿਧਰੇ ਲੋੜੀਂਦੇ ਰੇਤ ਨੂੰ ਤਰਸਦੇ ਸਧਾਰਨ ਲੋਕ ਹਨ, ਕਿਧਰੇ ਨਸ਼ਿਆਂ ਵਿਚ ਜਵਾਨੀ ਦਮ ਤੋੜ ਰਹੀ ਹੈ, ਕਿਧਰੇ ਨਸ਼ਾ-ਮਾਫੀਆ ਹੈ, ਜੱਗ-ਜਾਹਿਰ ਹੋਏ ਨਸ਼ਿਆਂ ਦੇ ਅੰਬਾਰ ਹਨ, ਵਿਭਾਗੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਸਿਖਰ 'ਤੇ ਹੈ, ਅਨਪੜ੍ਹਤਾ ਤੇ ਅਗਿਆਨਤਾ ਕਾਰਨ ਆਬਾਦੀ ਵਿਚ ਹੋ ਰਿਹਾ ਫਿਸਫੋਟ ਹੈ, ਅੰਧ-ਵਿਸ਼ਵਾਸ਼ ਦਾ ਬੋਲ-ਬਾਲਾ ਹੈ, ਸਾਰਥਕ ਸਿੱਖਿਆ ਦੀ ਅਣਹੋਂਦ ਕਾਰਨ ਘਰਾਂ/ਪਰਿਵਾਰਾਂ ਦੇ ਵਧਦੇ ਕਲੇਸ਼ ਹਨ, ਸਰਕਾਰੀ ਸਿਹਤ-ਸਹੂਲਤਾਂ ਹਾਸ਼ੀਏ 'ਤੇ ਹਨ, ਠੇਕਿਆਂ ਦੀ ਵਧਦੀ ਭਰਮਾਰ ਹੈ, ਬਿਮਾਰ ਸਮਾਜ ਦੇ ਚਿੰਨ ਵਜੋਂ ਅਦਾਲਤਾਂ ਵਿਚ ਵਧਦੀ ਲੋਕਾਂ ਤੇ ਵਕੀਲਾਂ ਦੀ ਭੀੜ ਆਦਿ ਆਦਿ ਆਦਿ ਹੈ।

ਕਿੰਨਾ ਚੰਗਾ ਹੋਵੇ ਦੇਸ਼ ਪ੍ਰਤੀ ਆਪਣੀ ਸੱਚੀ ਜ਼ਿੰਮੇਵਾਰੀ ਨਿਭਾਉਂਦਿਆਂ ਅਸੀਂ ਇਹ ਸੋਚਣਾ ਸ਼ੁਰੂ ਕਰੀਏ ਕਿ ਉਹ ਕਿਹੜੇ ਕਾਰਨ ਹਨ ਜਿਹੜੇ ਸਾਡੇ ਦੇਸ਼ ਵਿਚ ਪੈਦਾ ਹੋ ਰਹੀਆਂ ਮੰਦਭਾਗੀਆਂ ਖ਼ਬਰਾਂ ਲਈ ਜ਼ਿੰਮੇਵਾਰ ਹਨ? ਵਿਦੇਸ਼ਾਂ ਦੀ ਤਰਜ 'ਤੇ ਸਾਡੇ ਦੇਸ਼ ਦਾ ਵਿਕਾਸ ਕਿਉਂ ਨੀ ਹੋ ਸਕਿਆ?


ਹਾਲ ਹੀ ਵਿਚ ਦੇਸ਼ ਭਰ ਵਿਚ ਬਾਹੂ-ਬਲੀ ਅਤੇ ਧਨਾਢ ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰੀਆਂ ਹਨ। ਇਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਉਮੀਦਵਾਰ ਹਨ ਜਿਨ੍ਹਾਂ ਕੋਲ ਬੇਵਸੀ ਵਸ ਦੱਸੀ, ਚੱਲ/ਅਚੱਲ ਜਾਇਦਾਦ ਹੀ ਕਰੋੜਾਂ ਤੋਂ ਵਧ ਕੇ ਅਰਬਾਂ ਤੱਕ ਦੀ ਹੈ, ਖ਼ਬਰਾਂ ਵਿਚ ਤਾਂ ਇਹ ਵੀ ਨੋਟ ਹੋਇਆ ਹੈ ਕਿ ਇਨ੍ਹਾਂ ਦਾ ਧਨ ਕੌੜੀ ਵੇਲ ਵਾਂਗੂ ਵਧ ਰਿਹਾ ਹੈ। ਇਹ ਤਾਂ ਉਹ ਲੋਕ ਹਨ ਜਿਹੜੇ ਸਾਡੇ ਸਾਹਮਣੇ ਆ ਗਏ ਹਨ, ਸਾਡੇ ਦੇਸ਼ ਵਿਚ ਅਜਿਹੇ ਧਨਾਢਾਂ ਦਾ ਵੱਡਾ ਸਮੂਹ ਹੈ। ਇਨ੍ਹਾਂ ਦੇ ਧਨ ਵਿਚ ਹੋ ਰਹੇ ਬੇਥਾਹ ਵਾਧੇ ਕਾਰਨ ਹੀ ਦੇਸ਼ ਦਾ ਵੱਡਾ ਜਨ-ਸਮੂਹ ਕੰਗਾਲ ਹੀ ਨਹੀਂ ਹੋ ਰਿਹਾ ਹੈ ਸਗੋਂ ਕੁੱਲੀ, ਗੁੱਲੀ, ਜੁੱਲੀ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਸੱਖਣਾ ਉਹ ਜ਼ਿੰਦਗੀ ਦੀ ਧਾਰਾ ਵਿਚੋਂ ਹੀ ਨਿੱਕਲਦਾ ਜਾ ਰਿਹਾ ਹੈ। ਇਕ ਪਾਸੇ ਇਹ ਧਨ-ਕੁਬੇਰ ਹਨ ਦੂਜੇ ਪਾਸੇ ਗਰੀਬ ਬਸਤੀਆਂ ਦੇ ਲੋਕ ਅਜਿਹੀਆਂ ਥਾਵਾਂ 'ਤੇ ਰਹਿ ਰਹੇ ਹਨ ਜਿਥੇ ਪਸ਼ੂ-ਪੰਛੀ ਵੀ ਰਹਿਣਾ ਪਸੰਦ ਨਹੀਂ ਕਰਦੇ। ਇਕ ਪਾਸੇ ਇਹ ਉਹ ਲੋਕ ਹਨ ਜਿਹੜੇ ਹਰ ਕਿਸਮ ਦੀਆਂ ਅਧੁਨਿਕ ਸਹੂਲਤਾਂ ਮਾਣਦੇ ਹਨ ਤੇ ਦੂਜੇ ਪਾਸੇ ਵਿਸ਼ਾਲ ਜਨ-ਸਮੂਹ ਗੰਦਗੀ ਦੇ ਕੀੜਿਆਂ ਵਾਂਗ ਰੀਂਘ ਰਿਹਾ ਹੈ।

ਇਸ ਤੋਂ ਵੀ ਵੱਡਾ ਸਿਤਮ ਇਹ ਹੈ ਕਿ ਇਨ੍ਹਾਂ ਨੇ, ਵੱਡੇ ਭਾਰਤੀ ਸਮੂਹ ਨੂੰ ਪੜ੍ਹੇ-ਲਿਖੇ ਇਨਸਾਨਾਂ ਵਿਚ ਨਹੀਂ ਬਦਲਿਆ ਸਗੋਂ ਸਿਰਫ ਤੇ ਸਿਰਫ ਉਨ੍ਹਾਂ ਨੂੰ ਭਾਰਤੀ-ਵੋਟਰ ਬਣਾ ਕੇ ਰੱਖ ਦਿੱਤਾ ਹੈ। ਵੋਟਰ ਵੀ ਉਹ ਜਿਹੜੇ ਨਸ਼ੇ ਅਤੇ ਲਾਲਚ 'ਤੇ ਆਪਣਾ ਵੋਟ ਵੇਚ ਦਿੰਦੇ ਹਨ ਜਾਂ ਫਿਰ ਇਹ ਸ਼ਾਤਰ ਲੋਕ ਜਾਤ, ਫਿਰਕੇ ਅਤੇ ਧਰਮ ਦੇ ਨਾਂ 'ਤੇ ਉਨ੍ਹਾਂ ਦਾ ਮਾਨਸਿਕ ਸ਼ੋਸ਼ਣ ਸੌਖਿਆਂ ਹੀ ਕਰ ਲੈਂਦੇ ਹਨ, ਅਜਿਹੇ ਵੋਟਰਾਂ ਦੀ ਬਦੌਲਤ ਧਨ-ਕੁਬੇਰ, ਬਾਹੂ-ਬਲੀ ਅਤੇ ਅਪਰਾਧਾਂ ਵਿਚ ਸ਼ਾਮਲ ਲੋਕ ਵਿਧਾਨ ਸਭਾਵਾਂ ਜਾਂ ਲੋਕ ਸਭਾ ਵਿਚ ਪਹੁੰਚ ਜਾਂਦੇ ਹਨ, ਕੌਮੀ-ਚਰਿਤਰ ਤੋਂ ਸੱਖਣੇ ਇਹ ਲੋਕ ਫਿਰ ਸਰਕਾਰਾਂ ਬਣਾਉਂਦੇ ਹਨ। ਇਸ ਨਗਾਰ ਖਾਨੇ ਵਿਚ ਜੇਕਰ ਕੋਈ ਭਲਾ ਪੁਰਸ਼ ਚਲਾ ਵੀ ਜਾਵੇ ਤਾਂ ਉਸ ਦੀ ਤੂਤੀ ਨੂੰ ਸੁਣਦਾ ਕੋਈ ਨਹੀਂ। ਇਨ੍ਹਾਂ ਦੀ ਪਹਿਰੇਦਾਰੀ ਹੇਠ ਇਨ੍ਹਾਂ ਸਮੇਤ ਦੇਸ਼ ਦੇ ਧਨਾਢ ਹੋਰ ਵਧਦੇ-ਫੁਲਦੇ ਹਨ ਤੇ ਇਨ੍ਹਾਂ ਦੀਆਂ ਬਦ-ਨੀਤੀਆਂ ਮੁੜ ਵੋਟਰ-ਸਮੂਹ ਦੇ ਪਰਿਵਾਰਾਂ ਤੇ ਨਿਆਣਿਆਂ ਲਈ ਤਸੀਹਾ ਬਣਦੀਆਂ ਹਨ।

ਭਾਵੇਂ ਹੀ ਵੱਡੇ ਭਾਰਤੀ ਜਨ-ਸਮੂਹ ਵਿਚ ਪਾਇਲਟ, ਡਾਕਟਰ, ਇੰਜਨੀਅਰ, ਵਿਗਿਆਨੀ ਅਤੇ ਹੋਰ ਪੜ੍ਹੇ-ਲਿਖੇ ਜਾਗਰੂਕ ਲੋਕ ਵੀ ਬਹੁਤ ਹਨ ਪਰ ਵੱਡਾ ਜਨ-ਸਮੂਹ ਸਮਾਜਿਕ ਅਲਾਮਤਾਂ ਵਿਚ ਫਸਾ ਦਿੱਤਾ ਗਿਆ ਹੈ। ਕੁੱਲ ਮਿਲਾ ਕੇ ਜੋ ਅਸੀਂ ਵੇਖਦੇ, ਸੁਣਦੇ ਅਤੇ ਪ੍ਰੇਸ਼ਾਨੀਆਂ ਹੰਢਾਉਂਦੇ ਹਾਂ ਇਹ ਸਭ 1947 ਤੋਂ ਬਾਅਦ ਬਣੀਆਂ ਸਰਕਾਰਾਂ ਦੀ ਬਦੌਲਤ ਹਨ। ਇਹ ਭਾਰਤ ਦੇ ਅੰਗ ਅੰਗ ਵਿਚ ਫੈਲਿਆ 67 ਵਰ੍ਹੇ ਪੁਰਾਣਾ ਰੋਗ ਹੈ। ਜੇਕਰ ਅੱਜ ਤੋਂ ਵੀ ਭਾਰਤੀ ਸਮਾਜ ਆਪਣੀ ਮਦਹੋਸ਼ੀ ਤਿਆਗ ਦੇਵੇ, ਇਕ ਸਿਆਣੀ ਪਹੁੰਚ ਦਾ ਹਾਮੀ ਬਣ ਜਾਵੇ ਤਾਂ ਵੀ ਵਿਗੜੇ ਪ੍ਰਬੰਧ ਨੂੰ ਠੀਕ ਹੋਣ ਵਿਚ ਦਰਜਨਾ ਵਰ੍ਹੇ ਲੱਗ ਸਕਦੇ ਹਨ। ਇਸ ਪ੍ਰਬੰਧ ਦਾ ਠੀਕ ਹੋਣਾ ਬਹੁਤ ਜ਼ਰੂਰੀ ਹੈ ਜਿਸ ਨਾਲ ਸਾਡੀ, ਸਾਡੇ ਪਰਿਵਾਰਾਂ, ਬੱਚਿਆਂ, ਪਿੰਡਾਂ, ਸ਼ਹਿਰਾਂ ਸਮੇਤ ਸਮੁੱਚੇ ਦੇਸ਼ ਦੀ ਹੋਣੀ ਜੁੜੀ ਹੋਈ ਹੈ।

ਜੇਕਰ ਵੋਟ ਪ੍ਰਬੰਧ ਅਤੇ ਵੋਟਰ ਸਮੂਹ ਦੀ ਸਾਂਝੀ ਅਤੇ ਲਗਾਤਾਰ ਪਹੁੰਚ ਕਾਰਨ ਭਾਰਤ ਦੀ ਤਕਦੀਰ ਬਦਲ ਜਾਵੇ ਤਾਂ ਇਸ ਤੋਂ ਸਸਤਾ ਸੌਦਾ ਕੋਈ ਨਹੀਂ ਪਰ ਇਤਿਹਾਸ ਗਵਾਹ ਹੈ ਕਿ ਧਨ-ਕੁਬੇਰ ਸੌਖਿਆਂ ਹੀ ਲਾਂਭੇ ਨਹੀਂ ਹੋਇਆ ਕਰਦੇ, ਜਦੋਂ ਅਜਿਹਾ ਸਮਾਂ ਆਇਆ ਤਾਂ ਸਾਡੇ ਲੋਕਾਂ ਨੂੰ, ਸਾਡੇ ਦੇਸ਼ ਦੀ ਜਵਾਨੀ ਨੂੰ ਆਪਣੇ ਕੌਮੀ ਸ਼ਹੀਦਾਂ-ਮੁਰੀਦਾਂ ਤੋਂ ਪ੍ਰੇਰਿਤ ਹੁੰਦਿਆਂ ਚੁਣੌਤੀ ਸਵਿਕਾਰ ਕਰਨੀ ਹੋਵੇਗੀ।

# Intellectuals flag threat to secular polity




A group of noted academics, artists and concerned citizens have issued an appeal, in the context of Elections 2014, to defend India's secular democracy.

The statement, the lead signatories to which are Zoya Hasan, Rooprekha Verma, Sashi Kumar, Vivan Sundaram, Achin Vanaik, Jayati Ghosh and Prabhat Patnaik, said:

"Never before in post-independence India have political forces, which are a front for an organisation committed to creating a Hindu Rashtra, made as strong a bid for power as in the coming elections. These forces are led by a person who presided over a pogrom against Muslims in Gujarat in 2002 and has never expressed any contrition over his role in that ghastly incident. And they enjoy the backing of the most powerful corporate houses in the country. The prospect of this alliance of corporate capital and communal forces coming to power constitutes a palpable threat to the future of our secular democracy.

"We urge all responsible individuals and political formations to ponder over the situation and urgently take whatever steps are necessary for defending our secular democracy. We appeal to the electorate to foil this corporate-communal alliance's bid for power by voting against the BJP-led NDA."




# ਇਹੋ ਜਿਹਾ ਸੀ-ਸਾਡਾ ਭਗਤ ਸਿੰਘ



**ਕੰਵਲਜੀਤ ਖੰਨਾ**







ਇਹ ਘਟਨਾਵਾਂ ਤੇ ਅਹਿਸਾਸਾਂ, ਜਜਬਿਆਂ ਤੇ ਆਦਰਸ਼ਾਂ ਦਾ ਕੇਹਾ ਜੋੜਮੇਲ ਹੈ ਕਿ 23 ਮਾਰਚ ਨੂੰ ਤਿੰਨ ਯੋਧੇ ਕੁਰਬਾਨੀ ਦੇ ਬਸੰਤੀ ਰੰਗ 'ਚ ਰੰਗੇ ਗਏ ਤੇ ਠੀਕ 57 ਵਰ੍ਹੇ ਬਾਅਦ ਇਸੇ ਇਤਿਹਾਸਕ ਦਿਹਾੜੇ ਤੇ ਪੰਜਾਬ ਦਾ ਸਿਰਮੌਰ ਕ੍ਰਾਂਤੀਕਾਰੀ ਕਵੀ ਪਾਸ਼ ਆਪਣੇ ਸਾਥੀ ਹੰਸ ਰਾਜ ਸਮੇਤ ਐਂਟੀ ਫੋਰਟੀ ਸੈਵਨ ਦਾ ਨਾਅਰਾ ਬੁਲੰਦ ਕਰਦਾ ਫਿਰਕੂ ਫਾਸ਼ੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ ਸੀ। ਇਸੇ ਲੋਕ ਕਵੀ ਅਤੇ ਯਥਾਰਥ ਤੇ ਕਲਪਨਾ ਦੀਆਂ ਉੱਚੀਆਂ ਉਡਾਰੀਆਂ ਮਾਰਨ ਵਾਲੇ ਪੰਜਾਬੀ ਕਵਿਤਾ ਦੇ ਪਾਬਲੋ ਨਾਰੂਦਾ ਨੇ ਭਗਤ ਸਿੰਘ ਬਾਰੇ ਲਿਖਿਆ ਸੀ "ਭਗਤ ਸਿੰਘ ਪੰਜਾਬ ਦਾ ਪਹਿਲਾ ਵਿਚਾਰਕ ਸੀ ਜਿਸਨੇ ਸਮਾਜ ਦੀ ਬਣਤਰ ਬਾਰੇ ਵਿਗਿਆਨਕ ਢੰਗ ਨਾਲ ਵਿਚਾਰ ਕੀਤਾ ਸੀ। ਪਹਿਲਾ ਬੁੱਧੀਮਾਨ ਸੀ ਜਿਸ ਨੇ ਦੁੱਖਾਂ ਅਤੇ ਸਮਾਜਕ ਸਮਿਸਆਵਾਂ ਦੀ ਧੁਰ ਡੂੰਘਾਈ ਤੱਕ ਪਈਆਂ ਉਲਝਣਾਂ ਦੀ ਪਹਿਚਾਣ ਕੀਤੀ ਸੀ। ਉਹ ਪਹਿਲਾ ਦੇਸ਼ ਭਗਤ ਸੀ ਜਿਸਦੇ ਮਨ ਵਿੱਚ ਸਮਾਜ ਸੁਧਾਰ ਦਾ ਇੱਕ ਨਿਸ਼ਚਿਤ ਦ੍ਰਿਸ਼ਟੀਕੋਣ ਸੀ। ਉਹ ਪਹਿਲਾ ਪੰਜਾਬੀ ਮਹਾਂਪੁਰਸ਼ ਸੀ ਜਿਸ ਨੇ ਭਾਵਨਾਵਾਂ ਤੇ ਸੋਝੀ ਦੇ ਸੁਮੇਲ ਲਈ ਧੁੰਦਲੀਆਂ ਮਾਨਤਾਵਾਂ ਦਾ ਸਹਾਰਾ ਨਹੀਂ ਸੀ ਲਿਆ। ਉਹ ਪਹਿਲਾ ਪੰਜਾਬੀ ਸੀ ਜੋ ਦੇਸ਼ ਭਗਤੀ ਦੇ ਪ੍ਰਦਰਸ਼ਨਕਾਰੀ ਵਿਚਾਰਾਂ ਤੋਂ ਮੁਕਤ ਹੋ ਸਕਿਆ ਸੀ। ਉਹ ਪਹਿਲਾ ਪੰਜਾਬੀ ਸੀ ਜਿਸ ਨੇ ਗਾਂਧੀਵਾਦ ਦੇ ਖੋਖਲੇ ਅਤੇ ਥੋਥੇ ਮਾਨਵਤਾਵਾਦ ਅਤੇ ਆਦਰਸ਼ਵਾਦ ਨੂੰ ਵੰਗਾਰਿਆ ਸੀ ।

ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ ਅਸੈਂਬਲੀ ਵਿੱਚ ਬੰਬ ਸੁੱਟਣ, ਫਾਂਸੀ ਦੇ ਫੰਦੇ ਤੇ ਲਟਕ ਜਾਣ ਤੋਂ ਕਿਤੇ ਜਿਆਦਾ ਹੈ। ਭਗਤ ਸਿੰਘ ਨੇ ਪਹਿਲੀ ਵੇਰ ਪੰਜਾਬ ਨੂੰ ਪਸ਼ੂਪੁਣੇ, ਪਹਿਲਵਾਨੀ ਅਤੇ ਜਹਾਲਤ ਤੋਂ ਬੁੱਧੀਵਾਦ ਵੱਲ ਮੋੜਿਆ ਸੀ ।

ਭਗਤ ਸਿੰਘ ਦੀਆਂ ਤਸਵੀਰਾਂ ਤੇ ਹਾਰ ਪਾਉਣ ਜਾਂ ਉਸ ਦੀ ਸ਼ਹਾਦਤ ਉਪਰ ਕਵਿਤਾਵਾਂ ਲਿਖਣ ਦਾ ਫਾਇਦਾ ਨਹੀਂ ਹੋਵੇਗਾ। ਜਰੂਰਤ ਹੈ ਉਸਦੀ ਵਿਚਾਰਧਾਰਾ ਨੂੰ ਸਮਝਣ ਤੇ ਅੱਗੇ ਵਧਾਉਣ ਦੀ। ਜਿਸ ਦਿਨ ਉਸ ਨੂੰ ਫਾਂਸੀ ਲੱਗੀ ਸੀ, ਉਸ ਦੀ ਕੋਠੜੀ 'ਚ ਲੈਨਿਨ ਦੀ ਕਿਤਾਬ ਮਿਲੀ ਸੀ, ਜਿਸ ਦਾ ਇੱਕ ਪੰਨਾ ਮੋੜਿਆ ਹੋਇਆ ਸੀ। ਪੰਜਾਬ ਦੀ ਜਵਾਨੀ ਨੂੰ ਉਸਦੇ ਆਖਰੀ ਦਿਨ ਮੋੜੇ ਹੋਏ ਪੰਨੇ ਤੋਂ ਅਗਾਂਹ ਤੁਰਨਾ ਚਾਹੀਦਾ ਹੈ"

ਅੰਗਰੇਜੀ ਸਾਮਰਾਜ ਨੂੰ ਮੁਲਕ ਚੋਂ ਦਫਾ ਕਰ ਸਮਾਜਵਾਦੀ ਢਾਂਚਾ ਉਸਾਰਣ ਲਈ ਗੋਰੇ ਹਾਕਮਾਂ ਨਾਲ ਟੱਕਰ ਲੈਣ ਵਾਲੇ ਇਸ ਜੁਝਾਰੂ ਨੂੰ, ਜਿਹੜਾ ਇਸ ਤੋਂ ਵੀ ਅੱਗੇ ਇੱਕ ਦੂਰਦ੍ਰਿਸ਼ਟੀ ਵਾਲਾ ਮਹਾਨ ਚਿੰਤਕ ਹੋ ਨਿਬੜਿਆ, ਲਈ ਅਜਿਹੀ ਸਟੀਕ ਸਰਧਾਂਜਲੀ ਪਾਸ਼ ਹੀ ਦੇ ਸਕਦਾ ਸੀ। ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਭਾਰਤੀ ਇਨਕਲਾਬ ਦੇ ਉਹ ਸ਼ਾਨਾਮੱਤੇ ਚਮਕਦੇ ਸਿਤਾਰੇ ਹਨ, ਜਿਨ੍ਹਾਂ ਦੀ ਰੋਸ਼ਨੀ ਬੰਦੇ ਹੱਥੋਂ ਬੰਦੇ ਦੀ ਲੁੱਟ ਖਤਮ ਹੋਣ ਦੇ ਸੱਚੇ ਸੁੱਚੇ ਆਦਰਸ਼ ਦੀ ਪੂਰਤੀ ਤੱਕ ਚਮਕਦੀ ਰਹੇਗੀ। 23 ਮਾਰਚ ਨੂੰ ਹਰ ਜਾਗਦੀ ਅੱਖ, ਹਰ ਜਾਗਦੀ ਜ਼ਮੀਰ ਸੰਸਾਰ ਭਰ 'ਚ ਆਪਣੇ ਇਨ੍ਹਾਂ ਨਾਇਕਾਂ ਨੂੰ ਸਿਜਦਾ ਕਰਦੀ ਹੈ। ਇਸ ਵੇਰ ਜਦੋਂ ਸਾਡੇ ਦੇਸ਼ ਅੰਦਰ ਦੇਸ਼ ਦੀ ਕੇਂਦਰੀ ਸੱਤਾ ਤੇ ਕਬਜੇ ਲਈ ਖੋਹਖਿੰਝ ਦੀ ਲੜਾਈ ਆਪਣੀ ਚਰਮ ਸੀਮਾ ਤੇ ਜਾ ਰਹੀ ਹੈ। ਜਦੋਂ ਦੇਸ਼ ਦੇ ਸਿਆਸੀ ਮਾਹੌਲ 'ਚ ਦਿੱਲੀ ਚੋਂ ਉੱਠੇ ਇੱਕ ਨਵੇਂ ਵਰਤਾਰੇ ਨੇ ਦੇਸ਼ ਭਰ 'ਚ ਜਮਾਤਾਂ ਦੇ ਇਸ ਭੇੜ 'ਚ ਸ਼ਹੀਦ ਭਗਤ ਸਿੰਘ ਦੇ ਰਾਜਨੀਤਿਕ ਵਿਚਾਰਾਂ ਨੂੰ ਡੂੰਘਾਈ 'ਚ ਸਮਝਣ ਦੀ ਜਰੂਰਤ ਪਹਿਲਾ ਦੇ ਕਿਸੇ ਵੀ ਸਮੇਂ ਨਾਲੋਂ ਜਿਆਦਾ ਤੀਬਰ ਕਰ ਦਿੱਤੀ ਹੈ। ਦੇਸ਼ ਵਿਦੇਸ਼ 'ਚ ਕਿਸੇ ਸਮੇਂ ਇਨਕਲਾਬੀ ਲਹਿਰ ਨਾਲ ਜੁੜੇ ਰਹੇ ਪਰ ਹੁਣ ਹਾਸ਼ੀਏ ਤੇ ਬੈਠੇ ਬਹੁਗਿਣਤੀ ਇਮਾਨਦਾਰ ਲੋਕ ਪੂੰਜੀ ਦੇ ਇਸ ਗਲਸੜ ਤੇ ਨਿੱਘਰ ਚੁੱਕੇ ਪ੍ਰਬੰਧ ਅੰਦਰ ਅਜੇ ਵੀ ਸੁਧਾਰ ਦੀ ਗੁੰਜਾਇਸ਼ ਵੇਖਦੇ ਹਨ। ਦੇਸ਼ ਭਰ ਅੰਦਰ ਸਮਾਜਕ ਸਰੋਕਾਰ ਰੱਖਣ ਵਾਲੀਆਂ ਸੈਂਕੜੇ ਸਖਸ਼ੀਅਤਾਂ ਨੂੰ ਇਸ ਨਵੇ ਵਰਤਾਰੇ 'ਚੋਂ ਸੱਚਮੁੱਚ ਬਦਲਾਅ ਨਜ਼ਰ ਆਉਣ ਲੱਗਾ ਹੈ। ਪਰ ਇਸ ਦੇ ਉਲਟ ਸ਼ਹੀਦ ਭਗਤ ਸਿੰਘ ਕੀ ਕਹਿੰਦੇ ਹਨ। ਭਗਤ ਸਿੰਘ ਨੇ ਅਸੰਬਲੀ ਬੰਬ ਕੇਸ 'ਚ ਬਿਆਨ ਦਿੰਦਿਆ ਕਿਹਾ ਸੀ 'ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜਰੂਰ ਬਦਲਣਾ ਚਾਹੀਦਾ ਹੈ"। ਇਸੇ ਬਿਆਨ 'ਚ ਉਨ੍ਹਾਂ ਕਿਹਾ ਸੀ "ਜਦੋਂ ਤੱਕ ਮਨੁੱਖ ਹੱਥੋ ਮਨੁੱਖ ਅਤੇ ਕੌਮਾਂ ਹੱਥੋ ਕੌਮਾਂ ਦੀ ਲੁੱਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਤੇ ਮੰਡਲਾ ਰਹੇ ਦੁਖਾਂਤ ਅਤੇ ਖੂਨਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਇਨਕਲਾਬ ਤੋਂ ਸਾਡਾ ਭਾਵ ਅੰਤ ਵਿੱਚ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ ਜਿਸ ਵਿੱਚ ਕਿਰਤੀ ਮਜਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇੱਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਧਨਾਂ ਤੋਂ ਅਤੇ ਸਾਮਰਾਜੀ ਜੰਗ ਦੀ ਤਬਾਹੀ ਤੋਂ ਹਿੰਮਤ ਕਰਕੇ ਆਜਾਦ ਕਰਵਾਇਆ ਜਾਵੇ" ਆਪਣੇ ਮਹੱਤਵਪੂਰਨ ਲੇਖ ਸਾਡੇ ਲਈ ਸੁਨਿਹਰੀ ਮੌਕੇ 'ਚ ਉਨ੍ਹਾ ਲਿਖਿਆ "ਇਨਕਲਾਬ" ਤੋਂ ਸਾਡਾ ਕੀ ਭਾਵ ਹੈ, ਸਪੱਸਟ ਹੈ, ਇਸ ਸਦੀ ਵਿੱਚ ਇਸ ਦੇ ਸਿਰਫ ਇੱਕ ਹੀ ਮਤਲਬ ਹੋ ਸਕਦੇ ਹਨ - ਜਨਤਾ ਲਈ ਜਨਤਾ ਦਾ ਰਾਜਨੀਤਿਕ ਤਾਕਤ ਤੇ ਕਬਜਾ। ਅਸਲ ਵਿੱਚ ਇਹ ਹੈ ਇਨਕਲਾਬ। ਬਾਕੀ ਸਭ ਬਗਾਵਤਾਂ ਤਾਂ ਸਿਰਫ ਮਾਲਕਾਂ ਦੀ ਤਬਦੀਲੀ ਕਰਕੇ ਪੂੰਜੀਵਾਦੀ ਸੜਿਹਾਂਦ ਨੂੰ ਹੀ ਅੱਗੇ ਤੋਰਦੀਆਂ ਹਨ। ਸਾਡੇ ਦੇਸ਼ ਅੰਦਰ ਪਿਛਲੇ 67 ਸਾਲਾਂ ਦੇ ਰਾਜਨੀਤਿਕ ਅਮਲ ਨੇ ਇਹ ਗੱਲ ਚਿੱਟੇ ਦਿਨ ਸਾਬਤ ਕਰ ਦਿੱਤੀ ਹੈ ਕਿ ਹਰ ਵੇਰ ਬੰਦੇ ਬਦਲਦੇ ਹਨ ਪਰ ਪ੍ਰਬੰਧ ਨਹੀਂ ਬਦਲਦਾ। ਪਾਰਲੀਮਾਨੀ ਪ੍ਰਬੰਧ ਬਾਰੇ ਆਪਣੇ ਸਮੇਂ 'ਚ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਸਪੱਸ਼ਟ ਕੀਤਾ ਸੀ। ਲਾਹੌਰ ਸਪੈਸ਼ਲ ਟਰਿਬਿਊਨਲ ਸਾਹਮਣੇ ਦਿੱਤੇ ਬਿਆਨ 'ਚ ਉਨ੍ਹਾਂ ਕਿਹਾ ਸੀ, "ਬੜੀ ਈਮਾਨਦਾਰੀ ਨਾਲ ਕੋਸ਼ਿਸ਼ ਕਰਨ ਪਿੱਛੋ ਵੀ ਅਸੀਂ ਇੱਕ ਅਜਿਹੀ ਸੰਸਥਾ ਦੇ ਕਾਇਮ ਰਹਿਣ ਦੀ ਦਲੀਲ ਨੂੰ ਸਮਝ ਨਹੀਂ ਸਕੇ ਜਿਹੜੀ ਕਰੋੜਾਂ ਹਿੰਦਵਾਸੀਆਂ ਦੀ ਮਿਹਨਤ ਮੁੜ੍ਹਕੇ ਨਾਲ ਕਮਾਏ ਧਨ ਉੱਤੇ ਆਪਣਾ ਸਾਰਾ ਡਫਾਂਗ ਅਤੇ ਸ਼ਾਨੋ ਸ਼ੋਕਤ ਖੜੀ ਕਰਕੇ ਵੀ ਇੱਕ ਨਿਰਾ ਦਿਖਾਵਾ ਤੇ ਇੱਕ ਸ਼ੈਤਾਨੀ ਭਰਿਆ ਪਰਪੰਚ ਬਣੀ ਹੋਈ ਹੈ ਅਤੇ ਅਸੀਂ ਉਨ੍ਹਾ ਜਨਤਕ ਆਗੂਆਂ ਦੇ ਸੋਚਣ ਢੰਗ ਨੂੰ ਵੀ ਸਮਝਣ 'ਚ ਨਾਕਾਮ ਰਹੇ ਹਾਂ ਜਿਹੜੇ ਸਾਫ ਤੌਰ ਤੇ ਰਚੇ ਹੋਏ ਇੱਕ ਡਰਾਮੇ ਵਾਂਗ ਦਿਸਦੀ, ਹਿੰਦੁਸਤਾਨ ਦੇ ਨਿਆਸਰੇਪਨ ਅਤੇ ਮੁਥਾਜਗੀ ਦੀ ਨੁਮਾਇਸ਼ ਵਿੱਚ ਹਿੱਸਾ ਲੈ ਕੇ ਜਨਤਾ ਦਾ ਪੈਸਾ ਅਤੇ ਸਮਾਂ ਨਸ਼ਟ ਕਰਨ ਵਿੱਚ ਮਦਦ ਕਰਦੇ ਹਨ - ਲੁਟੇਰਿਆਂ ਦੀ ਗਲਘੋਟੂ ਤਾਕਤ ਅਤੇ ਨਿਆਸਰੇ ਮਿਹਨਤਕਸ਼ਾਂ ਦੀ ਨੀਮ ਗੁਲਾਮੀ ਦੇ ਇੱਕ ਬਡਰੂਪ ਨਿਸ਼ਾਨ ਵਾਂਗ ਖੜੀ ਉਸ ਸੰਸਥਾ ਤੋਂ ਭਾਰਤ ਦੇ ਕਰੋੜਾਂ ਮਿਹਨਤਕਸ਼ਾ ਨੂੰ ਕੋਈ ਆਸ ਨਹੀਂ ਬੱਝ ਸਕਦੀ "।

ਤੇ ਫਿਰ ਜੇਕਰ ਅੱਜ ਦੇਸ਼ ਦਾ ਬਹੁਗਿਣਤੀ ਮੱਧਵਰਗ ਇਸ ਡਰਾਮੇ 'ਚ ਕਿਸੇ ਸੁਧਾਰ ਜਾਂ ਬਦਲਾਅ ਦੀ ਆਸ 'ਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਕਥਨ ਨੂੰ ਵਿਸਾਰ ਗਿਆ ਹੈ ਤਾਂ ਇਸ ਵਿੱਚ ਕਸੂਰ ਸ਼ਹੀਦ ਚਿੰਤਕਾਂ, ਮਾਰਗ ਦਰਸ਼ਕਾਂ ਦਾ ਨਹੀਂ ਸਗੋਂ ਤੱਤ ਭੜਥੇ ਮੱਧਵਰਗੀ ਕਿਰਦਾਰ ਦਾ ਹੈ ਜਿਹੜੀ ਅਕਸਰ ਤਾਂ ਚੁੱਪ ਦਰਸ਼ਕ ਹੁੰਦਾ ਹੈ। ਪਰ ਚਲਦੀ ਹਨੇਰੀ 'ਚ ਹੀਰੋ ਬਨਣ ਦੀ ਵੀ ਤਕੜੀ ਇੱਛਾ ਪਾਲੀ ਰੱਖਦਾ ਹੈ। ਤਾਂ ਹੀ ਤਾਂ ਆਮ ਆਦਮੀ ਬੰਗਲੌਰ 'ਚ ਖਾਸ ਆਦਮੀ ਬਣ ਵੱਡੇ ਹੋਟਲਾਂ 'ਚ ਉਬਾਮਾ ਦੀ ਡਿਨਰ ਪਾਲਸੀ ਦੀ ਨਕਲ ਕਰ ਪੰਜਾਹ ਲੱਖ ਇਕੱਠਾ ਕਰਦਾ ਹੈ। ਉਂਝ ਇਹ ਸੱਚ ਵੀ ਹੈ ਕਿ ਪੈਸਾ ਨਾ ਹੋਣ ਦੀ ਸੂਰਤ 'ਚ ਪ੍ਰਚਾਰ ਪ੍ਰਸਾਰ 'ਚ ਫਾਡੀ ਰਹਿਕੇ ਪੂੰਜੀ ਦੇ ਚੱਲਦਿਆਂ ਭ੍ਰਿਸਟਾਚਾਰ ਮੁਕਤ ਭਾਰਤ ਸਿਰਜਣ ਦਾ ਸੁਪਨਾ ਅਧੂਰਾ ਰਹਿ ਸਕਦਾ ਹੈ ।

ਭਾਰਤੀ ਪੂੰਜੀਪਤੀ ਜਮਾਤ ਬਾਰੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਦਸੰਬਰ 1929 'ਚ ਘੜੇ ਮੈਨੀਫੈਸਟੋ 'ਚ ਉਨ੍ਹਾ ਸਪੱਸ਼ਟ ਦਰਜ ਕੀਤਾ ਸੀ। "ਭਾਰਤ ਸਾਮਰਾਜਵਾਦ ਦੇ ਜੂਲੇ ਹੇਠ ਪਿਸ ਰਿਹਾ ਹੈ। ਇਸ ਦੇ ਕਰੋੜਾਂ ਲੋਕ ਅੱਜ ਅਗਿਆਨਕਤਾ ਅਤੇ ਗਰੀਬੀ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਦੀ ਬਹੁਤ ਵੱਡੀ ਗਿਣਤੀ, ਜੋ ਕਿਰਤੀ ਕਿਸਾਨਾਂ ਦੀ ਹੈ, ਉਨ੍ਹਾ ਨੂੰ ਬਦੇਸ਼ੀ ਦਾਬੇ ਅਤੇ ਲੁੱਟ ਨੇ ਹੱਥਲ ਕਰ ਦਿੱਤਾ ਹੈ। ਭਾਰਤੀ ਕਿਰਤੀ ਵਰਗ ਦੀ ਹਾਲਤ ਅੱਜ ਗੰਭੀਰ ਹੈ। ਉਸਨੂੰ ਦੂਹਰੇ ਖਤਰੇ ਦਾ ਸਾਹਮਣਾ ਹੈ। ਉਸ ਨੂੰ ਬਦੇਸ਼ੀ ਪੂੰਜੀਵਾਦ ਦਾ ਇੱਕ ਪਾਸੇ ਤੋਂ ਅਤੇ ਭਾਰਤੀ ਪੂੰਜੀਵਾਦ ਦੇ ਧੋਖੇ ਭਰੇ ਹਮਲੇ ਦਾ ਦੂਜੇ ਪਾਸੇ ਤੋਂ ਖਤਰਾ ਹੈ। ਭਾਰਤੀ ਪੂੰਜੀਵਾਦ, ਵਿਦੇਸ਼ੀ ਪੂੰਜੀ ਨਾਲ ਹਰ ਰੋਜ ਵਧੇਰੇ ਗੱਠਜੋੜ ਕਰ ਰਿਹਾ ਹੈ ।

ਭਾਰਤੀ ਪੂੰਜੀਪਤੀ ਭਾਰਤੀ ਲੋਕਾਂ ਨੂੰ ਧੋਖਾ ਦੇ ਕੇ ਵਿਦੇਸ਼ੀ ਪੂੰਜੀ ਤੋਂ ਵਿਸ਼ਵਾਸਘਾਤ ਦੀ ਕੀਮਤ ਦੇ ਤੌਰ ਤੇ, ਸਰਕਾਰ ਵਿੱਚੋਂ ਕੁੱਝ ਹਿੱਸਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸੇ ਕਰਕੇ ਕਿਰਤੀ ਦੀ ਆਸ ਹੁਣ ਸਿਰਫ ਸਮਾਜਵਾਦ ਤੇ ਲੱਗੀ ਹੈ। ਤੇ ਸਿਰਫ ਇਹੀ ਹੀ ਪੂਰਨ ਆਜਾਦੀ ਤੇ ਸਭ ਵਖਰੇਂਵੇ ਖਤਮ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ।

ਕੇਹਾ ਦੂਰ ਦ੍ਰਿਸ਼ਟ, ਕੇਹਾ ਮਹਾਨ ਚਿੰਤਕ ਸੀ ਸਾਡਾ ਭਗਤ ਸਿੰਘ। ਉਸਨੇ ਕਿਹਾ ਸੀ "ਇਨਕਲਾਬ ਬਹੁਤ ਮੁਸ਼ਕਲ ਕਾਰਜ ਹੈ। ਕਿਸੇ ਇੱਕ ਆਦਮੀ ਦੀ ਤਾਕਤ ਤੋਂ ਬਾਹਰੀ ਗੱਲ, ਨਾ ਹੀ ਇਹ ਕਿਸੇ ਮਿੱਥੀ ਹੋਈ ਤਰੀਖ ਨੂੰ ਆ ਸਕਦਾ ਹੈ। ਇਹ ਤਾਂ ਖਾਸ ਸਮਾਜੀ ਤੇ ਆਰਥਕ ਹਾਲਤਾਂ ਵਿੱਚੋਂ ਪੈਦਾ ਹੁੰਦਾ ਹੈ ਅਤੇ ਇੱਕ ਜੱਥੇਬੰਦ ਪਾਰਟੀ ਨੇ ਅਜੇਹੇ ਮੌਕੇ ਨੂੰ ਸਾਂਭਣਾ ਹੁੰਦਾ ਹੈ ਅਤੇ ਜਨਤਾ ਨੂੰ ਤਿਆਰ ਕਰਨਾ ਹੁੰਦਾ ਹੈ। ਇਸ ਲਈ ਸਾਰੇ ਇਨਕਲਾਬੀ ਕਾਰਕੁੰਨਾਂ ਨੂੰ ਬਹੁਤ ਹੀ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਸਾਡੇ ਕੋਲ ਅਜਿਹੇ ਬਹੁਤ ਲੀਡਰ ਸਾਡੇ ਕੰਮ ਦੇ ਨਹੀਂ ਹਨ। ਅਸੀਂ ਤਾਂ ਲੈਨਿਨ ਦੇ ਅੱਤ ਪਿਆਰੇ ਲਫਜ ਪੇਸ਼ਾਵਰ ਇਨਕਲਾਬੀ ਨੂੰ ਵਰਤਣਾ ਚਾਹਾਂਗੇ। ਕੁਲਵਰਤੀ ਵਰਕਰ ਜਿਨ੍ਹਾਂ ਦੀ ਇਨਕਲਾਬ ਦੇ ਬਿਨ੍ਹਾਂ ਹੋਰ ਜਿੰਦਗੀ ਦੀ ਕੋਈ ਖਾਹਸ਼ ਨਾ ਹੋਵੇ ।"

ਸ਼ਹੀਦ ਭਗਤ ਸਿੰਘ ਦੇ ਸਾਥੀਆਂ ਨੂੰ ਅੰਗਰੇਜ ਹਾਕਮਾਂ ਵੱਲੋਂ ਫਾਂਸੀ ਲਾ ਕੇ ਇਨਕਲਾਬ ਦੀ ਲਹਿਰ ਨੂੰ ਮੇਸਣ ਦਾ ਭਰਮ ਪਾਲਿਆ ਗਿਆ ਸੀ। ਦੇਸ਼ ਦੇ ਸਾਮਰਾਜ ਦੇ ਦਲਾਲ ਪੂੰਜੀਪਤੀ ਹਾਕਮਾਂ ਵੱਲੋਂ ਦੇਸ਼ ਅੰਦਰ ਥੋਪੀਆਂ ਜਾ ਰਹੀਆਂ ਖੁਲੀ ਮੰਡੀ, ਨਿਜੀਕਰਨ ਦੀਆਂ ਨੀਤੀਆਂ ਖਿਲਾਫ ਦੇਸ਼ ਭਰ ਅੰਦਰ ਰੋਹ ਹੈ। ਲੋਕ ਤੋੜ ਮਹਿੰਗਾਈ, ਅੰਨੀ ਬੇਰਜਗਾਰੀ, ਭ੍ਰਿਸਟਾਚਾਰ ਨੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਇਨਕਲਾਬੀ ਸੰਘਰਸ਼ ਤੇ ਲਹਿਰ ਦੀ ਗੈਰ ਇੱਕਜੁਟਤਾ ਤੇ ਕਮਜੋਰੀ ਇਸ ਹਮਲੇ ਦਾ ਟਾਕਰਾ ਕਰਨ ਤੋਂ ਊਣੀ ਹੈ। ਦੇਸ਼ ਭਰ ਅੰਦਰ ਅਸਿਥਰਤਾ ਤੇ ਨਿਘਾਰ ਦੀ ਇਸ ਖਤਰਨਾਕ ਹਾਲਤ ਅੰਦਰ ਸੱਚਮੁੱਚੀ ਕਿਰਤੀ ਵਰਗ ਇੱਕ ਠੋਸ ਬਦਲ ਚਾਹੁੰਦਾ ਹੈ। ਇਸ ਬਦਲ ਦੀ ਗੈਰਪੇਸ਼ਕਾਰੀ 'ਚ ਕਿਰਤੀ ਵਰਗ ਕਿਸੇ ਨਾ ਕਿਸੇ ਮੌਕਪ੍ਰਸਤ ਧਿਰ ਦੇ ਲੜ ਲੱਗਣ ਲਈ ਮਜਬੂਰ ਹੈ। ਖੜੋਤ ਦੀ ਅਜਿਹੀ ਰਾਜਨੀਤਿਕ ਹਾਲਤ 'ਚ ਵੱਡੇ ਵੱਡੇ ਥੰਮ ਡੋਲ ਜਾਇਆ ਕਰਦੇ ਹਨ। ਦੂਨੀਆਂ ਦੇ ਇਨਕਲਾਬਾਂ ਦੇ ਇਤਿਹਾਸ 'ਚ ਅਜਿਹਾ ਕਿਨ੍ਹਾ ਕੁੱਝ ਵਾਪਰਿਆ ਹੈ ।

ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਿਵ ਵਰਮਾ ਨੇ ਉਨ੍ਹਾ ਬਾਰੇ ਲਿਖੀਆਂ ਆਪਣੀਆ ਯਾਦਾਂ 'ਚ ਦਰਜ ਕੀਤਾ ਕਿ ਭਗਤ ਸਿੰਘ ਜਦੋਂ ਕਾਨਪੁਰ ਮੀਟਿੰਗ 'ਚ ਮੇਰੇ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਉਸ ਮੈਨੂੰ ਪੁੱਛਿਆ ਕਿ ਸ਼ਿਵ ਵਿਅਕਤੀ ਦਾ ਨਾਂ ਵੱਡਾ ਜਾ ਪਾਰਟੀ ਦਾ ਕੰਮ"। ਪਾਰਟੀ ਦਾ ਕੰਮ" ਸ਼ਿਵ ਵਰਮਾ ਨੇ ਜਵਾਬ ਦਿੱਤਾ ਸੀ। ਪਾਰਟੀ ਦਾ ਕੰਮ ਨਿਰਵਿਘਨ ਚਲਦਾ ਰਹੇ ਇਸ ਲਈ ਪਹਿਲੀ ਸ਼ਰਤ ਦੇ ਜਵਾਬ 'ਚ ਸ਼ਿਵ ਨੇ ਕਿਹਾ ਇੱਕ ਮਜਬੂਤ ਤੇ ਵਿਸ਼ਾਲ ਜੱਥੇਬੰਦੀ। ਜਥੇਬੰਦੀ ਤੇ ਪ੍ਰਚਾਰ - ਉਸ ਕਿਹਾ ਸੀ। ਦੇਸ਼ ਦੀ ਜਨਤਾ ਸਾਡੇ ਹੌਸਲੇ ਅਤੇ ਸਾਡੇ ਕੰਮਾਂ ਦੀ ਪ੍ਰਸੰਸਾ ਕਰਦੀ ਹੈ ਪਰ ਉਹ ਸਾਡੇ ਨਾਲ ਸਿੱਧਾ ਸੰਪਰਕ ਜੋੜਣ ਵਿੱਚ ਅਸਮਰਥ ਹੈ। ਅਜੇ ਤੱਕ ਆਪਾਂ ਨੇ ਖੁੱਲ੍ਹੇ ਸ਼ਬਦਾਂ ਵਿੱਚ ਇਹ ਵੀ ਨਹੀਂ ਦੱਸਿਆ ਕਿ ਜਿਸ ਆਜਾਦੀ ਦੀ ਅਸੀਂ ਗੱਲ ਕਰਦੇ ਹਾਂ, ਉਸ ਦੀ ਰੂਪ-ਰੇਖਾ ਹੋਵੇਗੀ, ਅੰਗਰੇਜਾਂ ਦੇ ਨਿਕਲ ਜਾਣ ਤੋਂ ਬਾਅਦ ਜੋ ਸਰਕਾਰ ਬਣੇਗੀ, ਉਹ ਕਿਹੋ ਜਿਹੀ ਹੋਵੇਗੀ ਅਤੇ ਕਿਸ ਦੀ ਹੋਵੇਗੀ। ਆਪਣੇ ਸੰਘਰਸ਼ ਦਾ ਜਨਤਕ ਆਧਾਰ ਬਨਾਉਣ ਲਈ ਸਾਨੂੰ ਆਪਣਾ ਮਕਸਦ ਲੋਕਾਂ ਤੱਕ ਲੇ ਕੇ ਜਾਣਾ ਹੋਵੇਗਾ। ਆਪਾਂ ਸਭ ਲੋਕ ਸਿਪਾਹੀ ਹਾਂ। ਸਿਪਾਹੀ ਦਾ ਸਭ ਤੋਂ ਮੋਹ ਯੁੱਧ ਭੂਮੀ ਨਾਲ ਹੁੰਦਾ ਹੈ । ਹੀਰੇ ਇਮਾਰਤ ਦੀ ਖੂਬਸੂਰਤੀ ਵਧਾ ਸਕਦੇ ਹਨ, ਦੇਖਣ ਵਾਲਿਆਂ ਨੂੰ ਹੈਰਾਨ ਕਰ ਸਕਦੇ ਹਨ। ਪਰ ਉਹ ਇਮਾਰਤ ਦੀ ਬੁਨਿਆਦ ਨਹੀਂ ਬਣ ਸਕਦੇ। ਉਸਦੀ ਉਮਰ ਨਹੀਂ ਵਧਾ ਸਕਦੇ, ਸਦੀਆਂ ਤੱਕ ਆਪਣੇ ਮਜਬੂਤ ਮੋਢਿਆਂ ਤੇ ਉਸਦਾ ਬੋਝ ਚੁੱਕ ਕੇ ਸਿੱਧਿਆ ਖੜਾ ਨਹੀਂ ਰੱਖ ਸਕਦੇ। ਹੁਣ ਤੱਕ ਇਸ ਸੰਘਰਸ਼ ਨੇ ਹੀਰੇ ਕਮਾਏ ਹਨ, ਬੁਨਿਆਦ ਦੇ ਪੱਥਰ ਕੱਠੇ ਨਹੀਂ ਕੀਤੇ। ਸਾਨੂੰ ਤਿਆਗ ਤੇ ਕੁਰਬਾਨੀ ਦੇ ਪੱਥਰਾਂ ਦੀ ਜਰੂਰਤ ਹੈ। ਉਹ ਕੁੱਝ ਚਿਰ ਰੁਕ ਕੇ ਬੋਲਿਆ .......... ਤਿਆਗ ਤੇ ਕੁਰਬਾਨੀ ਦੇ ਵੀ ਦੋ ਰੂਪ ਹਨ। ਇੱਕ ਹੈ ਸੀਨੇ ਵਿੱਚ ਗੋਲੀ ਖਾ ਕੇ ਜਾਂ ਫਾਂਸੀ ਚੜ ਕੇ ਮਰਨਾ। ਇਸ ਵਿੱਚ ਚਮਕ-ਦਮਕ ਜਿਆਦਾ ਹੈ। ਪਰ ਤਕਲੀਫ ਘੱਟ। ਦੂਸਰਾ ਹੈ ਪਿੱਛੇ ਰਹਿਕੇ ਸਾਰੀ ਜਿੰਦਗੀ ਇਮਾਰਤ ਦਾ ਬੋਝ ਢੋਂਦੇ ਰਹਿਣਾ। ਸੰਘਰਸ਼ ਦੇ ਉਤਾਰਾਂ ਚੜਾਵਾਂ ਵਿੱਚ, ਕਸੂਤੀਆਂ ਹਾਲਤਾਂ ਵਿੱਚ ਕਦੇ ਅਜਿਹੇ ਪਲ ਵੀ ਆਉਂਦੇ ਹਨ : ਜਦ ਇੱਕ ਇੱਕ ਕਰਕੇ ਸਾਰੇ ਹਮਸਫਰ ਸਾਥ ਛੱਡ ਜਾਂਦੇ ਹਨ। ਅਜਿਹੇ ਪਲਾਂ ਵਿੱਚ ਹੌਸਲਾ ਨਾ ਹਾਰਕੇ, ਜਿਹੜੇ ਲੋਕ ਆਪਣਾ ਰਾਹ ਨਹੀਂ ਛੱਡਦੇ, ਇਮਾਰਤ ਦੇ ਬੋਝ ਨਾਲ ਪੈਰ ਨਹੀਂ ਡਗਮਗਾਉਂਦੇ, ਮੋਢੇ ਨਹੀਂ ਝੁਕਦੇ, ਜੋ ਪੋਟੇ ਪੋਟੇ ਕਰਕੇ ਆਪਣੇ ਆਪ ਨੂੰ ਇਸ ਲਈ ਗਾਲਦੇ ਰਹਿੰਦੇ ਹਨ, ਇਸ ਲਈ ਜਲਾਉਂਦੇ ਰਹਿੰਦੇ ਹਨ ਕਿ ਦੀਵੇ ਦੀ ਲੋਅ ਮੱਧਮ ਨਾ ਪੈ ਜਾਵੇ। ਸੁੰਨਸਾਨ ਡੰਡੀ ਤੇ ਹਨੇਰਾ ਨਾ ਪਸਰ ਜਾਵੇ, ਅਜਿਹੇ ਲੋਕਾ ਦੀ ਕੁਰਬਾਨੀ ਪਹਿਲੇ ਵਾਲੇ ਲੋਕਾਂ ਨਾਲੋਂ ਕਿਤੇ ਜਿਆਦਾ ਹੈ। ਸੱਚੀਮੁੱਚੀ ਇਨਕਲਾਬ ਦਾ ਕਠਿਨ ਕਾਰਜ, ਲੰਮਾ ਪੈਂਡਾ ਜਿਉਣ ਜੋਗੇ ਸਮਾਜ ਦੀ ਉਸਾਰੀ ਦੀ ਮੁੱਢਲੀ ਸ਼ਰਤ ਹੈ।"

ਜੇ ਔਰ ਬਾਤ ਹੈ ਕਿ ਆਂਧੀ ਹਮਾਰੇ ਬਸ ਮੇ ਨਹੀਂ (ਫਿਲਹਾਲ)

ਮਗਰ ਚਿਰਾਗ ਜਲਾਨਾ ਤੋਂ ਅਖਤਿਆਰ ਮੇਂ ਹੋ ।

ਸ਼ਰਧਾਂਜਲੀ

# ਬਹੁਪੱਖੀ ਚਿੰਤਨ ਪ੍ਰੰਪਰਾਵਾਂ ਵਾਲੀ ਸ਼ਖਸੀਅਤ ਸਨ ਡਾ. ਗੁਰਭਗਤ ਸਿੰਘ

ਇਕ ਲੰਮੀ ਲਿਖਤ 'ਚੋਂ ਕੁਝ ਅੰਸ਼



ਡਾ. ਸਰਬਜਿੰਦਰ ਸਿੰਘ



**ਡਾ. ਗੁਰਭਗਤ ਸਿੰਘ ਦੀ ਜੀਵਨ ਜਾਚ ਇਸ ਦੀ ਤਰ੍ਹਾਂ ਸੀ ਕਿ ਹਰ ਸਮੇਂ, ਹਰ ਪਲ ਕਿਸੇ ਨਾ ਕਿਸੇ ਬੌਧਿਕ ਪ੍ਰੰਪਰਾ ਨਾਲ ਆਪਣੇ ਆਪ ਨੂੰ ਜੋੜੀ ਰੱਖਣਾ ਅਤੇ ਲਗਾਤਾਰ ਉਸ ਬੌਧਿਕ ਪ੍ਰੰਪਰਾ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾ ਲੈਣਾ ਸ਼ਾਇਦ ਇਹ ਉਨ੍ਹਾਂ ਦੇ ਹਿੱਸੇ ਹੀ ਆਇਆ ਸੀ। ਇਹ ਉਸ ਪ੍ਰੰਪਰਾ ਦੇ ਇਨਸਾਨ ਸਨ ਜਿਨ੍ਹਾਂ ਦੀਆਂ ਪੈੜਾਂ ਬੜੇ ਲੰਬੇ ਸਮੇਂ ਤੋਂ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਵੱਖ-ਵੱਖ ਸੋਚਵਾਨਾ ਨੇ ਛੱਡੀਆਂ ਸਨ। ਉਨ੍ਹਾਂ ਦੀ ਪੈੜ ਚਾਲ 'ਚ ਇਕ ਕਿਸਮ ਦੀ ਧੁੰਨ ਸੀ ਜਿਹੜੀ ਖੁਦ ਨੂੰ ਤਾਂ ਆਪਣੇ ਆਪ ਆਨੰਦ ਦਿੰਦੀ ਹੀ ਸੀ ਬਲਕਿ ਆਸੇ ਪਾਸੇ ਵੀ ਅਜਿਹੀਆਂ ਤਰੰਗਾਂ ਛੇੜਦੀ ਸੀ ਜਿਹੜੀ ਕਦੀ ਗੱਲਬਾਤ ਰਾਹੀਂ, ਕਦੀ ਲਿਖਤ ਰਾਹੀਂ ਤੇ ਕਦੀ ਸੰਵਾਦ ਰਾਹੀਂ ਆਪਣਾ ਅਸਲ ਰੂਪ ਸਿਰਜਦੀ ਸੀ। ਅਜਿਹੀਆਂ ਬੌਧਿਕ ਪ੍ਰੰਪਰਾਵਾਂ ਵਾਲੀਆਂ ਸ਼ਖਸੀਅਤਾਂ ਦੀ ਜ਼ਰੂਰਤ ਸਾਡੇ ਸਮਿਆਂ 'ਚ ਬਹੁਤ ਜ਼ਿਆਦਾ ਹੈ ਕਿਉਂਕਿ ਇਸ ਤਰ੍ਹਾਂ ਦੇ ਗੁੰਝਲਦਾਰ ਸਮੇਂ ਇਤਿਹਾਸ ਦੇ ਕਿਸੇ ਵੀ ਦੌਰ ਵਿਚ ਨਹੀਂ ਆਏ ਹਨ। ਇਨ੍ਹਾਂ ਗੁੰਝਲਦਾਰਾਂ ਦਾ ਹੱਲ ਕਰਨ ਲਈ ਵੱਡੇ ਸਿਰਾਂ ਦੀ ਲੋੜ ਹੈ। ਇਨ੍ਹਾਂ ਸਿਰਾਂ 'ਚੋਂ ਇਕ ਸਿਰ ਸਾਡੇ ਡਾ. ਗੁਰਭਗਤ ਸਿੰਘ ਦਾ ਸੀ ਜਿਹੜਾ ਆਪਣੀ ਕਰਨੀ ਕਰਕੇ ਸਮੇਂ ਤੋਂ ਪਹਿਲਾਂ ਸਾਡੇ ਤੋਂ ਵਿਛੜ ਗਿਆ ਹੈ। ਜਿਨ੍ਹਾਂ ਦਾ ਵਿਛੋੜਾ ਸਾਨੂੰ ਸਦਾ ਬੇਚੈਨ ਕਰਦਾ ਰਹੇਗਾ ਅਤੇ ਕੁਝ ਕਰਨ ਲਈ ਪ੍ਰੇਰਦਾ ਰਹੇਗਾ।**

ਚਿੰਤਕ ਇਕ ਅਜਿਹਾ ਮਹਾਂ-ਮਾਨਵ ਹੁੰਦਾ ਹੈ ਜੋ ਆਪਣੇ ਚਿੰਤਨ ਦੇ ਮਾਧਿਅਮ ਰਾਹੀਂ ਮਹਾਂ-ਪ੍ਰਸੰਗਾਂ ਦੀ ਸਿਰਜਨਾ ਕਰਦਾ ਹੋਇਆ ਕਿਸੇ ਵੀ ਅਹਿਮ ਪਹਿਲੂ ਦਾ ਭੂਤ, ਭਵਿੱਖ ਤੇ ਵਰਤਮਾਨ ਸਦੈਵ ਸਮਿਆਂ ਲਈ ਸਥਾਪਤ ਕਰ ਜਾਂਦਾ ਹੈ। ਚਿੰਤਕ ਹੋਣਾ ਆਪਣੇ ਆਪ ਵਿੱਚ ਹੀ ਬਹੁਤ ਵੱਡਾ ਕਾਰਜ ਹੈ। ਇਥੇ ਇਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਸਾਂਝਾ ਕਰਨਾ ਬਣਦਾ ਹੈ ਕਿ ਧਰਮ ਚਿੰਤਕ ਦਾ ਕਾਰਜ ਆਮ ਚਿੰਤਕ ਨਾਲੋਂ ਵੱਖਰਾ ਤੇ ਜੋਖ਼ਮ ਭਰਿਆ ਹੁੰਦਾ ਹੈ। ਅਸਲ ਵਿੱਚ ਧਰਮ ਗ੍ਰੰਥਾਂ ਦੀ ਭਾਸ਼ਾ ਨੂੰ ਸਮਝਣ ਦਾ ਮਸਲਾ ਬੇਹੱਦ ਜਟਿਲ ਹੁੰਦਾ ਹੈ। ਪੈਗੰਬਰਾਂ ਦੀ ਬੋਲੀ ਨੂੰ ਸਮਝਣ ਵਾਲਾ ਪਾਰਖੂ ਹੀ ਧਰਮ ਚਿੰਤਕ ਅਖਵਾ ਸਕਦਾ ਹੈ। ਅੱਜ ਦੇ ਅਕਾਦਮਿਕ ਸੰਸਾਰ ਵਿੱਚ ਅਜਿਹੇ ਮਹਾਂ ਮਾਨਵਾਂ ਦੇ ਦੀਦਾਰੇ ਲਗਭਗ ਗੁੰਮ ਹਨ ਕਿਉਂਕਿ ਧਰਮ ਚਿੰਤਕ ਲਈ ਜਿਸ ਤਰ੍ਹਾਂ ਦੀ ਸਿਦਕ-ਸਬੂਰੀ ਜਾਂ ਸਿਰੜੋ-ਦਿਲੀ ਦੀ ਜ਼ਰੂਰਤ ਹੁੰਦੀ ਹੈ ਉਸ ਵਲ ਆਧੁਨਿਕ ਅਕਾਦਮੀਸ਼ੀਅਨ ਨੇ ਪਿਠ ਕਰ ਲਈ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਲਿਖਿਆ ਤੇ ਲਗਾਤਾਰ ਜਾ ਰਿਹਾ ਹੈ ਪਰ ਉਸ ਵਿਚੋਂ ਗੁਣਵੰਤਾ ਤੇ ਬਿਬੇਕ ਬੁਧੀ ਦਾ ਪ੍ਰਗਟਾ ਬਹੁਤ ਘੱਟ ਨਜ਼ਰ ਆਉਂਦਾ ਹੈ। ਫਲਸਰੂਪ ਆਧੁਨਿਕ ਚਿੰਤਕਾਂ ਦੀਆਂ ਰਚਨਵਾਂ ਵਿਚੋਂ ਨਾ ਤੇ ਵਿਰਾਸਤ ਦਾ ਫ਼ਖ਼ਰ ਰੂਪਮਾਨ ਹੋ ਰਿਹਾ ਹੈ ਅਤੇ ਨਾ ਹੀ ਭਵਿਖੀ ਪੀੜ੍ਹੀ ਦੇ ਗਿਆਨ ਦੀ ਭੁਖ ਤ੍ਰਿਪਤੀ ਹੋ ਰਹੀ ਹੈ।

ਅਗਲੀ ਗੰਭੀਰ ਸਮੱਸਿਆ ਇਹ ਹੈ ਕਿ ਆਧੁਨਿਕ ਵਿਦਵਾਨਾਂ ਦੇ ਚਿੰਤਨ ਵਿਚ ਇਕ ਪਾਸੜ ਨਤੀਜੇ ਕੱਢਣ ਦੀ ਉਲਾਰੂ ਬਿਰਤੀ ਨੇ ਵੱਡੇ ਪ੍ਰਸ਼ਨ ਖੜ੍ਹੇ ਕਰ ਦਿੱਤੇ ਹਨ, ਜਿੰਨਾਂ ਨੇ ਸੰਵਾਦ ਦਾ ਰਸਤਾ ਬੰਦ ਕਰ 'ਵਾਦ' ਦਾ ਰਾਹ ਮੋਕਲਾ ਕਰ ਦਿੱਤਾ ਹੈ। ਨਤੀਜੇ ਵਜੋਂ ਆਪਣੀ ਸੋਚ ਨੂੰ ਠੀਕ ਸਿੱਧ ਕਰਨ ਲਈ ਨਵੀਂ ਕਿਸਮ ਦੀ ਕਤਾਰ-ਬੰਦੀ ਹੋਣੀ ਸ਼ੁਰੂ ਹੋ ਗਈ ਹੈ। ਹਾਲਾਂਕਿ ਕਤਾਰ-ਬੰਦੀ ਦਾ ਅਜਿਹਾ ਵਰਤਾਰਾ ਕੇਵਲ ਤੇ ਕੇਵਲ ਅਕਾਦਮਿਕ ਖੇਤਰ ਤੋਂ ਬਾਹਰਲੇ ਵਰਗਾਂ ਤਕ ਹੀ ਸੀਮਿਤ ਸਮਝਿਆ ਜਾਂਦਾ ਰਿਹਾ ਹੈ। ਨਤੀਜੇ ਵਜੋਂ ਸੁਜੱਗ ਅਕਾਦਮਿਕਤਾ ਦੀ ਸਥਾਪਨਾ ਦੀ ਥਾਂ ਨਾਂਹ-ਵਾਚੀ ਅਕਾਦਮਿਕਤਾ ਨੇ ਪੈਰ ਪਾਸਾਰ ਲਏ ਹਨ। ਸਮੱਸਿਆ ਦੇ ਜੰਗਲ ਪੈਦਾ ਹੋਣ ਲੱਗੇ ਹਨ, ਜਿਸ ਨੇ ਕੋਮਲ ਮਾਨਸਿਕਤਾ ਨੂੰ ਨਿਸ਼ਚੈ ਹੀ ਅਸੰਤੁਲਿਤ ਕਰਕੇ ਰੱਖ ਦਿੱਤਾ ਹੈ।

ਆਧੁਨਿਕ ਅਕਾਦਮਿਕਤਾ ਵਿਚ ਅਗਲਾ ਮਾੜਾ ਵਰਤਾਰਾ ਇਹ ਪੈਦਾ ਹੋਇਆ ਹੈ ਕਿ ਚਿੰਤਨ ਗੌਣ ਹੋ ਗਿਆ ਅਤੇ ਅੰਤਰ ਦ੍ਰਿਸ਼ਟੀਆਂ ਨੂੰ ਪ੍ਰਥਮ ਸਥਾਨ ਦਿੱਤਾ ਜਾਣ ਲਗ ਪਿਆ ਹੈ। ਇਸ ਸਮੁੱਚੇ ਵਰਤਾਰੇ ਦਾ ਸਭ ਤੋਂ ਉਦਾਸ ਕਰਨ ਵਾਲਾ ਪੱਖ ਇਹ ਹੈ ਕਿ ਇਸ ਵਿਚੋਂ ਚਿੰਤਕ ਨੂੰ ਲਗਭਗ ਮਨਫੀ ਹੀ ਕੀਤਾ ਜਾਣ ਲਗ ਪਿਆ ਹੈ। ਇਸ ਪਿਛੇ ਧਾਰਨਾ ਇਹ ਸਥਾਪਤ ਕੀਤੀ ਜਾਂਦੀ ਹੈ ਕਿ ਚਿੰਤਨ ਦੀ ਪੁਨਰ ਪੜ੍ਹਤ ਕਰਦਿਆਂ ਜੇਕਰ ਚਿੰਤਕ ਨੂੰ ਉਸ ਵਿਚੋਂ ਇਕ ਪਾਸੇ ਨਾ ਕੀਤਾ ਜਾਏ ਤਾਂ ਕਿਸੇ ਵੀ ਹਾਲਤ ਵਿੱਚ ਸਮਕਾਲ ਦੀ ਦਿਸ਼ਾ ਤੇ ਦਸ਼ਾ ਅਨੁਸਾਰ ਵਿਆਖਿਆ ਸਾਹਮਣੇ ਨਹੀਂ ਆ ਸਕਦੀ।

ਉਪਰੋਕਤ ਸਾਰੀ ਵਿਆਖਿਆ ਪਾਠਕ ਨੂੰ ਵਿਚਲਿਤ ਵੀ ਕਰ ਸਕਦੀ ਹੈ ਤੇ ਹੈਰਾਨ ਵੀ ਕਿ ਸੰਬੰਧਿਤ ਲਿਖਤ ਸੰਸਾਰ ਪ੍ਰਸਿੱਧ ਮਸ਼ਹੂਰ ਚਿੰਤਕ ਡਾ. ਗੁਰਭਗਤ ਸਿੰਘ ਨੂੰ ਸਮਰਪਿਤ ਕਰਕੇ ਲਿਖੀ ਜਾ ਰਹੀ ਹੈ ਪਰ ਉਨ੍ਹਾਂ ਦੇ ਨਿਜ, ਰਚਨਾ ਤੇ ਰਚਨਾਕਾਲ ਬਾਰੇ 'ਤੇ ਕੁਝ ਵੀ ਨਹੀਂ ਲਿਖਿਆ ਜਾ ਰਿਹਾ - ਇਥੇ ਮੈਂ ਇਹ ਸਪਸ਼ਟ ਕਰ ਦੇਵਾਂ ਕਿ ਡਾ. ਗੁਰਭਗਤ ਸਿੰਘ ਵਰਗੇ ਗੰਭੀਰ ਦਾਰਸ਼ਨਿਕ ਚਿੰਤਕ ਬਾਰੇ ਗੱਲ ਕਰਨਾ ਸਹਿਜ ਪ੍ਰਕਿਰਿਆ ਨਹੀਂ ਹੈ ਅਤੇ ਇਸ ਦੇ ਨਾਲ ਨਾਲ ਆਰੰਭ ਵਿੱਚ ਇਸ਼ਾਰੇ ਮਾਤਰ ਉਠਾਏ ਪ੍ਰਸ਼ਨਾਂ ਨੂੰ ਅਖੋਂ ਓਹਲੇ ਕਰਕੇ ਅਸੀਂ ਸੰਬੰਧਿਤ ਚਿੰਤਕ ਬਾਰੇ ਸਾਰਥਿਕ ਨਤੀਜੇ ਕੱਢ ਹੀ ਨਹੀਂ ਸਕਦੇ। ਉਠਾਏ ਗਏ ਪ੍ਰਸ਼ਨ ਅਸਲ ਵਿੱਚ ਡਾ. ਗੁਰਭਗਤ ਸਿੰਘ ਦੀ ਹਰ ਲਿਖਤ ਵਿੱਚ ਕਿਸੇ ਨਾ ਕਿਸੇ ਕਿਸੇ ਰੂਪ ਵਿੱਚ ਵਿਦਮਾਨ ਹਨ।

ਉਨ੍ਹਾਂ ਨੂੰ ਧਰਮ ਚਿੰਤਕਾਂ ਦੁਆਰਾ ਖੜ੍ਹੀ ਕੀਤੀ ਜਾ ਰਹੀਆਂ ਕਤਾਰ ਬੰਦੀਆਂ ਵਿੱਚ 'ਮੈਂ ਤੇ ਮੇਰਾ' 'ਤੇ ਫੋਕਸ ਹੋ ਰਿਹਾ ਚਿੰਤਨ ਵਿਚਲਿਤ ਕਰਦਾ ਸੀ ਤੇ ਉਹ ਜਾਣਦੇ ਸਨ ਕਿ ਜੇਕਰ ਅਜਿਹਾ ਵਰਤਾਰਾ ਹੀ ਜਾਰੀ ਰਿਹਾ ਤਾਂ ਅਜਿਹਾ ਚਿੰਤਨ ਜਟਿਲ ਸਮੱਸਿਆ ਪੈਦਾ ਕਰ ਸਦੈਵ-ਸਮਿਆਂ ਲਈ ਸੰਵਾਦ ਦਾ ਰਸਤਾ ਬੰਦ ਕਰ ਦੇਵੇਗਾ। ਜੋ ਸੰਸਾਰ ਦੀ ਅਕਾਦਮਿਕਤਾ ਲਈ ਬੇਹੱਦ ਮਾਰੂ ਸਿੱਧ ਹੋਵੇਗਾ ਕਿਉਂਕਿ ਜਦੋਂ ਜਦੋਂ ਤੇ ਜਿੱਥੇ ਜਿੱਥੇ ਵੀ ਚਿੰਤਨ ਸਟੇਟਮੈਂਟਲ ਪ੍ਰਬੰਧ ਵਿੱਚ ਤਬਦੀਲ ਹੋਇਆ ਅੰਡਰਸਟੈਂਡਿੰਗ ਦਾ ਰਾਹ ਬੰਦ ਹੋ ਗਿਆ। ਡਾਇਲਾਗ ਖਤਮ ਤੇ ਦੁਰਭਾਗੀ ਖੜੋਤ ਸਾਹਮਣੇ। ਡਾ. ਗੁਰਭਗਤ ਕਿਸੇ ਵੀ ਸਮਾਜ ਦੀ ਉਸਾਰੂ ਤਬਦੀਲੀ ਵਿੱਚ ਚਿੰਤਕ ਦੇ ਰੋਲ ਨੂੰ ਅੱਖੋਂ ਪਰੋਖੇ ਕਰਨ ਦੀ ਧਾਰਨਾ ਦੇ ਸਖਤ ਵਿਰੋਧੀ ਸਨ। ਇਸ ਲਈ ਉਹ ਪੱਛਮੀ ਵਿਦਵਾਨ ਫੂਕੋ, ਦੈਰੀਦਾ, ਲਟੇਕਾ ਅਤੇ ਮਾਰਕਸ ਦੀ ਗੱਲ ਕਰਦੇ ਹੋਏ ਪੂਰਨ ਸਿੰਘ ਤੇ ਭਾਈ ਵੀਰ ਸਿੰਘ ਵਰਗੇ ਚਿੰਤਕਾਂ ਦੇ ਚਿੰਤਨ ਦਾ ਗੰਭੀਰ ਮੰਥਨ ਕਰਨ ਦੀ ਸਲਾਹ ਵੀ ਦਿੰਦੇ ਸਨ।

ਪ੍ਰੋ. ਗੁਰਭਗਤ ਸਿੰਘ ਕੋਟਕਪੂਰੇ ਵਿੱਚ 1938 ਈਸਵੀ ਨੂੰ ਪੈਦਾ ਹੋਇਆ ਅਤੇ 25 ਮਾਰਚ 2014 ਨੂੰ ਪੰਜਾਬੀ ਯੂਨੀਵਰਸਿਟੀ ਦੀ ਕੰਧ ਨਾਲ ਜੁੜੇ ਅਰਬਨ ਅਸਟੇਟ ਵਿੱਚ ਆਪਣੇ ਘਰ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਮਿਲੇ। ਕਿਸੇ ਦੋਸਤ ਦੇ ਅਚਨਚੇਤ ਘਰ ਪਹੁੰਚਣ ਤੇ ਉਸਨੂੰ ਪਟਿਆਲੇ ਹਸਪਤਾਲ ਲਿਜਾਇਆ ਗਿਆ ਅਤੇ ਅਖੀਰ ਦਿੱਲੀ ਦੇ ਹਸਪਤਾਲ ਵਿੱਚ 4 ਅਪ੍ਰੈਲ ਨੂੰ ਅੰਤਮ ਸਵਾਸ ਲਏ। ਰਿਸ਼ੀਤਵ ਵਾਲਾ ਜੀਵਨ ਜਿਉਂ ਰਹੇ ਡਾ. ਗੁਰਭਗਤ ਸਿੰਘ ਇਸ ਤਰ੍ਹਾਂ ਤੁਰ ਜਾਵੇਗਾ ਇਹ ਸ਼ਾਇਦ ਕਿਸੇ ਨੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਸੀ। ਸਵੇਰੇ ਅੱਠ ਵਜੇ ਘਰੋਂ ਤਿਆਰ ਹੋ ਕੇ ਯੂਨੀਵਰਸਿਟੀ ਦੀ ਲਾਇਬ੍ਰੇਰੀ ਤਕ ਪੈਦਲ ਪਹੁੰਚਣਾ 'ਤੇ ਲਗਾਤਾਰ ਪੰਜ ਘੰਟੇ ਨਿਠਕੇ ਕੰਮ ਕਰਨਾ, ਉਨ੍ਹਾਂ ਦਾ ਇਹ ਮਰਯਾਦਾ ਬਧ ਜੀਵਨ ਅੱਜ ਦੇ ਵਿਦਵਾਨਾਂ ਵੱਲ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦਾ ਹੈ। ਦੇਹ ਤੇ ਰੁਤਬੇ ਦੇ ਲਾਲਚਾਂ ਤੋਂ ਕੋਹਾਂ ਦੂਰ ਡਾ. ਗੁਰਭਗਤ ਨੂੰ ਇਹ ਉਦਾਸੀ ਸੀ ਕਿ ਆਮ ਆਦਮੀ ਦੇ ਅਮਨ ਅਤੇ ਬਿਹਤਰੀ ਲਈ ਪੈਦਾ ਹੋਈ ਗਲੋਬਲੀਕਰਣ ਲਹਿਰ ਨੇ ਸੈਕੂਲਰ ਬੰਦੇ ਦੀ ਸਿਰਜਨਾ ਦੇ ਲਾਲਚ ਵਿੱਚ ਅਜਿਹਾ ਸਿਆਸੀ ਬੰਦਾ ਪੈਦਾ ਕਰ ਲਿਆ ਹੈ ਜਿਸ ਦੀ ਈਜਾਰੇਦਾਰੀ ਦੀ ਸਿਆਸਤ ਨੇ ਦੁਨੀਆਂ ਨੂੰ ਬੱਚੇ-ਖਾਣੀਆਂ ਪ੍ਰਾਪਤੀਆਂ ਵੱਲ ਮੋੜ ਦਿੱਤਾ ਹੈ। ਇਸ ਨੇ ਜਿਥੇ ਬੰਦੇ ਨੂੰ ਪਾਗਲ ਹੋ ਜਾਣ ਵਾਲੇ ਰਾਹ ਪਾ ਦਿੱਤਾ ਹੈ ਉਥੇ ਧਾਰਮਿਕ ਘਟ ਗਿਣਤੀ ਸਭਿਆਚਾਰਾਂ ਅਤੇ ਬੋਲੀਆਂ ਨੂੰ ਬਹੁ ਗਿਣਤੀ ਸਭਿਆਚਾਰਾਂ ਅਤੇ ਬੋਲੀਆਂ ਦੁਆਰਾ ਅਪਹਰਣ ਅਤੇ ਜ਼ਜ਼ਬ ਕਰ ਲੈਣ ਦੀਆਂ ਕੋਸ਼ਿਸ਼ਾਂ ਨਜ਼ਰ ਆ ਰਹੀਆਂ ਹਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਸੰਸਾਰ ਵਿੱਚ ਵਾਪਰ ਰਹੇ ਸਭਿਆਚਾਰਾਂ ਦੇ ਭੇੜ ਵਲ ਇਸ਼ਾਰਾ ਕਰਦਿਆਂ ਇਹ ਦਰਸਾਉਣ ਦਾ ਯਤਨ ਕੀਤਾ ਕਿ ਇਹ ਭੇੜ ਨਿਸ਼ਚੇ ਹੀ ਕਿਸੇ ਦੁਖਾਂਤਕ ਕੱਲ੍ਹ (ਚਵਚਗਕ) ਵਲ ਇਸ਼ਾਰਾ ਵੀ ਕਰ ਰਿਹਾ ਹੈ ਅਤੇ ਇਕ ਅਜਿਹੀ ਮਾਨਵ ਮਾਨਸਿਕਤਾ ਦੀ ਘਾੜਤ ਵੀ ਘੜੀ ਜਾ ਰਹੀ ਹੈ ਤੇ ਜਿਸ ਵਿੱਚ ਭਾਵਨਾਤਮਕ ਸਾਂਝ ਦੀ ਥਾਂ ਦਰਿੰਦਗੀ ਅਤੇ ਦਹਿਸ਼ਤ ਦਾ ਕਰੂਪ ਚਿਹਰਾ ਵੀ ਰੂਪਮਾਨ ਹੋ ਰਿਹਾ ਹੈ। ਉਨ੍ਹਾਂ ਦਾ ਦਾਅਵਾ ਸੀ ਅਜਿਹਾ ਵਰਤਾਰੇ ਨੇ ਮਨੁੱਖੀ ਵਜੂਦ ਨੂੰ ਸਮੁੱਚੇ ਰੂਪ ਵਿੱਚ ਪਸ਼ੂ ਬਿਰਤੀ ਦਾ ਧਾਰਨੀ ਬਣਾ ਸਕਦਾ ਹੈ। ਡਾ. ਗੁਰਭਗਤ ਸਿੰਘ ਦੀ ਇਹ ਧਾਰਨਾ ਸੀ ਕਿ ਅਜਿਹਾ ਚਿੰਤਨ ਸਾਹਮਣੇ ਆਉਣਾ ਚਾਹੀਦਾ ਹੈ ਜੋ ਸਭ ਤੋਂ ਪਹਿਲਾ ਇਨਸਾਨ ਨੂੰ ਇਨਸਾਨ ਹੋਣ ਵਾਲੇ ਪਾਸੇ ਤੋਰੇ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਅਜਿਹਾ ਦੂਜੇ ਦੇ ਦੂਜੇਪਨ ਨੂੰ ਨਾਲ ਲੈ ਕੇ ਹੀ ਤੁਰਿਆਂ ਸੰਭਵ ਹੋ ਸਕਦਾ ਹੈ। ਅਵਸਰਾਂ ਅਤੇ ਸਾਧਨਾਂ ਦੀ ਖੋਹਾ-ਖਿੰਝੀ ਦੀ ਥਾਂ ਜੇਕਰ ਵਿਸਮਾਦੀ ਨੈਤਿਕਤਾ ਨੂੰ ਨਾਲ ਲੈ ਕੇ ਤੁਰ ਪਈਏ ਤਾਂ ਮਾਨਵਤਾ ਦਾ ਉਸਾਰੂ ਵਰਤਮਾਨ ਉਸਾਰਿਆ ਜਾ ਸਕਦਾ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਕੇਂਦਰੀ ਭੂਮਿਕਾ ਨਿਭਾ ਸਕਦਾ ਹੈ ਬਸ਼ਰਤੇ ਕਿ ਧਾਰਮਿਕ ਤੰਗ ਦਿਲੀ ਤੋਂ ਉਪਰ ਉਠਕੇ ਇਸ ਦੇ ਅੰਤਰੀਵ ਭਾਵ ਦੀ ਗਹੁ ਨਾਲ ਨਜਰਸ਼ਾਨੀ ਕਰ ਲਈ ਜਾਵੇ। ਗੁਰੂ ਗ੍ਰੰਥ ਸਾਹਿਬ ਦੇ ਨੈਤਿਕ ਪ੍ਰਬੰਧ ਵਿਚੋਂ ਸੰਸਾਰ ਵਿੱਚ ਅਧਿਆਤਮਕ ਤੇ ਸਭਿਆਚਾਰਕ ਕ੍ਰਾਂਤੀ ਪੈਦਾ ਹੋ ਸਕਦੀ ਹੈ ਜਿਸ ਨਾਲ ਆਧੁਨਿਕ ਪੂੰਜੀਵਾਦੀ ਸਮਾਜ ਦੁਆਰਾ ਕੀਤੀ ਜਾ ਰਹੀ ਮਨੁੱਖ ਦੀ ਲੁੱਟ ਵਿਰੁੱਧ ਅਵਾਜ਼ ਵੀ ਬੁਲੰਦ ਹੋ ਸਕਦੀ ਹੈ ਤੇ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਵੀ ਸਿਰਜਿਆ ਜਾ ਸਕਦਾ ਹੈ।

ਸੰਸਾਰ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਭਾਵਨਾਵਾਂ ਨੂੰ ਪ੍ਰਗਟ ਕਰਦੇ ਲਿਖਦੇ ਹਨ ਕਿ ਸੰਵਾਦ ਦਾ ਸਿੱਖ ਸੰਕਲਪ ਸਿਧਾਂਤਕ (ਗੁਰੂ ਗ੍ਰੰਥ) ਅਤੇ ਅਮਲੀ (ਸੰਪਾਦਨ ਪ੍ਰਕਿਰਿਆ) ਪ੍ਰਕਾਸ਼ਨ ਵਿਚੋਂ ਬਿਨਾਂ ਕਿਸੇ ਉਚੇਚ ਤੋਂ ਸਹਿਜ ਸੁਭਾਏ ਹੀ ਪ੍ਰਗਟ ਹੁੰਦਾ ਨਜ਼ਰ ਆਉਂਦਾ ਹੈ। ਇਹ ਕਿੰਤੂ ਮੁਕਤ ਧਾਰਨਾ ਹੈ ਕਿ ਪੈਗੰਬਰੀ ਪ੍ਰਕਾਸ਼ਨ ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਨਾਲ ਹੀ ਅੰਤਰ-ਧਰਮ ਸੰਵਾਦ ਦਾ ਪ੍ਰਾਰੰਭ ਹੁੰਦਾ ਹੈ ਅਤੇ 'ਕਿਛੁ ਸੁਣੀਐ ਕਿਛੁ ਕਹੀਐ' ਰਾਹੀਂ ਇਸ ਦਾ ਧਰਾਤਲ ਸਥਾਪਤ ਹੁੰਦਾ ਹੈ। ਇਹ ਠੀਕ ਹੈ ਕਿ ਗੁਰਮਿਤ ਦੇ ਅਸੂਲਾਂ ਅਨੁਸਾਰ ਗੁਰੂ-ਖਾਲਸਾ ਪੰਥ ਦੀ ਨਿਆਰੀ ਪਹਿਚਾਣ ਹੈ ਪਰ ਇਹ ਪਹਿਚਾਣ ਪਹਿਲਾਂ ਸਥਾਪਤ ਦੂਜੇ ਧਰਮਾਂ ਦੀ ਤਰਾਂ ਇਕਰੂਪਤਾ ਵਾਲੀ ਨਹੀਂ ਹੈ ਸਗੋਂ ਬਹੁਵਾਦੀ ਹੈ, ਜੋ ਦੂਸਰੇ ਦੇ ਨਿਆਰੇਪਣ ਨੂੰ ਕੇਵਲ ਪ੍ਰਦਾਨ ਹੀ ਨਹੀਂ ਕਰਦੀ ਸਗੋਂ ਆਪਣੇਪਣ ਦੇ ਬਰਾਬਰ ਮਾਣ ਤੇ ਸਤਿਕਾਰ ਵੀ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਵਿਸਮਾਦੀ ਪ੍ਰਵਚਨ ਰੰਗਾਂ, ਨਸਲਾਂ ਤੇ ਹੋਰ ਧਾਰਮਿਕ, ਸਮਾਜਿਕ, ਭੂਗੋਲਿਕ ਹਦ-ਬੰਦੀਆਂ ਤੋਂ ਮੁਕਤ 'ਸਭਸੈ ਲਏ ਮਿਲਾਇ ਜੀਉ' ਦਾ ਸਭਿਆਚਾਰ ਸਿਰਜਦਾ ਹੈ ਜੋ ਅੰਤਰ ਧਰਮ ਗੋਸਟਿ ਦਾ ਮੂਲ ਸਿਧਾਂਤਕ ਪ੍ਰਵਾਨਤ ਆਧਾਰ ਹੈ। 'ਨਾ ਕੋ ਮੇਰਾ ਦੁਸ਼ਮਣ ਰਹਿਆ ਨ ਹਮ ਕਿਸ ਕੇ ਬੈਰਾਈ' ਨਾਲ ਇਸ ਦਾ ਅਮਲੀ ਆਧਾਰ ਸਥਾਪਤ ਕਰਦਾ ਹੈ। ਗੁਰਬਾਣੀ ਦਾ ਵਿਸਮਾਦੀ ਵਿਧਾਨ ਕੁਲ ਸੰਸਾਰੀ ਮਨੁੱਖਤਾ ਨੂੰ ਪੂਰਨ ਆਜ਼ਾਦੀ (ਬੋਲਣ ਅਤੇ ਰਹਿਣ) ਅਤੇ ਬਰਾਬਰੀ ਦੇ ਅਹਿਸਾਸ ਦਾ ਧਾਰਨੀ ਹੈ ਪਰਸਪਰ ਭਾਈਚਾਰਕ ਏਕਤਾ ਦੀ ਲੜੀ ਵਿੱਚ ਪਰੋਣ ਦਾ ਮਾਰਗ (ਸਿਧਾਂਤਕ ਤੇ ਅਮਲੀ) ਪ੍ਰਦਾਨ ਕਰਦਾ ਹੈ। ਧਾਰਮਿਕ, ਸਭਿਆਚਾਰਕ ਵੰਨ ਸਵੰਨਤਾ ਨੂੰ ਅਕਾਲ ਪੁਰਖੀ (ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ) ਦੇਣ ਸਮਝ ਕੇ ਮਨੁੱਖ ਨੂੰ ਸਰਬ ਸਮਿਆਂ ਲਈ ਸਮਰੱਥ ਬਣਨ ਵਲ ਚੇਤੰਨ ਹੀ ਨਹੀਂ ਕਰਦਾ ਸਗੋਂ ਉਸਨੂੰ ਮਾਣ, ਸਤਿਕਾਰ ਅਤੇ ਇਜ਼ਤ ਭਰਪੂਰ ਜ਼ਿੰਦਗੀ ਜਿਊਣ ਲਈ ਉਤਸ਼ਾਹਿਤ ਵੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਇਸ ਵਿਸਮਾਦੀ ਸਿਧਾਂਤ ਨਾਲ ਗੁਰਬਾਣੀ ਦੁਆਰਾ ਸਥਾਪਤ ਕੀਤੇ ਜਾ ਰਹੇ ਧਰਾਤਲ ਨੂੰ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ।

ਡਾ. ਗੁਰਭਗਤ ਸਿੰਘ ਦੀ ਇਕੋ ਇਕ ਮੁਹੱਬਤ, ਸਰਗਰਮ ਅਕਾਦਮਿਕ ਜ਼ਿੰਦਗੀ ਸੀ। ਇਹ ਮੁਹੱਬਤ ਉਨ੍ਹਾਂ ਨੇ ਤਾ-ਜ਼ਿੰਦਗੀ ਨਿਭਾਈ। ਅੰਗਰੇਜ਼ੀ ਅਤੇ ਪੰਜਾਬੀ ਵਿੱਚ ਖੂਬ ਲਿਖਿਆ। ਨਿਸ਼ਚੈ ਤੌਰ 'ਤੇ ਇਹ ਕੁਲ ਸੰਸਾਰ ਦੇ ਅਧਿਐਨ ਤੇ ਅਧਿਆਪਨ ਨਾਲ ਜੁੜੇ ਲੋਕਾਂ ਲਈ ਹਸਤਾਖ਼ਰ ਹੋਣਗੇ। ਕੁਲ ਸੰਸਾਰ ਦੀ ਮਨੁੱਖਤਾ ਦੀ ਆਜ਼ਾਦੀ, ਘਟ ਗਿਣਤੀ ਭਾਸ਼ਾਵਾਂ ਤੇ ਕੌਮਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਸਮਾਧਾਨ ਉਨ੍ਹਾਂ ਦੇ ਪਿਆਰੇ ਵਿਸ਼ੇ ਸਨ। ਉਨ੍ਹਾਂ ਨੇ ਰਿਸ਼ੀਤਵ ਵਾਲੀ ਜ਼ਿੰਦਗੀ ਜਿਊਂਈ। ਜ਼ਿੰਦਗੀ ਵਿਚ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਕਿਸੇ ਨੂੰ ਖਲਲ ਪਾਉਣ ਦੀ ਕਦੀ ਵੀ ਆਗਿਆ ਨਹੀਂ ਸੀ ਦਿੱਤੀ।

**ਮੁਖੀ ਤੇ ਪ੍ਰੋਫੈਸਰ**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,**
**ਪੰਜਾਬ ਯੂਨੀਵਰਸਿਟੀ, ਪਟਿਆਲਾ**

# Conversation with Arundhati Roy

Tarun Basu

Celebrated author Arundhati Roy's talk last evening at the St. Andrew's-Wesley United Church, hosted by Vancouver's Indian Summer Festival, drew mostly on stories and experiences from the place she calls home, India.

While India is seen as an emerging economic powerhouse, millions of people live on less than $2 a day, Roy said. Needless to say, within the free market structure, wealth has far from trickled down. It's a theme that pervades much of her work.

As we face an extreme resource rush here in Canada, from mining to pipelines to mega-dams, Roy's stories, which illuminate power dynamics between corporations and resistance movements, are a remarkable gift.

While she didn't read from her bestselling book The God of Small Things, she did excerpt her newest publication, Capitalism: A Ghost Story, as well as a number of other essays, to a crowd of 1,000 eager ears. She then spoke in conversation with The Tyee's David Beers and answered questions from the audience.

Here's a list of important takeaways.

1. When she nailed the problem with representative democracy. When Roy read from her essay, Listening to Grasshoppers, she said the problem with representative democracy is that there is "too much representation and not enough democracy." She talked about how corporations have created structures that increase their decision-making power, leaving the rest of us with hapless, unimportant choices like "Pepsi or Coke?"

Corporations now have power over the decisions that impacts us most, said Roy, such as whether or not an industrial project goes through. It's a reality that's powerfully true in India today.

2. When she challenged misconceptions about nonviolence.

Roy challenged those who criticize the use of military resistance, rather than nonviolence, in struggle with a sobering thought: When people are hungry, poor, and shot at by armed forces -- as thousands in India currently are -- what are they supposed to do? Are they going to go on a hunger strike?

We can draw parallels to this and the struggle of the Mi'kmaq at Elsipogtog. What are the people fighting there supposed to do when RCMP officers point rifles as they blockade to defend their land and waters?

3. When she told us the truth about Gandhi.

Roy also challenged the idealization of Gandhi. She explained that Gandhi actually fought alongside imperial leaders in certain wars, and that, while in prison, criticized Asian people, claiming that Indians needed a separate jail. It was rather heartbreaking to hear, but a good reality check about the mistakes he made and where he went wrong.

4. How she used 'ghosts' to reveal the costs of capitalism.

Perhaps the most harrowing part of Roy's talk was when she spoke about the "ghosts" of capitalism. The ghosts moving around us: lost lives, millions of people living in poverty, the corporate power that sucks our blood...

5. When she criticized 'Mining for Happiness.'

Roy described how the arts has become one of the insidious ways the free market system wins control. Since it's tough to find funding for shows and such, artists end up planning slightly more moderate events in order to secure corporate sponsors.

Reading from Capitalism: A Ghost Story, Roy elaborated how this has happened in the context of India: "Of late, the main mining conglomerates have embraced the arts -- film, art installations, and the rush of literary festivals that have replaced the 1990's obsession with beauty contests. Vedanta, currently mining the heart of our homelands of the ancient Dongria Kondh tribe for bauxite, is sponsoring a 'Creating Happiness' film competition for young film students, whom it has commissioned to make films on sustainable development. Vedanta's tagline is 'Mining Happiness.'"



6. When she told us not to call her an activist.

Roy doesn't call herself an activist, but a writer. Her writing is political, and she said she struggles to understand how one might write any other way. "Why wouldn't we write about the critical issues our society is facing?" she asked.

7. When she spoke out about dams.

Roy's work focuses on struggles in India, and for many years she was involved with opposition to the Narmada Dam. She ended her talk with a speech about dams and how they work as a symbol of the capitalist system. It reminded me of the consequences of dams in Canada, like the Cree who were displaced from Manitoba Hydro dams, as explained in Indigenous Rights are Not Human Rights.

8. How she used so few words to articulate complex issues.

Never before have I heard the challenge of our time articulated so clearly: "We have gone leaps and bounds in terms of human intelligence, but we have lost connection with our instincts and our survival."

Avon Accounting & Tax Services

Personal Tax Returns (T1)
Self Employed
Taxi Business
Corporate Tax Returns (T2)
GST / Payrolls / ROE
WCB Returns
Tax Planning & Advisory Services
Weekends/Evenings Services also available.
Tel: 403-561-9011
Tel: 403-479-4220
Pandher_2004@yahoo.com or singhh73@gmail.com

**ਵਿਸ਼ਵ ਰੰਗ ਮੰਚ ਦਿਹਾੜੇ ਨੂੰ ਸਮਰਪਤ**

# ਨਾਟਕ 'ਮਿਊਜ਼ਿਅਮ' ਅਤੇ 'ਦਵੰਦ' ਦਾ ਮੰਚਨ

**ਅਮੋਲਕ ਸਿੰਘ**

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਵਿਸ਼ਵ ਰੰਗ ਮੰਚ ਦਿਹਾੜੇ 'ਤੇ ਦੋ ਨਾਟਕ 'ਮਿਊਜ਼ੀਅਮ' ਅਤੇ 'ਦਵੰਦ' ਪੇਸ਼ ਕੀਤੇ ਗਏ।

ਯੁਵਾ ਥੀਏਟਰ ਵੱਲੋਂ ਪੇਸ਼ ਮਿਊਜ਼ੀਅਮ ਨਾਟਕ ਦੇ ਲੇਖਕ ਮੁੰਬਈ ਦੇ ਸੁਮੇਧ ਅਤੇ ਰਸਿਕਾ ਹਨ ਅਤੇ ਇਸਨੂੰ ਨਿਰਦੇਸ਼ਿਤ ਕੀਤਾ ਯੁਵਾ ਥੀਏਟਰ ਦੇ ਨਿਰਦੇਸ਼ਕ ਡਾ. ਅੰਕੁਰ ਸ਼ਰਮਾ ਨੇ। ਇਹ ਨਾਟਕ ਵਿਸ਼ੇਸ਼ ਤੌਰ 'ਤੇ ਇਕ ਰੰਗ-ਕਰਮੀ ਦੀ ਪ੍ਰਤੀਕਿਰਿਆ ਹੈ ਸਾਡੇ ਸਮਾਜ ਵਿੱਚ ਔਰਤਾਂ ਦੇ ਵਿਰੁੱਧ ਲਗਾਤਾਰ ਵਧਦੇ ਅਤਿਆਚਾਰ ਤੇ ਅਪਰਾਧ ਦੇ ਵਿਰੁੱਧ। ਇਸ ਵਿੱਚ ਤਿੰਨ ਔਰਤ ਅਭਿਨੇਤਰੀਆਂ 12 ਅਲੱਗ-ਅਲੱਗ ਇਸਤਰੀਆਂ ਨਾਂਲ ਦਰਸ਼ਕਾਂ ਨੂੰ ਜਾਣੂ ਕਰਵਾਉਂਦੀਆਂ ਹਨ। ਇਹ 12 ਇਸਤਰੀਆਂ ਸਮੇਂ ਸਮੇਂ ਲਿਖੇ ਗ੍ਰੰਥਾਂ ਦੀਆਂ ਨਾਇਕਾਵਾਂ ਤੋਂ ਲੈ ਕੇ ਵਰਤਮਾਨ ਸਮੇਂ ਵਿੱਚ ਸ਼ੋਸ਼ਣ ਅਤੇ ਹਿੰਸਾ ਦੀਆਂ ਸ਼ਿਕਾਰ ਇਸਤਰੀਆਂ ਹਨ। ਨਾਟਕ ਬਹੁਤ ਹੀ ਮਨੋਰੰਜਕ ਪਰ ਸਟੀਕ ਪੇਸ਼ਕਾਰੀ 'ਚ ਇਹ ਸੁਨੇਹਾ ਦੇਣ ਵਿੱਚ ਕਾਮਯਾਬ ਰਿਹਾ ਕਿ ਕਿਸ ਤਰ੍ਹਾਂ ਸਾਡੇ ਸਮਾਜਿਕ ਢਾਂਚੇ ਦੀ ਬਣਤਰ ਔਰਤ ਦੀ ਹੋਂਦ ਖੁਦਮੁਖ਼ਤਾਰੀ, ਸਵੈਮਾਣ ਨੂੰ ਹਮੇਸ਼ਾਂ ਦਬਾਕੇ ਰੱਖਦੀ ਹੈ। ਨਾਲ ਹੀ ਨਾਲ ਨਾਟਕ ਕਰਾਰੀ ਚੋਟ ਕਰਦਾ ਹੈ ਕਿ ਅਜੋਕੇ ਸਮਾਜਕ ਪ੍ਰਬੰਧ ਅੰਦਰ ਔਰਤ ਨੂੰ ਇੱਕ ਬਾਜ਼ਾਰ ਦੀ ਵਸਤੂ ਬਣਾ ਧਰਿਆ ਹੈ। ਚਰਮਸੀਮਾ 'ਤੇ ਪਹੁੰਚਕੇ ਨਾਟਕ ਸੁਨੇਹਾ ਦਿੰਦਾ ਹੈ ਕਿ: 'ਬਸ ਹੁਣ ਹੋਰ ਨਹੀਂ', 'ਔਰਤ ਕੋਈ ਮਿਊਜ਼ੀਅਮ 'ਚ ਰੱਖੀ ਜਾਣ ਵਾਲੀ ਵਸਤੂ ਨਹੀਂ।' ਨਾਟਕ ਸੂਖ਼ਮਤਾ ਭਰੇ ਕਲਾਤਮਕ ਅੰਦਾਜ਼ 'ਚ ਔਰਤਾਂ ਉਪਰ ਢਾਹੀ ਜਾ ਰਹੀ ਬਹੁ-ਵੰਨਗੀ ਹਿੰਸਾ, ਆਰਥਕ, ਸਮਾਜਕ, ਮਾਨਸਿਕ ਲੁੱਟ-ਖਸੁੱਟ ਦੇ ਅਸਲ ਕਾਰਨਾਂ ਤੋਂ ਸੂਖ਼ਮ ਅਤੇ ਕਲਾਤਮਈ ਅੰਦਾਜ਼ 'ਚ ਪਰਦਾ ਚੁੱਕਦਾ ਹੈ। ਨਾਟਕ ਵਿਚ ਖ਼ੂਬਸੂਰਤ ਅਦਾਕਾਰੀ ਨਿਭਾਈ ਅੰਜਲੀ ਮਿਸ਼ਰਾ, ਮਨਦੀਪ ਕੌਰ, ਹਿਨਾ ਸ਼ਰਮਾ, ਹਰੀਸ਼ ਡੋਗਰਾ ਅਤੇ ਅੰਕੁਰ ਸ਼ਰਮਾ ਨੇ। ਸਮੂਹ-ਗਾਇਨ ਅਤੇ ਸੰਗੀਤ ਵਿੱਚ ਇਨ੍ਹਾਂ ਦਾ ਸਾਥ ਦਿੱਤਾ ਅੰਕੁਰ ਸ਼ਰਮਾ, ਹਰੀਸ਼ ਡੋਗਰਾ, ਵਿਸ਼ੇਸ਼ ਅਰੋੜਾ, ਵਿਕਾਸ ਸਭਰਵਾਲ, ਮਨਪ੍ਰੀਤ, ਧਰੁਵ ਅਤੇ ਕਰਨ ਬਿਸ਼ਤ ਨੇ। ਰੌਸ਼ਨੀ ਦੇ ਬਾਖ਼ੂਬ ਪ੍ਰਭਾਵ ਸਿਰਜੇ ਹਰਜੀਤ ਸਿੰਘ ਨੇ।



ਨੀਰਜ ਕੌਸ਼ਿਕ ਦੀ ਕਲਮ ਤੋਂ ਲਿਖੇ ਅਤੇ ਨਿਰਦੇਸ਼ਤ ਕੀਤੇ ਨਾਟਕ 'ਦਵੰਦ' ਨੇ ਪੀੜ੍ਹੀ-ਪਾੜੇ ਦੀਆਂ ਅੰਤਰ-ਵਿਰੋਧਤਾਈਆਂ ਨੂੰ ਬਾਖ਼ੂਬੀ ਬਿਆਨ ਕੀਤਾ। ਪਰਿਵਾਰਕ ਉਲਝਣਾਂ, ਟਕਰਾਵਾਂ, ਸੰਕਿਆਂ, ਮਾਨਸਿਕ-ਤਣਾਵਾਂ ਦੀ ਤਸਵੀਰ ਪੇਸ਼ ਕਰਦਾ ਨਾਟਕ 'ਦਵੰਦ' ਇਹ ਦਰਸਾਉਂਦਾ ਹੈ ਕਿ 'ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ'।

ਪੀੜ੍ਹੀਆਂ ਦਰਮਿਆਨ ਸੰਵਾਦ ਸਿਰਜਦਾ 'ਦਵੰਦ' ਇਹ ਦਰਸਾਉਂਦਾ ਹੈ ਕਿ ਹਕੀਕਤਾਂ ਦੀ ਤਲਾਸ਼ ਵਿੱਚ ਸਫ਼ਰ 'ਤੇ ਰਹਿਣ ਅਤੇ ਸਵੈ-ਮੰਥਨ ਦੀ ਵਿਧੀ ਹੀ ਜ਼ਿੰਦਗੀ ਦੀਆਂ ਹਕੀਕੀ ਰਾਹਾਂ ਵੱਲ ਤੋਰ ਸਕਦੀ ਹੈ। ਇਸ ਮੌਕੇ ਦੱਖਣੀ ਅਫ਼ਰੀਕਾ ਦੇ ਉੱਘੇ ਨਾਟਕਕਾਰ ਬ੍ਰੈਟ ਬੈਲੀ ਦਾ ਰੰਗ ਮੰਚ ਦਿਹਾੜੇ 'ਤੇ ਸੰਦੇਸ਼ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪੜ੍ਹਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੰਚ ਸੰਚਾਲਨ ਕਰਦੇ ਹੋਏ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਤੇ ਕਲਾਕਾਰਾਂ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਯਾਦਗਾਰ ਹਾਲ ਅੰਦਰ ਬੇਹਤਰੀਨ ਨਾਟਕਾਂ ਦੇ ਮੰਚਣ ਲਈ ਹੋਰ ਵੀ ਵਿਸ਼ੇਸ਼ ਉੱਦਮ ਜੁਟਾਏ ਜਾਣਗੇ।

ਨਾਟਕ ਮੰਚਣ 'ਚ ਪੀਪਲਜ਼ ਵਾਇਸ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਰਾਜਨੀਤੀ ਦੇ ਪ੍ਰਸੰਗ 'ਚ ਨਾਟਕੀ ਪੇਸ਼ਕਾਰੀ





**ਬਲਜਿੰਦਰ ਸੰਘਾ**

ਨਾਟਕ ਇਕ ਸੁਪਨੇ ਦਾ ਪੁਲਿਟੀਕਲ ਮਰਡਰ ਦੀ ਕੈਲਗਰੀ ਵਿਚ ਸਫਲ ਪੇਸ਼ਕਾਰੀ ਸ਼ਹਿਰ ਦੇ ਡਾਊਨ ਟਾਉਨ ਸਥਿਤ ਪਬਲਿਕ ਲਾਇਬ੍ਰੇਰੀ ਦੇ ਜੋਹਨ ਡਟਨ ਥੀਏਟਰ ਵਿਚ ਹੋਈ। ਸ਼ੁਰੂ ਵਿਚ ਨਾਟਕ ਦੇ ਮੁੱਖ ਪ੍ਰਬੰਧਕ ਡੈਨ ਸਿੱਧੂ ਵੱਲੋਂ ਜਿੱਥੇ ਠੰਡੇ ਮੌਸਮ ਦੇ ਬਾਵਜੂਦ ਪਹੁੰਚੇ ਦਰਸ਼ਕਾਂ ਨੂੰ ਜੀ ਆਇਆ ਕਿਹਾ ਗਿਆ ਉੱਥੇ ਹੀ ਮਾਸਟਰ ਭਜਨ ਸਿੰਘ ਗਿੱਲ ਅਤੇ ਰਿਸ਼ੀ ਨਾਗਰ ਵੱਲੋਂ ਦਰਸ਼ਕਾਂ ਨਾਲ ਦੇਸ਼ ਲਈ ਆਪਾ ਕੁਰਬਾਨ ਕਰਨ ਵਾਲੇ ਯੋਧਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਰਿਸ਼ੀ ਨਾਗਰ ਨੇ ਬੜੇ ਰੋਚਕ ਪਰ ਸੰਜੀਦਾ ਢੰਗ ਨਾਲ 23 ਮਾਰਚ ਦੇ ਸ਼ਹੀਦਾਂ ਦੀ ਗੱਲ ਕਰਦੇ ਹੋਏ ਸ਼ਹੀਦ ਰਾਜਗੁਰੂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਕੈਲਗਰੀ ਦੇ ਗਾਇਕ ਦਲਜੀਤ ਸੰਧੂ ਨੇ ਆਪਣੀ ਸੁਰੀਲੀ ਅਵਾਜ ਵਿਚ ਭਗਤ ਸਿੰਘ ਬਾਰੇ ਆਪਣੇ ਲਿਖੇ ਗੀਤ ਨਾਲ ਹਾਜ਼ਰੀ ਲਵਾਈ। ਬਲਜਿੰਦਰ ਲੇਲ੍ਹਣਾ ਵੱਲੋਂ ਨਾਟਕ ਦੇ ਬਾਰੇ ਅਤੇ ਨਾਟਕ ਦੀ ਟੀਮ ਬਾਰੇ ਕੁਝ ਸ਼ਬਦ ਆਖੇ ਗਏ ਤੇ ਫੇਰ ਸ਼ੁਰੂ ਹੋਇਆ ਪੰਜਾਬੀ ਆਰਟ ਅਸੋਸਿਏਸ਼ਨ ਕੈਲਗਰੀ ਦੀ ਪੇਸ਼ਕਸ਼ ਅਤੇ ਪੰਜਾਬੀ ਆਰਟ ਅਸੋਸਿਏਸ਼ਨ ਟੰਰਾਂਟੋ ਦੀ ਟੀਮ ਵੱਲੋਂ ਤਿਆਰ ਕੀਤਾ ਨਾਟਕ ਇਕ ਸੁਪਨੇ ਦਾ ਪੁਲਿਟੀਕਲ ਮਰਡਰ ਜਿਸਦੇ ਲੇਖਕ ਹਨ ਪਾਲੀ ਭੁਪਿੰਦਰ ਸਿੰਘ ਅਤੇ ਨਿਰਦੇਸ਼ਨ ਸੀ ਬਲਜਿੰਦਰ ਲੇਲ੍ਹਣਾ ਦਾ। ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਗਦਰੀ ਯੋਧਿਆ ਨੂੰ ਸਮਰਪਤ ਇਹ ਨਾਟਕ ਭਾਰਤ ਦੀ ਅੰਗਰੇਜਾਂ ਤੋਂ ਅਜਾਤੋਂ ਬਾਅਦ ਦੀ ਤਸਵੀਰ ਇਕ ਸਧਾਰਨ ਪਾਤਰ ਰਾਹੀ ਪੇਸ਼ ਕਰਦਾ ਹੋਇਆ ਅੱਗੇ ਵੱਧਦਾ ਹੈ। ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਸੀ, ਨਕਸਲੀ ਲਹਿਰ, ਖਾਲਸਤਾਨੀ ਲਹਿਰ, ਜਾਤ-ਪਾਤ, ਧਰਮ ਵਿਚ ਰਾਜਨੀਤੀ ਦਾ ਦਖਲ ਆਦਿ ਦੀ ਗੱਲ ਕਰਦਾ ਹੋਇਆ ਨਾਟਕ ਬਹੁਤ ਹੀ ਘੱਟ ਸਮੇਂ ਵਿਚ ਬਹੁਤ ਸਾਰੀਆਂ ਗੱਲਾਂ ਕਰਦਾ ਹੈ ਜੋ ਸਵਾਲ ਬਣਕੇ ਹਰ ਦਰਸ਼ਕ ਦੇ ਸਾਹਮਣੇ ਖੜ੍ਹਦੀਆਂ ਹਨ। ਚਲਾਕ ਰਾਜਨੀਤਕ ਲੋਕ ਕਿਵੇਂ ਜਾਤ-ਪਾਤ ਧਰਮ ਦੇ ਮਸਲੇ ਆਪਣੇ ਨਿੱਜੀ ਹਿੱਤ ਲਈ ਖੜ੍ਹੇ ਕਰਦੇ ਹਨ। ਵਧੀਆਂ ਲਾਈਟਿੰਗ, ਸਾਊਡ ਸਿਰਸਟਮ, ਸੰਗੀਤ ਅਤੇ ਪਾਤਰਾਂ ਦੀ ਪ੍ਰਭਾਵਸ਼ਾਲੀ ਕਾਰਗੁਜਰੀ ਹੋਣ ਕਾਰਨ ਦਰਸ਼ਕਾ ਨੇ ਜਿੱਥੇ ਨਾਟਕ ਦਾ ਅਨੰਦ ਮਾਣਿਆ ਉੱਥੇ ਹਰ ਦਿਲ-ਦਿਮਾਗ ਵਿਚ ਗਿਆਨ ਦੀ ਅਜਿਹੀ ਚਿਣਗ ਵੀ ਮਘੀ ਜੋ ਧਰਮਾ, ਜਾਤਾਂ-ਪਾਤਾਂ ਤੋਂ ਉੱਪਰ ਉੱਠਕੇ ਮਨੁੱਖਤਾ ਦੀ ਗੱਲ ਕਰਦੀ ਹੈ। ਮੌਸਮ ਵਿਚ ਥੋੜੇ ਦਿਨਾਂ ਦੀ ਗਰਮੀ ਤੋਂ ਬਾਅਦ ਆਈ ਅਚਾਨਕ ਗਿਰਾਵਟ ਅਤੇ ਠੰਡ ਦੇ ਬਾਵਜੂਦ ਪਰਿਵਾਰਾਂ ਨੇ ਆਪਣੇ ਨਿੱਜੀ ਕੰਮਕਾਰ ਛੱਡਕੇ ਇਸ ਨਾਟਕ ਦੇ ਅਸਲ ਉਦੇਸ਼ ਨੂੰ ਪਿੰਨ ਡਰਾਪਸ ਸਾਈਲੈਂਸ ਦੇ ਮਹੌਲ ਵਿਚ ਮਾਣਿਆ ਤੇ ਮਹਿਸੂਸ ਕੀਤਾ। ਮਾਸਟਰ ਭਜਨ ਸਿੰਘ ਗਿੱਲ ਵੱਲੋ ਤਰਕਸ਼ੀਲ ਅਤੇ ਅਗਾਂਹ-ਵਧੂ ਸਾਹਿਤਕ ਕਿਤਾਬਾਂ ਦਾ ਸਟਾਲ ਲਗਾਇਆ ਗਿਆ।



# ਕਨਵੈਨਸ਼ਨ ਨੂੰ ਭਰਪੂਰ ਹੁੰਗਾਰਾ



**ਪ੍ਰਤੀਕ ਸਿੰਘ**

ਇੱਥੇ ਆਮ ਆਦਮੀ ਪਾਰਟੀ 'ਆਪ' ਦੀ ਹਮਾਇਤ ਵਿੱਚ ਹੋਈ। ਕਨਵੈਨਸ਼ਨ ਦੌਰਾਨ ਵੱਡੀ ਤਾਦਾਦ ਵਿੱਚ ਲੋਕਾਂ ਨੇ ਭਾਰਤ ਦੀ ਗੰਧਲੀ ਸਿਆਸਤ ਨੂੰ ਕੋਸਿਆ ਅਤੇ ਇੱਕ ਨਵੀਂ ਕ੍ਰਾਂਤੀ ਲਿਆਉਣ ਦਾ ਅਹਿਦ ਲਿਆ। ਖਚਾਖਚ ਭਰੇ ਚਾਂਦਨੀ ਬੈਂਕੁਇਟ ਹਾਲ ਵਿੱਚ ਇਲਾਕੇ ਦੇ ਬੁੱਧੀਜੀਵੀ, ਸਮਾਜਸੇਵੀ, ਸਾਹਿਤਕਾਰ ਅਤੇ ਅਗਾਂਹਵਧੂ ਸੰਸਥਾਵਾਂ ਦੇ ਕਾਰਕੁਨ ਸ਼ਾਮਲ ਹੋਏ। ਬੁਲਾਰਿਆਂ ਨੇ ਸਮੁੱਚੇ ਤੌਰ 'ਤੇ ਆਵਾਜ਼ ਉਠਾਈ ਕਿ ਢਾਂਚਾ ਸੁਧਾਰੇ ਬਿਨਾਂ ਭਾਰਤ ਦਾ ਭਲਾ ਨਹੀਂ ਹੋ ਸਕਦਾ। ਇਹ ਕਨਵੈਨਸ਼ਨ 'ਆਪ' ਦੇ ਵਾਲੰਟੀਅਰ ਗਰੁੱਪ ਵੱਲੋਂ ਸੱਦੀ ਗਈ ਜਿਸ ਦਾ ਗਠਨ ਪਿਛਲੇ ਸਾਲ ਕੀਤਾ ਗਿਆ ਸੀ। ਗਰੁੱਪ ਦੇ ਕਾਰਕੁੰਨ ਸੁਦੀਪ ਸਿੰਗਲਾ ਨੇ ਦੱਸਿਆ ਕਿ ਅਜਿਹੇ ਜਨਤਕ ਇਕੱਠ ਵੈਨਕੂਵਰ ਅਤੇ ਕੈਲਗਰੀ ਵਿੱਚ ਵੀ ਕੀਤੇ ਗਏ ਅਤੇ ਲੋਕ ਆਪਣੀ ਮਾਂ ਭੂਮੀ ਦੀ ਬਿਹਤਰੀ ਲਈ ਦਿਲੋਂ ਉਨ੍ਹਾਂ ਨਾਲ ਜੁੜ ਰਹੇ ਹਨ।

ਗਰੁੱਪ ਦੇ ਫਾਊਂਡਰ ਸੁਮੇਸ਼ ਹਾਂਡਾ ਮੁਤਾਬਕ ਵਿਦੇਸ਼ੀਂ ਬੈਠੇ ਭਾਰਤੀ ਤਨ ਮਨ ਧਨ ਨਾਲ ਆਪ ਦੀ ਮਦਦ ਕਰ ਸਕਦੇ ਹਨ। ਦੱਸਿਆ ਗਿਆ ਕਿ ਕੈਨੇਡਾ 'ਚ ਵਸਦੇ ਭਾਰਤੀ ਪਾਸਪੋਰਟ ਧਾਰਕ ਹੀ ਪਾਰਟੀ ਨੂੰ ਫੰਡ ਦੇ ਸਕਦੇ ਹਨ। ਹੁਣ ਤੱਕ 20 ਲੱਖ ਰੁਪਏ 'ਫੰਡ' ਇਕੱਤਰ ਹੋ ਚੁੱਕਾ ਹੈ। ਲੋਕਾਂ ਨੇ ਹਜ਼ਾਰਾਂ ਡਾਲਰ 'ਫੰਡ' ਲਈ ਦਿੱਤੇ। ਇਸ ਤੋਂ ਇਲਾਵਾ 'ਫੋਨ-ਮੁਹਿੰਮ' ਦੀ ਜ਼ਰੂਰਤ ਬਾਰੇ ਵੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਕੈਨੇਡਾ ਵਿਚ ਬੈਠੇ 11 ਲੱਖ ਭਾਰਤੀ ਆਪਣੇ ਭਾਰਤ ਵਸਦੇ ਰਿਸ਼ਤੇਦਾਰਾਂ ਜਾਣਕਾਰਾਂ ਨੂੰ ਫੋਨ ਦੇ ਜ਼ਰੀਏ ਆਪ ਨਾਲ ਜੁੜਨ ਲਈ ਕਹਿ ਕੇ ਵੀ ਵੱਡਾ ਯੋਗਦਾਨ ਪਾ ਸਕਦੇ ਹਨ। ਦੱਸਿਆ ਗਿਆ ਕਿ ਦਿੱਲੀ ਚੋਣਾਂ ਮੌਕੇ ਇਸ ਗਰੁੱਪ ਵੱਲੋਂ ਦੋ ਲੱਖ ਫੋਨ ਕੀਤੇ ਗਏ। ਬੁਲਾਰਿਆਂ ਵਿੱਚ ਸ਼ਹੀਦ ਭਗਤ ਸਿੰਘ ਦੇ ਰਿਸ਼ਤੇਦਾਰਾਂ ਨੇ ਵੀ ਲੋਕਾਂ ਨੂੰ ਅਰਵਿੰਦ ਕੇਜਰੀਵਾਲ ਦੇ ਹੱਥ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਡਾ: ਭਾਨ ਗਰਗ ਨੇ ਆਪਣੀ ਭਾਵਪੂਰਤ ਤਕਰੀਰ ਵਿੱਚ ਆਖਿਆ ਕਿ ਕੇਜਰੀਵਾਲ ਵਿਅਕਤੀ ਨਹੀਂ ਸਗੋਂ ਸੁਪਨਾ ਅਤੇ ਸੋਚ ਹੈ। ਸਿਰਫ ਉਸ ਦੀ 'ਸੁਨਾਮੀ' ਹੀ ਮੋਦੀ ਦੀ ਲਹਿਰ ਨੂੰ ਤਹਿਸ ਨਹਿਸ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸਿਆਸੀ ਬਦਲਾਅ ਲਈ ਝਾੜੂ ਕਿਸੇ ਹਥਿਆਰ ਤੋਂ ਵੱਧ ਸ਼ਕਤੀਸ਼ਾਲੀ ਹੈ। ਲਿਬਰਲ ਪਾਰਟੀ ਦੇ ਹਲਕਾ ਪ੍ਰਧਾਨ ਰਾਜ ਝੱਜ ਮੁਤਾਬਕ ਲੋਕ ਹੁਣ ਦੂਜੀਆਂ ਸਿਆਸੀ ਪਾਰਟੀਆਂ ਤੋਂ ਨਿਜ਼ਾਤ ਚਾਹੁੰਦੇ ਹਨ ਅਤੇ ਪਰਵਾਸੀ ਲੋਕ ਵਾਕਈ ਆਪਣੇ ਮੁਲਕ ਲਈ ਚਿੰਤਤ ਹਨ। ਕਨਵੈਨਸ਼ਨ ਵਿੱਚ ਆਵਾਜ਼ ਉੱਠੀ ਕਿ ਆਜ਼ਾਦੀ ਦੀ ਜੰਗ ਤੋਂ ਬਾਅਦ ਇਹ 'ਕ੍ਰਾਂਤੀ' ਦੀ ਦੂਜੀ ਜੰਗ ਹੈ ਜਿਸ ਵਿੱਚ ਹਿੱਸਾ ਪਾਉਣਾ ਹਰ ਭਾਰਤੀ ਦਾ ਨੈਤਿਕ ਫਰਜ਼ ਬਣਦਾ ਹੈ।


## ਸੰਪਾਦਕ ਮੰਡਲ (ਆਨਰੇਰੀ)

| | |
|---|---|
| ਮਾ. ਭਜਨ ਗਿੱਲ ਕੈਲਗਰੀ, ਅਲਬਰਟਾ | ਸੁਖਦੇਵ ਸਿੰਘ ਸੰਧੂ |
| 403-455-4220 | ਮਾਸਟਰ ਬਲਬੀਰ ਸਿੰਘ ਗਿੱਲ |
| ਹਰਬੰਸ ਸਿੰਘ | ਅਵਤਾਰ ਸਿੱਧੂ, ਵਿੰਨੀਪੈਗ ਮਾਨੀਟੋਬਾ |
| 416-817-7142 | 204-981-3375 |
| ਦਵਿੰਦਰ ਤੂਰ | ਬਲਜਿੰਦਰ ਸਿੰਘ |
| 416-902-9372 | ਗ੍ਰਾਫਿਕਸ ਡਿਜ਼ਾਇਨਰ |
| ਸੁਖਵਿੰਦਰ ਸਿੰਘ ਢਿੱਲੋਂ | ਬੀ. ਸਿੰਘ |
| ਜਸਪ੍ਰੀਤ ਧਾਲੀਵਾਲ | akashdeep.1064@gmail.com |









